ਫਾਊਂਡਰ ਸਵ. ਸ. ਅਮਰ ਸਿੰਘ ਦੁਸਾਂਝ
ਫਾਊਂਡਰ ਐਡੀਟਰ ਸਵ.ਗਿਆਨੀ ਸ਼ਾਦੀ ਸਿੰਘ
ਫਾਊਂਡਰ ਚੇਅਰਮੈਨ ਸਵ. ਸ. ਰਾਮ ਸਿੰਘ ਰਈਸ

ਮੁੱਖ ਸੰਪਾਦਕ:
ਬੀਰ ਪਾਲ ਸਿੰਘ

ਪੋਸਟਲ ਰਜਿ: ਨੰ: PB/JL-124/2024-26
RNI Regd No. 23/1979

ਪੰਜਾਬੀਆਂ ਦਾ ਤਰਜਮਾਨ

ਅਕਾਲੀ ਪੱਤ੍ਰਕਾ

ਸਥਾਪਿਤ 1920

Akali Patrika, Jalandhar

ਜਲੰਧਰ

ਅੱਜ ਦਾ ਵਿਚਾਰ

ਰਹਿਣ ਦੀਆਂ ਵਧੀਆ ਥਾਵਾਂ ਵਿਚੋਂ ਇੱਕ ਜਗ੍ਹਾ ਆਪਣੀ ਔਕਾਦ ਦੀ ਵੀ ਹੈ।

www.akalipatrika.in | www.facebook.com/akalipatrika1920 | E-mail: akalipatrika@gmail.com

ਜਲੰਧਰ, ਸੋਮਵਾਰ, 22 ਜਨਵਰੀ 2024, (ਨਾਨਕਸ਼ਾਹੀ ਸੰਮਤ 9 ਮਾਘ 555), ਮੁੱਲ-2.00 ਰੁਪਏ, ਅੰਕ-280 ਪੰਨੇ-8 ਫ਼ੋਨ (ਦਫਤਰ) 0181- 5008586, 4626580, 5085694, Fax: 2284694

ਰਾਮ ਮੰਦਿਰ ਦਾ ਉਦਘਾਟਨ ਅੱਜ



ਨਰਿੰਦਰ ਮੋਦੀ ਨਿਭਾਉਣਗੇ ਉਦਘਾਟਨ ਦੀ ਰਸਮ

ਸੁਰੱਖਿਆ ਦੇ ਕੀਤੇ ਗਏ ਕਰੜੇ ਪ੍ਰਬੰਧ

ਅਯੁੱਧਿਆ, 21 ਜਨਵਰੀ (ਯੂ. ਐਨ. ਆਈ.)-ਅਯੁੱਧਿਆ ਵਿੱਚ ਅੱਜ ਰਾਮ ਮੰਦਿਰ ਦਾ ਉਦਘਾਟਨ ਕੀਤਾ ਜਾਵੇਗਾ ਜਿਸ ਦੀ ਰਸਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਿਭਾਉਣਗੇ। ਇਸ ਸਬੰਧ ਵਿੱਚ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਗਏ ਹਨ। ਇਸ ਨਾਲ ਸਬੰਧਤ ਖ਼ਬਰ ਇਸ ਤਰ੍ਹਾਂ ਹੈ। ਰਾਮ ਮੰਦਰ ਦੀ ਪਵਿੱਤਰਤਾ ਲਈ ਸਿਰਫ਼ ਇੱਕ ਦਿਨ ਬਾਕੀ ਹੈ। ਅਜਿਹੇ 'ਚ ਪੂਰੇ ਅਯੁੱਧਿਆ 'ਚ ਸੁਰੱਖਿਆ ਦੇ ਸਖਤ ਇੰਤਜ਼ਾਮ ਹਨ। ਇਸ ਦੌਰਾਨ ਸਾਈਬਰ ਅਟੈਕ ਅਲਰਟ ਜਾਰੀ ਕੀਤਾ ਗਿਆ ਹੈ। ਇਸ ਗੱਲ ਦਾ ਖਦਸ਼ਾ ਹੈ ਕਿ ਪ੍ਰਾਣ ਪ੍ਰਤੀਸਥਾ ਦੇ ਲਾਈਵ ਟੈਲੀਕਾਸਟ 'ਤੇ ਸਾਈਬਰ ਹਮਲਾ ਹੋ ਸਕਦਾ ਹੈ। ਇਸ ਇਨਪੁਟ ਤੋਂ ਬਾਅਦ ਯੂਪੀ ਸਰਕਾਰ ਚੌਕਸ ਹੋ ਗਈ। ਯੂਪੀ ਦੇ ਮੁੱਖ ਸਕੱਤਰ ਨੇ ਸਰਕਾਰੀ ਵੈੱਬਸਾਈਟਾਂ ਅਤੇ ਵੈਬ ਪੋਰਟਲਾਂ ਦੀ ਸਾਈਬਰ ਸੁਰੱਖਿਆ ਨੂੰ ਲੈ ਕੇ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਤੁਹਾਨੂੰ ਦੱਸ ਦੇਈਏ ਕਿ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੰਦੇ ਹੋਏ ਮੁੱਖ ਸਕੱਤਰ ਦੁਰਗਾ ਸ਼ੰਕਰ ਮਿਸ਼ਰਾ ਨੇ ਕਿਹਾ ਕਿ ਅਗਲੇ ਤਿੰਨ ਦਿਨਾਂ ਤੱਕ ਵੈੱਬਸਾਈਟ 'ਤੇ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਕੋਈ ਅਪਡੇਟ ਨਹੀਂ ਕੀਤੀ ਜਾਵੇਗੀ। ਮੁੱਖ ਸਕੱਤਰ ਨੇ ਵਧੀਕ ਮੁੱਖ ਸਕੱਤਰਾਂ, ਪ੍ਰਮੁੱਖ ਸਕੱਤਰਾਂ ਅਤੇ ਸਕੱਤਰਾਂ ਨੂੰ ਸਾਈਬਰ ਹਮਲਿਆਂ ਪ੍ਰਤੀ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਇੰਡੀਅਨ ਐਕਸਪ੍ਰੈਸ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਪਵਿੱਤਰ ਸਮਾਰੋਹ ਵਿੱਚ ਸਾਈਬਰ ਹਮਲੇ ਦਾ ਖਤਰਾ ਹੈ। ਲਾਈਵ ਪ੍ਰਸਾਰਣ 'ਤੇ ਸਾਈਬਰ ਹਮਲੇ ਦੇ ਖ਼ਤਰੇ ਬਾਰੇ ਚੇਤਾਵਨੀ ਦਿੱਤੀ ਗਈ ਸੀ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਰੀਬ 100 ਸੋਸ਼ਲ ਮੀਡੀਆ ਖਾਤਿਆਂ ਨੂੰ ਬਲਾਕ ਕਰ ਦਿੱਤਾ ਹੈ। ਇਸ ਤੋਂ ਇਲਾਵਾ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਪੁਲਿਸ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜੇਕਰ ਕੋਈ ਵੀ ਸ਼ੱਕੀ ਗਤੀਵਿਧੀ ਜਾਂ ਅਜਿਹੀ ਕੋਈ ਗਤੀਵਿਧੀ ਦਿਖਾਈ ਦਿੰਦੀ ਹੈ ਜਿਸ ਨਾਲ ਸ਼ਾਂਤੀ ਭੰਗ ਹੁੰਦੀ ਹੈ ਤਾਂ ਉਸ ਨੂੰ ਤੁਰੰਤ ਫੜਿਆ ਜਾਵੇ ਅਤੇ ਉਸ ਵਿਰੁੱਧ ਕਾਰਵਾਈ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਰਾਮ ਮੰਦਿਰ ਦੀ ਪਵਿੱਤਰਤਾ ਤੋਂ ਪਹਿਲਾਂ ਅਯੁੱਧਿਆ 'ਚ ਸੁਰੱਖਿਆ ਬੇਹੱਦ ਸਖ਼ਤ ਹੈ। ਸਰਹੱਦਾਂ ਨੂੰ ਸੀਲ ਕਰ ਦਿੱਤਾ ਗਿਆ ਹੈ। ਅਯੁੱਧਿਆ ਦੇ ਐਂਟਰੀ ਪੁਆਇੰਟ 'ਤੇ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ। ਨੇੜੇ ਖੜ੍ਹੇ ਵਾਹਨਾਂ ਦੀ ਨਿਯਮਾਂ ਅਨੁਸਾਰ ਚੈਕਿੰਗ ਕੀਤੀ ਜਾ ਰਹੀ ਹੈ। ਪ੍ਰੋਗਰਾਮ ਵਿੱਚ ਬੁਲਾਏ ਗਏ ਸਾਰੇ ਮੈਂਬਰਾਂ ਦਾ ਕਿਊ ਆਰ ਕੋਡ ਸਕੈਨ ਕੀਤਾ ਜਾਵੇਗਾ। ਜਾਣੋ ਸਾਰਾ ਦੇਸ਼ ਰਾਮ ਦੀ ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਹੈ। ਪ੍ਰਾਣ ਪ੍ਰਤਿਸਥਾ ਅਯੁੱਧਿਆ ਵਿੱਚ ਹੈ, ਪਰ ਸਾਰਾ ਦੇਸ਼ ਰਾਮਮਈ ਹੋ ਗਿਆ ਹੈ। ਕੱਲ੍ਹ ਯਾਨੀ 22 ਜਨਵਰੀ ਦੀ ਉਡੀਕ ਹੈ ਜਦੋਂ ਆਰਾਧਨ ਸ਼੍ਰੀ ਰਾਮ ਆਪਣੇ ਵਿਸ਼ਾਲ ਮੰਦਰ ਵਿੱਚ ਬਿਰਾਜਮਾਨ ਹੋਣਗੇ। ਹਰ ਕੋਈ ਇਸ ਇਤਿਹਾਸਕ ਪਲ ਦਾ ਗਵਾਹ ਬਣਨਾ ਚਾਹੁੰਦਾ ਹੈ। ਅਜਿਹੀ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਅਤੇ ਏਜੰਸੀਆਂ ਚੌਕਸ ਹਨ ਅਤੇ ਹਰ ਗਤੀਵਿਧੀ 'ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਅਯੁੱਧਿਆ ਸ਼ਹਿਰ ਚੰਗੀ ਤਰ੍ਹਾਂ ਤਿਆਰ ਹੈ ਅਤੇ ਸੁਰੱਖਿਆ ਅਜਿਹੀ ਹੈ ਕਿ ਇਸ ਨੂੰ ਪੰਛੀ ਵੀ ਨਹੀਂ ਮਾਰ ਸਕਦਾ। ਅਯੁੱਧਿਆ ਨੂੰ ਇੱਕ ਅਦੁੱਤੀ ਕਿਲ੍ਹੇ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਹਰ ਪਾਸੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। (ਬਾਕੀ ਸਫ਼ਾ 2 'ਤੇ)

ਕੋਰੋਨਾ ਕਾਰਨ 24 ਘੰਟਿਆਂ 'ਚ 6 ਲੋਕਾਂ ਦੀ ਮੌਤ, 290 ਮਾਮਲੇ ਦਰਜ; ਐਕਟਿਵ ਮਾਮਲਿਆਂ 'ਚ ਵੀ ਗਿਰਾਵਟ

ਨਵੀਂ ਦਿੱਲੀ, 21 ਜਨਵਰੀ (ਯੂ. ਐਨ. ਆਈ.)-ਭਾਰਤ ਵਿੱਚ ਕੋਵਿਡ ਦੇ 290 ਨਵੇਂ ਮਾਮਲੇ ਦਰਜ ਕੀਤੇ ਗਏ ਹਨ ਜਦੋਂ ਕਿ ਐਕਟਿਵ ਮਾਮਲਿਆਂ ਦੀ ਗਿਣਤੀ 2,059 ਹੈ। ਸਿਹਤ ਮੰਤਰਾਲੇ ਦੁਆਰਾ ਐਤਵਾਰ ਸਵੇਰੇ 8 ਵਜੇ ਅਪਡੇਟ ਕੀਤੇ ਗਏ ਅੰਕੜਿਆਂ ਦੇ ਅਨੁਸਾਰ, 24 ਘੰਟਿਆਂ ਦੇ ਸਮੇਂ ਵਿੱਚ ਕੋਵਿਡ ਨਾਲ 6 ਮੌਤਾਂ ਹੋਈਆਂ ਹਨ, ਜਿਨ੍ਹਾਂ ਵਿੱਚ ਕੇਰਲ ਤੋਂ ਚਾਰ ਅਤੇ ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਤੋਂ ਇੱਕ-ਇੱਕ ਮੌਤ ਸ਼ਾਮਲ ਹੈ। 5 ਦਸੰਬਰ, 2023 ਤੱਕ ਰੋਜ਼ਾਨਾ ਕੇਸਾਂ ਦੀ ਗਿਣਤੀ ਘੱਟ ਗਈ ਸੀ ਪਰ ਇੱਕ ਨਵੇਂ ਵੇਰੀਐਂਟ ਤੇ ਠੰਡੇ ਮੌਸਮ ਦੀਆਂ ਸਥਿਤੀਆਂ ਦੇ ਆਉਣ ਤੋਂ ਬਾਅਦ ਇਹ ਦੁਬਾਰਾ ਵਧਣੇ ਸ਼ੁਰੂ ਹੋ ਗਏ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ 31 ਦਸੰਬਰ, 2023 ਨੂੰ ਇੱਕ ਦਿਨ ਵਿੱਚ 841 ਨਵੇਂ ਮਾਮਲੇ ਸਾਹਮਣੇ ਆਏ ਜੋ ਮਈ 2021 ਵਿੱਚ ਦਰਜ ਕੀਤੇ ਗਏ ਸਿਖਰ ਦੇ ਮਾਮਲਿਆਂ ਦਾ 0.2 ਪ੍ਰਤੀਸ਼ਤ ਹੈ। ਕੁੱਲ ਐਕਟਿਵ ਕੇਸਾਂ ਵਿੱਚੋਂ ਬਹੁਤੇ (ਲਗਭਗ 92 ਪ੍ਰਤੀਸ਼ਤ) ਹੋਮ ਆਇਸੋਲੇਸ਼ਨ ਅਧੀਨ ਠੀਕ ਹੋ ਰਹੇ ਹਨ। ਸੂਤਰਾਂ ਨੇ ਕਿਹਾ, ਮੌਜੂਦਾ ਉਪਲਬਧ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ (ਬਾਕੀ ਸਫ਼ਾ 2 'ਤੇ)

ਜਲੰਧਰ ਵਿੱਚ ਬਿਸ਼ਨੋਈ ਗੈਂਗ ਦਾ ਪੁਲਿਸ ਨਾਲ ਮੁਕਾਬਲਾ-ਦੋ ਗੈਂਗਸਟਰ ਗ੍ਰਿਫ਼ਤਾਰ

ਜਲੰਧਰ, 21 ਜਨਵਰੀ(ਜੇ.ਐੱਸ. ਸੋਢੀ)-ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਕਰਾਸ ਫਾਇਰਿੰਗ ਦੌਰਾਨ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਖ਼ਤਰਨਾਕ ਗੈਂਗਸਟਰਾਂ ਨੂੰ ਕਾਬੂ ਕਰ ਲਿਆ। ਵੇਰਵਿਆਂ ਦਾ ਖੁਲਾਸਾ ਕਰਦੇ ਹੋਏ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਖੁਫੀਆ ਜਾਣਕਾਰੀ 'ਤੇ ਅਧਾਰਤ ਅਪਰੇਸ਼ਨ ਸੀ, ਕਿਉਂਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਖ ਤ ਰ ਨਾ ਕ ਗੈਂਗਸਟਰ ਸ਼ਹਿਰ ਵਿੱਚ ਘੁੰਮ ਰਹੇ ਹਨ। ਉਨ੍ਹਾਂ ਦੱਸਿਆ ਕਿ ਇੱਕ ਇਤਲਾਹ ਦੇ ਆਧਾਰ 'ਤੇ ਪੁਲਿਸ ਨੇ ਨਕੋਦਰ ਰੋਡ 'ਤੇ ਆਸ਼ੀਸ਼ ਵਾਸੀ ਬੁੱਲੋਵਾਲ ਅਤੇ ਨਿਤਿਨ ਨੂੰ ਘੇਰ ਲਿਆ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਦੋਵਾਂ ਗੈਂਗਸਟਰਾਂ ਨੇ ਪੁਲੀਸ 'ਤੇ ਗੋਲੀ ਚਲਾ ਦਿੱਤੀ, ਜਿਸ ਤੋਂ ਬਾਅਦ ਫੋਰਸ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਦੋਵਾਂ ਗੈਂਗਸਟਰਾਂ ਨੂੰ ਕਾਬੂ ਕਰ ਲਿਆ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋਵੇਂ ਗੈਂਗਸਟਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਉਸ ਨੇ ਦੱਸਿਆ ਕਿ ਆਸ਼ੀਸ਼ ਕਾਫੀ ਦੇਰ ਤੋ ਭਗੌੜਾ ਸੀ ਅਤੇ ਉਸ ਵਿਰੁੱਧ ਕਤਲ, ਫਿਰੌਤੀ ਅਤੇ ਸੁਪਾਰੀ ਕਤਲ ਦੇ ਕੇਸ ਦਰਜ ਹਨ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਨਿਤਿਨ ਖਿਲਾਫ ਕਤਲ ਅਤੇ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋਵੇਂ ਗੈਂਗਸਟਰ ਜਸਮੀਤ ਉਰਫ਼ ਲੱਕੀ ਵਾਸੀ ਬੁੱਲੋਵਾਲ ਦੇ ਲਗਾਤਾਰ ਸੰਪਰਕ ਵਿੱਚ ਸਨ, ਜਿਸ ਦੇ ਖ਼?ਲਾਫ਼ 10 ਤੋਂ ਵੱਧ ਕੇਸ ਦਰਜ ਹਨ। ਉਹ ਇਸ ਸਮੇਂ ਪਿਛਲੇ ਇੱਕ ਸਾਲ ਤੋਂ ਅਮਰੀਕਾ ਵਿੱਚ ਹੈ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਮਨਦੀਪ ਉਰਫ ਮੰਨੂ ਅਤੇ ਜਗਰੂਪ ਉਰਫ ਰੂਪਾ ਨੂੰ ਪਨਾਹ ਦੇਣ ਵਿੱਚ ਸ਼ਾਮਲ ਹੈ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਅਸ਼ੀਸ਼ ਅਤੇ ਨਿਤਿਨ ਬਿੰਨੀ ਗੁੱਜਰ ਅਤੇ ਜੱਗੂ ਭਗਵਾਨਪੁਰੀਆ ਨਾਲ ਨੇੜਤਾ ਰੱਖਦੇ ਹਨ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਇਹਨਾਂ ਗੈਂਗਸਟਰਾਂ ਦੀ ਗ੍ਰਿਫਤਾਰੀ ਨਾਲ ਪੁਲਿਸ ਨੇ ਦੋ ਸੁਪਾਰੀ ਕਤਲਾਂ ਨੂੰ ਰੋਕਿਆ ਹੈ । ਕਿਉਂਕਿ ਇਹਨਾਂ ਨੇ ਇਸ ਕੰਮ ਨੂੰ ਅੰਜਾਮ ਦੇਣ ਲਈ ਪਹਿਲਾਂ ਹੀ ਰੇਕੀ ਕੀਤੀ ਸੀ। ਉ_ਨ੍ਹਾਂ ਦੱਸਿਆ ਕਿ ਵਨ ਸਟਾਰ ਪਿਸਤੌਲ .30 ਬੋਰ ਅਤੇ ਇੱਕ .32 ਬੋਰ ਦਾ ਪਿਸਤੌਲ ਜਿੰਦਾ ਅਸਲਾ ਅਤੇ ਇੱਕ ਆਈ 20 ਕਾਰ ਸਮੇਤ ਬਰਾਮਦ ਕੀਤਾ ਗਿਆ ਹੈ। ਸ੍ਰੀ ਸਵਪਨ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋਣ 'ਤੇ ਕੀਤੇ ਕਾਬੂ

ਪਤਨੀ ਦਾ ਕਤਲ ਕਰਕੇ ਨੇੜੇ ਹੀ ਬੈਠਾ ਸੀ ਗੂਗਲ ਦਾ ਸਾਫਟਵੇਅਰ ਇੰਜੀਨੀਅਰ

ਕੈਲੀਫੋਰਨੀਆ, 21 ਜਨਵਰੀ (ਯੂ. ਐਨ. ਆਈ.)-ਗੂਗਲ ਦਾ ਇਕ ਸਾਫਟਵੇਅਰ ਇੰਜੀਨੀਅਰ ਕੈਲੀਫੋਰਨੀਆ ਵਿਚ ਆਪਣੇ ਘਰ ਵਿਚ ਖੂਨ ਨਾਲ ਲੱਥਪੱਥ ਪਾਇਆ ਗਿਆ। ਦਰਅਸਲ, ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਸੈਂਟਾ ਕਲਾਰਾ ਜ਼ਿਲ੍ਹਾ ਅਟਾਰਨੀ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਭਲਾਈ ਜਾਂਚ ਲਈ ਕੈਲੀਫੋਰਨੀਆ ਦੇ ਸਾਂਤਾ ਕਲਾਰਾ ਵਿੱਚ 27 ਸਾਲਾ ਲੀਰੇਨ ਚੇਨ ਦੇ ਘਰ ਪਹੁੰਚੀ ਸੀ। ਤੁਹਾਨੂੰ ਦੱਸ ਦੇਈਏ ਕਿ ਚੇਨ ਦਾ ਘਰ ਸਿਲੀਕਾਨ ਵੈਲੀ 'ਚ ਗੂਗਲ ਦੇ ਹੈੱਡਕੁਆਰਟਰ ਤੋਂ ਕੁਝ ਹੀ ਦੂਰੀ 'ਤੇ ਸਥਿਤ ਹੈ। ਫੌਕਸ ਨਿਊਜ਼ ਡਿਜੀਟਲ ਦੇ ਅਨੁਸਾਰ, ਚੇਨ ਤੇ ਉਸਦੀ ਪਤਨੀ ਜੁਆਨੀ ਯੂ ਗੂਗਲ ਵਿੱਚ ਕਰਮਚਾਰੀ ਸਨ। ਪੁਲਿਸ ਨੇ ਦੱਸਿਆ ਕਿ ਚੇਨ ਦੇ ਇੱਕ ਜਾਣਕਾਰ ਨੇ ਜੋੜੇ ਦੀ ਸੂਚਨਾ ਦੇਣ ਲਈ 16 (ਬਾਕੀ ਸਫ਼ਾ 2 'ਤੇ)

ਪੰਜਾਬ ਦੇ ਸਕੂਲਾਂ 'ਚ ਮੁੜ੍ਹ ਵਧਣਗੀਆਂ ਛੁੱਟੀਆਂ, ਮੌਸਮ ਵਿਭਾਗ ਵੱਲੋਂ 5 ਦਿਨਾਂ ਲਈ ਅਲੱਰਟ ਜਾਰੀ

ਚੰਡੀਗੜ੍ਹ, 21 ਜਨਵਰੀ (ਰਾਜ ਕੁਮਾਰ ਵਰਮਾ)-ਪੰਜਾਬ ਅਤੇ ਹਰਿਆਣਾ ਸਣੇ ਪੂਰੇ ਉੱਤਰੀ ਭਾਰਤ ਵਿੱਚ ਅਜੇ ਸੰਘਣੀ ਧੁੰਦ ਅਤੇ ਸੀਤ ਲਹਿਰ ਤੋਂ ਰਾਹਤ ਮਿਲਣ ਦੀ ਉਮੀਦ ਨਹੀਂ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਆਉਣ ਵਾਲੇ 4 ਤੋਂ 5 ਦਿਨ ਰਾਤ ਦੀ ਕੋਈ ਉਮੀਦ ਨਹੀਂ ਹੈ ਬਲਕਿ ਪਾਰਾ ਹੋਰ ਹੇਠਾਂ ਜਾਣ ਦੀ ਉਮੀਦ ਹੈ। ਵਿਭਾਗ ਨੇ 21 ਅਤੇ 22 ਜਨਵਰੀ ਨੂੰ ਔਰੇਂਜ ਅਤੇ 23 ਤੇ 24 ਜਨਵਰੀ ਨੂੰ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਧਣ ਜਾ ਰਹੀਆਂ ਹਨ। ਉਧਰ, ਪੰਜਾਬ ਵਿਚ ਭਲਕੇ ਸੋਮਵਾਰ ਤੋਂ ਸਕੂਲਾਂ ਵਿਚ ਛੁੱਟੀਆਂ ਖਤਮ ਹੋਣ ਜਾ ਰਹੀਆਂ ਹਨ। ਭਲਕੇ 22 ਜਨਵਰੀ ਤੋਂ ਸਕੂਲ ਮੁੜ ਖੁੱਲ੍ਹ ਰਹੇ ਹਨ। ਅਜਿਹੇ ਵਿਚ ਚਰਚਾ ਹੈ ਕਿ ਸਰਕਾਰ ਛੁੱਟੀਆਂ ਵਿਚ ਵਾਧੇ ਦਾ ਐਲਾਨ ਕਰ ਸਕਦਾ ਹੈ। ਮੌਸਮ ਵਿਭਾਗ ਦੇ ਅਲਰਟ ਨੂੰ ਵੇਖਦੇ ਹੋਏ ਸਰਕਾਰ ਛੁੱਟੀਆਂ ਵਧਾ ਸਕਦੀ ਹੈ। ਪੰਜਾਬ ਵਿੱਚ ਅੱਜ ਵੀ ਠੰਢ ਤੇ ਧੁੰਦ ਦਾ ਕਹਿਰ ਜਾਰੀ ਹੈ। ਪੰਜਾਬ 'ਚ ਸੀਤ ਲਹਿਰ ਦਾ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਪਿਛਲੇ ਦਿਨ ਧੁੱਪ ਨਾ ਨਿਕਲਣ ਕਾਰਨ ਠੰਢ ਕਾਫੀ ਵਧ ਗਈ ਹੈ। ਅੱਜ ਪੰਜਾਬ ਦੇ 18 ਜ਼ਿਲ੍ਹਿਆਂ ਵਿੱਚ ਮੌਸਮ ਖ਼ਰਾਬ ਰਹੇਗਾ। ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਕਪੂਰਥਲਾ, ਜਲੰਧਰ, ਫ਼?ਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ, ਸੰਗਰੂਰ, ਫਤਿਹਗੜ੍ਹ ਸਾਹਿਬ, ਪਟਿਆਲਾ ਤੇ ਮਲੇਰਕੋਟਲਾ ਵਿੱਚ ਧੁੰਦ ਦਾ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਕੜਾਕੇ ਦੀ ਠੰਢ ਕਾਰਨ ਕੱਲ੍ਹ ਵੀ ਜਨਜੀਵਨ ਪ੍ਰਭਾਵਿਤ ਕੀਤਾ ਹੈ। ਪੰਜਾਬ ਦਾ ਪਟਿਆਲਾ ਅਤੇ ਹਰਿਆਣਾ ਦਾ ਭਿਵਾਨੀ ਸ਼ਹਿਰ ਸਭ ਤੋਂ ਠੰਢੇ ਰਹੇ। ਪਟਿਆਲਾ ਵਿੱਚ ਘੱਟ ਤੋਂ ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਅਤੇ ਭਿਵਾਨੀ ਦਾ ਤਾਪਮਾਨ 5.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਤਾਪਮਾਨ ਆਮ ਨਾਲੋਂ ਤਿੰਨ ਡਿਗਰੀ ਸੈਲਸੀਅਸ ਘੱਟ ਹੈ। ਉਧਰ, ਮੌਸਮ ਵਿਭਾਗ ਨੇ ਅਗਲੇ ਚਾਰ-ਪੰਜ ਦਿਨ ਠੰਢ ਦਾ ਜ਼ੋਰ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਵਿਭਾਗ ਨੇ 21 ਅਤੇ 22 ਜਨਵਰੀ ਨੂੰ ਔਰੇਂਜ ਅਤੇ 23 ਤੇ 24 ਜਨਵਰੀ ਨੂੰ ਯੈਲੋ ਅਲਰਟ ਜਾਰੀ ਕੀਤਾ ਹੈ।

'ਪ੍ਰਾਣ ਪ੍ਰਤਿਸ਼ਠਾ' ਸਮਾਗਮ ਤੋਂ ਪਹਿਲਾਂ ਤਾਮਿਨਾਡੂ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਰਾਮੇਸ਼ਵਰਮ (ਤਾਮਿਲਨਾਡੂ), 21 ਜਨਵਰੀ (ਯੂ. ਐਨ. ਆਈ.)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ ਤਾਮਿਲਨਾਡੂ ਦੇ ਅਰਿਚਲ ਮੁਨਾਈ ਪਹੁੰਚੇ ਅਤੇ ਸਮੁੰਦਰ ਦੇ ਕੰਢੇ ਫੁੱਲ ਅਰਪਣ ਕੀਤੇ। ਇਸ ਮੌਕੇ ਉਨ੍ਹਾਂ ਪ੍ਰਾਣਾਯਾਮ ਵੀ ਕੀਤਾ। ਮੋਦੀ ਰਾਤ ਨੂੰ ਰਾਮੇਸ਼ਵਰਮ ਠਹਿਰੇ ਸੀ ਅਤੇ ਇਸ ਤੋਂ ਬਾਅਦ ਉਹ ਅਰਿਚਲ ਮੁਨਾਈ ਗਏ। ਕਿਹਾ ਜਾਂਦਾ ਹੈ ਕਿ ਅਰਿਚਲ ਮੁਨਾਈ ਉਹ ਥਾਂ ਹੈ ਜਿਥੇ ਰਾਮ ਸੇਤੂ ਦਾ ਨਿਰਮਾਣ ਹੋਇਆ ਸੀ। ਉਨ੍ਹਾਂ ਵੱਲੋਂ ਰਾਮਾਇਣ ਨਾਲ ਜੁੜੇ ਤਾਮਿਲਨਾਡੂ ਦੇ ਮੰਦਰਾਂ ਦਾ ਦੌਰਾ ਸੋਮਵਾਰ ਤੋਂ ਉੱਤਰ ਪ੍ਰਦੇਸ਼ ਦੇ ਅਯੁੱਧਿਆ 'ਚ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਠੀਕ ਪਹਿਲਾਂ ਕੀਤਾ ਜਾ ਰਿਹਾ ਹੈ।

'ਜਥੇਦਾਰ ਕਾਉਂਕੇ ਨੂੰ ਮਿਲੇ ਫ਼ਖ਼ਰ-ਏ-ਕੌਮ', ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਾਲਕਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਨੂੰ ਕੀਤੀ ਅਪੀਲ

ਅੰਮ੍ਰਿਤਸਰ, 21 ਜਨਵਰੀ (ਨਿਰਮਲ ਸਿੰਘ ਚੌਹਾਨ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਫਖ਼ਰ ਏ ਕੌਮ ਐਵਾਰਡ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੇਣ ਬਾਰੇ ਫੈਸਲਾ ਲੈਣ। ਕਾਲਕਾ ਨੇ ਮੀਡੀਆ ਨਾਲ ਗੱਲਬਾਤ ਕਰਦਿਆ ਕਿਹਾ ਕਿ ਦਿੱਲੀ ਵਿਚ ਜਥੇਦਾਰ ਕਾਉਂਕੇ ਬਾਰੇ ਅਸੀਂ ਇਕ ਸਮਾਗਮ ਕੀਤਾ ਸੀ ਜਿਥੇ ਵੱਡੇ ਪੰਥਕ ਫੈਸਲੇ ਲਏ ਗਏ ਸਨ। ਉਨ੍ਹਾਂ ਕਿਹਾ ਕਿ ਜਿਹੜੀ ਰਿਪੋਰਟ ਹੁਣ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਰੱਖੀ ਗਈ ਹੈ ਜਿਸ ਵਿਚ ਪੂਰੇ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਕਿਵੇਂ ਜਥੇਦਾਰ ਕਾਉਂਕੇ ਨੇ ਤਸ਼ੱਦਦ ਤੇ ਤਸੀਹੇ ਝੱਲੇ ਤੇ ਕੌਮ ਵਾਸਤੇ ਸਭ ਤੋਂ ਵੱਡੀ ਕੁਰਬਾਨੀ ਦਿੱਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਉਸ ਦਾ ਨੋਟਿਸ ਲੈਂਦਿਆਂ ਕੌਮ ਦੇ ਇੰਨੇ ਵੱਡੇ ਆਗੂ ਜਥੇਦਾਰ ਕਾਉਂਕੇ ਨੂੰ ਫ਼ਖ਼ਰ ਏ ਕੌਮ ਦਾ ਐਵਾਰਡ ਦੇਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ 10 ਫਰਵਰੀ ਨੂੰ ਜਲੰਧਰ ਵਿਚ ਵੱਡਾ ਪੰਥਕ ਇਕੱਠ ਰੱਖਿਆ ਗਿਆ ਹੈ ਜਿਸ ਵਿਚ ਵੱਖ-ਵੱਖ ਸੰਪਰਦਾਵਾਂ ਤੇ ਸੰਸਥਾਵਾਂ ਦੇ ਆਗੂ ਸ਼ਾਮਲ ਹੋਣਗੇ ਅਤੇ ਪੰਥ ਦੇ ਹਿੱਤਾਂ 'ਤੇ ਚਰਚਾ ਕਰਦਿਆਂ ਉਸ ਬਾਰੇ ਲੋੜੀਂਦੇ ਫੈਸਲੇ ਲਏ ਜਾਣਗੇ ਤੇ ਅਮਲ ਵਿਚ ਲਿਆਂਦੇ ਜਾਣਗੇ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਭੁਪਿੰਦਰ ਸਿੰਘ ਭੁੱਲਰ, ਪਰਵਿੰਦਰ ਸਿੰਘ ਲੱਕੀ ਤੇ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ ਵੀ ਹਾਜ਼ਰ ਸਨ।

ਮਾਸਕੋ ਜਾ ਰਿਹਾ ਜਹਾਜ਼ ਅ.ਫਗਾਨਿਸਤਾਨ ਵਿਚ ਕਰੈਸ਼

ਕਾਬੁਲ, 21 ਜਨਵਰੀ (ਯੂ. ਐਨ. ਆਈ.)-ਰੂਸ ਦੀ ਰਾਜਧਾਨੀ ਮਾਸਕੋ ਜਾ ਰਿਹਾ ਇੱਕ ਯਾਤਰੀ ਜਹਾਜ਼ ਐਤਵਾਰ ਦੁਪਹਿਰ ਅਫਗਾਨਿਸਤਾਨ ਦੇ ਬਦਖਸ਼ਾਨ ਵਿੱਚ ਹਾਦਸਾਗ੍ਰਸਤ ਹੋ ਗਿਆ। ਪਹਿਲਾਂ ਖ਼ਬਰ ਆਈ ਸੀ ਕਿ ਇਹ ਜਹਾਜ਼ ਭਾਰਤ ਦਾ ਸੀ, ਜੋ ਮਾਸਕੋ ਜਾ ਰਿਹਾ ਸੀ। ਹਾਲਾਂਕਿ ਕੇਂਦਰੀ ਹਵਾਬਾਜ਼ੀ ਮੰਤਰੀ ਜਯੋ ਤੀਰਾਦਿੱਤਿਆ ਸਿੰਧੀਆ ਨੇ ਸਪੱਸ਼ਟ ਕੀਤਾ ਕਿ ਅਫਗਾਨਿਸਤਾਨ ਵਿੱਚ ਹਾਦਸਾਗ੍ਰਸਤ ਹੋਇਆ ਜਹਾਜ਼ ਭਾਰਤੀ ਨਹੀਂ ਹੈ। ਦੂਜੇ ਪਾਸੇ, ਭਾਰਤ ਸਰਕਾਰ ਦੇ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ ਇੱਕ ਜਹਾਜ਼ ਕਰੈਸ਼ ਹੋ ਗਿਆ ਹੈ, ਜੋ ਕਿ ਅਫਰੀਕੀ ਦੇਸ਼ ਮੋਰੱਕੋ ਦਾ ਸੀ। ਬਦਖਸ਼ਾਨ ਦੇ ਸੂਚਨਾ ਅਤੇ ਸੰਸਕ੍ਰਿਤੀ ਵਿਭਾਗ ਦੇ ਮੁਖੀ ਜ਼ਬੀਹੁੱਲ੍ਹਾ ਅਮੀਰੀ ਨੇ ਦੱਸਿਆ ਕਿ ਬਦਖਸ਼ਾਨ ਸੂਬੇ ਦੇ ਕੁਰਾਨ-ਮੁੰਜਨ ਅਤੇ ਜ਼ਿਬਾਕ ਜ਼ਿਲਿਆਂ ਦੇ ਨਾਲ-ਨਾਲ ਤੋਪਖਾਨਾ ਪਹਾੜਾਂ 'ਚ ਇਕ ਯਾਤਰੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਘਟਨਾ ਦੀ ਜਾਂਚ ਲਈ ਇੱਕ ਟੀਮ ਨੂੰ ਇਲਾਕੇ ਵਿੱਚ ਭੇਜਿਆ ਗਿਆ ਹੈ। ਸਥਾਨਕ ਲੋਕਾਂ ਮੁਤਾਬਕ ਜਹਾਜ਼ ਐਤਵਾਰ ਸਵੇਰੇ ਕ੍ਰੈਸ਼ ਹੋ ਗਿਆ।

ਪੰਜਾਬ ਦੇ ਕੁੱਕ ਵਰਕਰਾਂ ਦੇ ਮਿਹਨਤਾਨੇ 'ਚ ਵਾਧੇ ਸਬੰਧੀ ਕਮੇਟੀ ਦਾ ਗਠਨ

ਮੋਹਾਲੀ, 21 ਜਨਵਰੀ (ਪ. ਪ.)-ਪੰਜਾਬ ਦੀਆਂ ਕੁੱਕ ਵਰਕਰਾਂ ਦੇ ਮਿਹਨਤਾਨੇ 'ਚ ਵਾਧਾ ਕਰਨ ਸਬੰਧੀ ਪੰਜਾਬ ਸਰਕਾਰ ਨੇ ਪੰਜ ਮੈਂਬਰੀ ਇਕ ਕਮੇਟੀ ਦਾ ਗਠਨ ਕਰ ਦਿੱਤਾ ਹੈ। ਅਸਲ ਵਿਚ 26 ਦਸੰਬਰ 2023 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮਿਡ ਡੇਅ ਮੀਲ ਵਰਕਰਾਂ ਦੀ ਇਕ ਬੈਠਕ ਹੋਈ ਸੀ ਜਿਸ ਵਿਚ ਜੂਨੀਅਨ ਨੇ ਵਰਕਰਾਂ ਨੂੰ ਘੱਟੋ-ਘੱਟ ਉਜਰਤ ਦੇ ਹਿਸਾਬ ਨਾਲ ਮਿਹਨਤਾਨਾ ਦੇਣ ਦੀ ਮੰਗ ਰੱਖੀ ਸੀ। ਹਾਲਾਂਕਿ ਕੁੱਕ ਵਰਕਰ ਹਰਿਆਣਾ ਪੈਟਰਨ 'ਤੇ ਤਨਖ਼ਾਹ ਦੇਣ ਲਈ ਕਈ ਸਾਲਾਂ ਤੋਂ ਮੰਗਾਂ ਕਰ ਰਹੇ ਹਨ ਪਰ ਹਾਲੇ ਵੀ ਕੁੱਕ ਵਰਕਰ ਨੂੰ 3000 ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਮਿਲਦਾ ਹੈ। ਪੰਜ ਮੈਂਬਰੀ ਕਮੇਟੀ ਦੇ ਚੇਅਰਮੈਨ ਕੇਕ ਯਾਦਵ ਸਕੱਤਰ ਸਕੂਲ ਸਿੱਖਿਆ ਵਿਭਾਗ ਨੂੰ ਬਣਾਇਆ ਗਿਆ ਹੈ ਜਦੋਂਕਿ ਗੁਰਪ੍ਰੀਤ ਕੌਰ ਸਪਰਾ ਵਿੱਤ ਸਕੱਤਰ, ਵਿਨੈ ਬੁਬਲਾਨੀ ਡੀਜੀਐੱਸਈ ਪੰਜਾਬ ਮੈਂਬਰ, ਯੂਨੀਅਨਾਂ ਦੇ ਨੁਮਾਇੰਦੇ ਵਰਿੰਦਰ ਬਰਾੜ ਜਨਰਲ ਮੈਨੇਜਰ ਮਿਡ ਡੇਅ ਮੀਲ ਮੈਂਬਰ ਸਕੱਤਰ ਹਨ। ਦੱਸਣਾ ਬਣਦਾ ਹੈ ਕਿ ਮਿਡ ਡੇਅ ਮੀਲ ਵਰਕਰਾਂ ਨੂੰ ਨੌਕਰੀ ਤੋਂ ਅਚਨਚੇਤ ਛੁੱਟੀ ਕਰਨ 'ਤੇ ਸਕੂਲ 'ਚ ਖਾਣਾ ਬਣਾਉਣ ਲਈ ਕੀਤੇ ਬਦਲਵੇਂ ਪ੍ਰਬੰਧ ਦੇ ਪੈਸੇ ਪਹਿਲਾਂ ਪੱਲਿਓਂ ਦੇਣੇ ਪੈਂਦੇ ਸਨ ਪਰ ਸਰਕਾਰ ਨੇ ਪਿਛਲੇ ਦਿਨੀਂ ਇਨ੍ਹਾਂ ਦੀ ਇਹ ਮੰਗ ਮੰਨਦਿਆਂ ਬਦਲਵੇਂ ਪ੍ਰਬੰਧਾਂ ਵਾਲੇ ਵਰਕਰਾਂ ਨੂੰ 100 ਰੁਪਿਆ ਅਮਲਗਾਮੇਟਿਡ ਫੰਡ 'ਚੋਂ ਦੇਣ ਦਾ ਐਲਾਨ ਕੀਤਾ ਸੀ। ਦੇਖਣ ਵਾਲੀ ਗੱਲ ਹੁਣ ਇਹ ਹੋਵੇਗੀ ਕਿ ਪੰਜਾਬ ਦਾ ਸਿੱਖਿਆ ਵਿਭਾਗ ਮਿਹਨਤਾਨਾ ਵਾਲੇ ਮਾਮਲੇ ਸਬੰਧੀ ਕੀ ਫੈਸਲਾ ਲੈਂਦਾ ਹੈ।

ਬਠਿੰਡਾ ਜੇਲ੍ਹ 'ਚ ਸ਼ਿਫਟ ਹੋਇਆ ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਸਾਥੀ, ਲਾਰੈਂਸ ਤੋਂ ਦੱਸਿਆ ਜਾਨ ਦਾ ਖ਼ਤਰਾ

ਕਪੂਰਥਲਾ, 21 ਜਨਵਰੀ (ਪ. ਪ.)-ਪਿਛਲੇ ਕਾਫੀ ਸਮੇਂ ਤੋਂ ਮਾਡਰਨ ਜੇਲ੍ਹ ਕਪੂਰਥਲਾ 'ਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਉਸ ਦੇ ਸਾਥੀਆਂ ਨੂੰ ਸੁਰੱਖਿਆ ਕਾਰਨਾਂ ਕਰਕੇ ਬਠਿੰਡਾ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਸਬੰਧੀ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਵਕੀਲ ਵੱਲੋਂ ਜੇਲ੍ਹ ਪ੍ਰਸ਼ਾਸਨ ਅਤੇ ਪੰਜਾਬ ਦੇ ਡੀਜੀਪੀ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਗਿਆ ਹੈ। ਦੂਜੇ ਪਾਸੇ ਮਾਡਰਨ ਜੇਲ੍ਹ ਕਪੂਰਥਲਾ 'ਚ ਸਾਥੀ ਕੈਦੀਆਂ ਨਾਲ ਬਹਿਸ ਕਰਨ ਤੇ ਗੁੱਸੇ 'ਚ ਜੇਲ੍ਹ ਵਿੱਚ ਬੰਦ ਐਲਸੀਡੀ ਤੋੜਨ ਦੇ ਦੋਸ਼ 'ਚ ਜੱਗੂ ਖਿਲਾਫ਼ ਹਾਲ ਹੀ 'ਚ ਥਾਣਾ ਕੋਤਵਾਲੀ ਨਵਾਂ ਕੇਸ ਦਰਜ ਕੀਤਾ ਗਿਆ ਹੈ। ਇਸ ਤੋਂ ਬਾਅਦ ਜੱਗੂ ਭਗਵਾਨਪੁਰੀਆ ਅਤੇ ਉਸ ਦੇ 5 ਹੋਰ ਸਾਥੀਆਂ ਨੂੰ ਬਠਿੰਡਾ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਪਿੱਛੇ ਪ੍ਰਬੰਧਕੀ ਕਾਰਨ ਵੀ ਦੱਸੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਜੱਗੂ ਭਗਵਾਨਪੁਰੀਆ ਨੇ (ਬਾਕੀ ਸਫ਼ਾ 2 'ਤੇ)

ਬਠਿੰਡਾ ਦੇ ਰਾਏਕੇਵਾਲਾ ਪਿੰਡ ਵਿਚ 100 ਤੋਂ ਵੱਧ ਪਸ਼ੂਆਂ ਦੀ ਮੌਤ

ਚੰਡੀਗੜ੍ਹ, 21 ਜਨਵਰੀ (ਪ. ਪ.)-ਪੰਜਾਬ ਦੇ ਮਾਲਵਾ ਖੇਤਰ ਵਿੱਚ ਪਸ਼ੂ ਧੰਨ 'ਤੇ ਅਣਪਛਾਤੇ ਵਾਇਰਸ ਦੇ ਹਮਲੇ ਕਾਰਨ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪਸ਼ੂ ਧੰਨ ਦੀ ਹੋ ਰਹੀਆਂ ਲਗਾਤਾਰ ਮੌਤਾਂ ਨੂੰ ਵੇਖਦੇ ਹੋਏ ਪਸ਼ੂ ਪਾਲਣ ਵਿਭਾਗ ਵੱਲੋਂ ਇਸ ਅਣਪਛਾਤੇ ਵਾਇਰਸ ਦਾ ਪਤਾ ਲਗਾਉਣ ਲਈ ਚੰਡੀਗੜ੍ਹ ਅਤੇ ਜਲੰਧਰ ਤੋਂ ਟੀਮਾਂ ਮਾਲਵੇ ਖੇਤਰ ਵਿੱਚ ਭੇਜਿਆ ਗਈਆਂ ਹਨ ਤਾਂ ਜੋ ਪਸ਼ੂਆਂ ਦੇ ਹੋਰ ਨੁਕਸਾਨ ਤੋਂ ਬਚਾਅ ਕੀਤਾ ਜਾ ਸਕੇ। ਬਠਿੰਡਾ ਦੇ ਪਿੰਡ ਰਾਏਕੇਵਾਲਾ ਵਿੱਚ 100 ਦੇ ਕਰੀਬ ਪਸ਼ੂਆਂ ਦੀ ਮੌਤ ਹੋ ਗਈ ਹੈ। ਪਸ਼ੂਆਂ ਦੀ ਇਹ ਮੌਤ ਇੱਕ ਹਫ਼ਤੇ ਵਿੱਚ ਹੀ ਹੋਈ ਹੈ। ਇਨਫੈਕਸ਼ਨ ਪਸ਼ੂਆਂ ਦੀ ਮੌਤ ਦਾ ਕਾਰਨ ਹੈ। ਡਾਕਟਰੀ ਟੀਮ ਪਿੰਡ ਵਿੱਚ ਘਰ-ਘਰ ਜਾ ਕੇ ਬਿਮਾਰ ਪਸ਼ੂਆਂ ਨੂੰ ਟੀਕੇ ਲਗਾ ਰਹੀ ਹੈ। ਪਿੰਡ ਵਾਸੀਆਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ 100 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ, ਜਿਸ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਲੋਕਾਂ ਦਾ ਰੋਸ ਹੈ ਕਿ ਡਾਕਟਰਾਂ ਵੱਲੋਂ ਸਮੇਂ ਸਿਰ ਟੀਕਾਕਰਨ ਨਾ ਕਰਨ ਕਰਕੇ ਵੀ ਪਸ਼ੂਆਂ ਦੀ ਮੌਤ ਦਾ ਅੰਕੜਾ ਵਧਿਆ ਹੈ। ਨਾ ਹੀ ਪਿੰਡ ਦੇ ਹਸਪਤਾਲ ਦੇ ਅੰਦਰ ਡਾਕਟਰ ਉਪਲਬਧ ਹਨ, ਅਜਿਹੇ ਵਿੱਚ ਲੋਕ ਆਪਣੇ ਪਸ਼ੂਆਂ ਦਾ ਇਲਾਜ ਕਰਵਾਉਣ ਲਈ ਕਿੱਥੇ ਜਾਣ? ਦੂਜੇ ਪਾਸੇ ਡਾਕਟਰ ਅਨੁਸਾਰ ਹੁਣ ਤੱਕ 25 ਤੋਂ 30 ਮਰੇ ਹੋਏ ਪਸ਼ੂਆਂ ਦੀ ਗਿਣਤੀ ਉਨ੍ਹਾਂ ਦੇ ਧਿਆਨ 'ਚ ਆ ਚੁੱਕੀ ਹੈ, ਜਿਸ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਜਲੰਧਰ ਤੋਂ ਡਾਕਟਰਾਂ ਦੀ ਟੀਮ ਨੇ ਸੈਂਪਲ ਵੀ ਲਏ ਹਨ, ਜਿਸ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਕੁਝ ਹੋ ਸਕੇਗਾ।

ਨਿਆਂ ਯਾਤਰਾ: ਅਸਾਮ 'ਚ ਜੈਰਾਮ ਰਮੇਸ਼ ਦੀ ਕਾਰ ਅਤੇ ਮੀਡੀਆ ਕਰਮੀਆਂ 'ਤੇ ਹਮਲੇ ਦਾ ਦੋਸ਼

ਗੁਹਾਈ, 21 ਜਨਵਰੀ (ਯੂ. ਐਨ. ਆਈ.)-ਅਸਾਮ ਦੇ ਸੋਨਿਤਪੁਰ ਜ਼ਿਲ੍ਹੇ 'ਚ ਐਤਵਾਰ ਨੂੰ ਹਮਲਾਵਰਾਂ ਵੱਲੋਂ ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਦੇ ਵਾਹਨ 'ਤੇ ਕਥਿਤ ਹਮਲਾ ਕੀਤਾ ਗਿਆ ਅਤੇ ਪਾਰਟੀ ਦੀ ਭਾਰਤ ਜੋੜੋ ਯਾਤਰਾ ਨਾਲ ਜਾ ਰਹੇ ਮੀਡੀਆ ਕਰਮੀਆਂ ਨਾਲ ਹੱਥੋਪਾਈ ਕੀਤੀ ਗਈ। ਕਾਂਗਰਸ ਦੇ ਇਕ ਆਗੂ ਨੇ ਇਹ ਜਾਣਕਾਰੀ ਦਿੱਤੀ। ਕਾਂਗਰਸ ਨੇ ਦੱਸਿਆ ਕਿ ਇਸ ਦੀ ਸੂਚਨਾ ਪੁਲੀਸ ਨੂੰ ਦਿੱਤੀ ਗਈ ਹੈ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ। ਕਾਂਗਰਸ ਨੇ ਕਿਹਾ ਉਨ੍ਹਾਂ ਦੇ ਵਾਹਨ ਤੋਂ 'ਨਿਆਂ ਯਾਤਰਾ' ਦੇ ਸਟਿੱਕਰ ਹਟਾ ਦਿੱਤੇ ਗਏ ਅਤੇ ਹਮਲਾਵਰਾਂ ਨੇ ਵਾਹਨ 'ਤੇ ਭਾਜਪਾ ਦਾ ਝੰਡਾ ਲਗਾਉਣ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਪਿਛਲਾ ਸ਼ੀਸ਼ਾ ਤਕਰੀਬਨ ਟੁੱਟ ਗਿਆ। ਇਸੇ ਦੌਰਾਨ ਯਾਤਰਾ ਦੇ ਪਿੱਛੇ ਜਾ ਰਹੇ ਇਕ ਬਲਾਗਰ ਦਾ ਕੈਮਰਾ ਅਤੇ ਹੋਰ ਯੰਤਰਾਂ ਦੀ ਤੋੜ-ਫੋੜ ਕੀਤੀ ਗਈ।

ਗੁਰਦੁਆਰੇ 'ਚ ਗੋਲੀਬਾਰੀ ਤੇ ਮਰਿਆਦਾ ਭੰਗ ਕਰਨ ਲਈ ਮੁੱਖ ਮੰਤਰੀ ਧਾਰਮਿਕ ਅਵੱਗਿਆ ਦਾ ਦੋਸ਼ੀ : ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ, 21 ਜਨਵਰੀ (ਨਿਰਮਲ ਸਿੰਘ ਚੌਹਾਨ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੀਤੀ 23 ਨਵੰਬਰ 2023 ਨੂੰ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ਵਿਖੇ ਪੁਲਿਸ ਵਲੋਂ ਕੀਤੀ ਗਈ ਗੋਲ?ਬਾਰੀ ਤੇ ਮਰਿਆਦਾ ਭੰਗ ਕਰਨ ਦੀ ਘਟਨਾ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਬ-ਕਮੇਟੀ ਦੀ ਪੁੱਜੀ ਪੜਤਾਲ ਰਿਪੋਰਟ 'ਤੇ ਵਿਚਾਰ ਕਰਨ ਤੋਂ ਬਾਅਦ ਫੈਸਲਾ ਸੁਣਾਇਆ ਹੈ। ਉਨ੍ਹਾ ਆਖਿਆ ਕਿ ਸਬ-ਕਮੇਟੀ ਦੀ ਰਿਪੋਰਟ ਵਿਚਲੇ ਤੱਥ ਅਤੇ ਬਿਆਨਾਤ ਸਾਬਤ ਕਰਦੇ ਹਨ ਕਿ ਬਗੈਰ ਕਿਸੇ ਭੜਕਾਹਟ ਅਤੇ ਉਚਿਤ ਹਾਲਾਤਾਂ ਤੋਂ ਪੁਲਿਸ ਵਲੋਂ ਗੁਰਦੁਆਰਾ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ਵਿਖੇ ਵੱਡੀ ਪੱਧਰ 'ਤੇ ਗੋਲੀਬਾਰੀ ਕਰਨੀ, ਜੁੱਤੀਆਂ ਸਮੇਤ ਪੁਲਿਸ ਦੁਆਰਾ ਗੁਰਦੁਆਰਾ ਸਾਹਿਬ ਦੇ ਸਮੂਹ ਵਿਚ ਦਾਖ਼ਲ ਹੋ ਕੇ ਮਾਣ-ਮਰਿਆਦਾ ਨੂੰ ਭੰਗ ਕਰਨਾ ਅਤੇ ਅੱਥਰੂ ਗੈਸ ਦੇ ਗੋਲੇ ਛੱਡ ਕੇ ਗੁਰਦੁਆਰਾ ਸਾਹਿਬ ਦੇ ਅੰਦਰ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਖੰਡਿਤ ਕਰਨਾ ਸਿੱਧੇ ਰੂਪ ਵਿਚ ਗੁਰਦੁਆਰਾ ਸਾਹਿਬ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਭੰਗ ਕਰ ਕੇ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਮਾਰਨ ਵਾਲਾ ਹਿਰਦੇਵੇਦਕ ਕਾਰਾ ਸੀ। ਉਨ੍ਹਾਂ ਕਿਹਾ ਕਿ ਸਬ-ਕਮੇਟੀ ਦੀ ਰਿਪੋਰਟ ਮੁਤਾਬਿਕ ਪੰਜਾਬ ਦਾ ਮੁੱਖ ਮੰਤਰੀ (ਬਾਕੀ ਸਫ਼ਾ 2 'ਤੇ)

ਸ.ਫ਼ਾ 1 ਦੇ ਬਕੀਏ

ਗੁਰਦੁਆਰੇ 'ਚ ਗੋਲੀਬਾਰੀ................

ਭਗਵੰਤ ਮਾਨ ਗ੍ਰਹਿ ਮੰਤਰਾਲੇ ਦਾ ਮੁਖੀ ਹੋਣ ਦੇ ਨਾਤੇ, ਗੁਰਦੁਆਰਾ ਸਾਹਿਬ ਦੇ ਅੰਦਰ ਪੁਲਿਸ ਦੁਆਰਾ ਜੁੱਤੀਆਂ ਸਮੇਤ ਪ੍ਰਵੇਸ਼ ਕਰਨ, ਅੱਥਰੂ ਗੈਸ ਦੇ ਗੋਲੇ ਛੱਡ ਕੇ ਸ੍ਰੀ ਅਖੰਡ ਪਾਠ ਸਾਹਿਬ ਖੰਡਿਤ ਕਰਨ, ਗੁਰੂ ਘਰ ਦੀ ਮਰਿਆਦਾ ਭੰਗ ਕਰਨ ਅਤੇ ਅੰਨੇਵਾਹ ਗੋਲੀਆਂ ਚਲਾਉਣ ਲਈ ਧਾਰਮਿਕ ਅਵੱਗਿਆ ਦਾ ਸਿੱਧਾ ਦੋਸ਼ੀ ਪਾਇਆ ਗਿਆ ਹੈ।

ਬਠਿੰਡਾ ਜੇਲ੍ਹ 'ਚ................

ਪੰਜ ਮਹੀਨੇ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਇਸ ਵਿੱਚ ਉਸ ਨੂੰ ਬਠਿੰਡਾ ਜੇਲ੍ਹ 'ਚ ਸ਼ਿਫਟ ਨਾ ਕਰਨ ਦੀ ਅਪੀਲ ਕੀਤੀ ਸੀ। ਪਟੀਸ਼ਨ 'ਚ ਉਸ ਨੇ ਕਿਹਾ ਸੀ ਕਿ ਜੇਕਰ ਉਸ ਨੂੰ ਸ਼ਿਫਟ ਕੀਤਾ ਗਿਆ ਤਾਂ ਉਸ ਦੀ ਜਾਨ ਨੂੰ ਖਤਰਾ ਹੋ ਜਾਵੇਗਾ। ਪਟੀਸ਼ਨ ਵਿੱਚ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਨੇ ਦਾਅਵਾ ਕੀਤਾ ਸੀ ਕਿ ਲਾਰੈਂਸ ਬਿਸ਼ਨੋਈ, ਗੁਰਪ੍ਰੀਤ ਸੇਖੋਂ, ਦਿਲਪ੍ਰੀਤ ਬਾਵਾ, ਨੀਟਾ ਦਿਓਲ ਅਤੇ ਹੋਰ ਗੈਂਗਸਟਰਾਂ ਤੋਂ ਉਸ ਦੀ ਜਾਨ ਨੂੰ ਖਤਰਾ ਹੈ।

ਕੋਰੋਨਾ ਕਾਰਣ 24 ਘੰਟਿਆਂ 'ਚ..................

ਜੇ. ਐਨ.1 ਵੇਰੀਐਂਟ ਨਾ ਤਾਂ ਨਵੇਂ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਕਰ ਰਿਹਾ ਹੈ ਅਤੇ ਨਾ ਹੀ ਹਸਪਤਾਲ 'ਚ ਭਰਤੀ ਹੋਣ ਅਤੇ ਮੌਤ ਦਰ 'ਚ ਵਾਧਾ ਹੋ ਰਿਹਾ ਹੈ।' ਭਾਰਤ ਨੇ ਕੋਵਿਡ-19 ਦੀਆਂ ਤਿੰਨ ਲਹਿਰਾਂ ਦੇਖੀਆਂ ਹਨ, ਅਪ੍ਰੈਲ-ਜੂਨ 2021 ਦੌਰਾਨ ਡੇਲਟਾ ਵੇਵ ਵਿੱਚ ਰੋਜ਼ਾਨਾ ਨਵੇਂ ਕੇਸਾਂ ਤੇ ਮੌਤਾਂ ਦੀ ਸਿਖਰ ਘਟਨਾ ਦਰਜ ਕੀਤੀ ਗਈ ਹੈ। 7 ਮਈ, 2021 ਨੂੰ, 4,14,188 ਨਵੇਂ ਕੇਸ ਅਤੇ 3,915 ਮੌਤਾਂ ਹੋਈਆਂ। 2020 ਦੇ ਸ਼ੁਰੂ ਵਿੱਚ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ 4.5 ਕਰੋੜ ਤੋਂ ਵੱਧ ਲੋਕ ਸੰਕਰਮਿਤ ਹੋਏ ਹਨ ਤੇ ਸੰਕਰਮਣ ਕਾਰਨ ਦੇਸ਼ ਭਰ ਵਿੱਚ 5.3 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੰਤਰਾਲੇ ਦੀ ਵੈਬਸਾਈਟ ਦੇ ਅਨੁਸਾਰ, ਇਸ ਬਿਮਾਰੀ ਤੋਂ ਠੀਕ ਹੋਣ ਵਾਲੇ ਲੋਕਾਂ ਦੀ ਗਿਣਤੀ 4.4 ਕਰੋੜ ਤੋਂ ਵੱਧ ਹੈ ਰਾਸ਼ਟਰੀ ਰਿਕਵਰੀ ਦਰ 98.81 ਪ੍ਰਤੀਸ਼ਤ ਹੈ। ਵੈੱਬਸਾਈਟ ਦੇ ਅਨੁਸਾਰ, ਦੇਸ਼ ਵਿੱਚ ਹੁਣ ਤੱਕ ਕੋਵਿਡ ਵੈਕਸੀਨ ਦੀਆਂ 220.67 ਕਰੋੜ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ।

ਪਤਨੀ ਦਾ ਕਤਲ ਕਰਕੇ..................

ਜਨਵਰੀ ਨੂੰ 911 'ਤੇ ਕਾਲ ਕੀਤੀ ਸੀ। ਜਾਣਕਾਰ ਨੇ ਪੁਲਸ ਨੂੰ ਦੱਸਿਆ ਕਿ ਉਹ ਖਿੜਕੀ 'ਚੋਂ ਗੋਡਿਆਂ ਭਾਰ ਬੈਠੇ ਚੇਨ ਨੂੰ ਦੇਖ ਰਿਹਾ ਸੀ। ਜਦੋਂ ਪੁਲਿਸ ਚੇਨ ਦੇ ਘਰ ਪਹੁੰਚੀ ਤਾਂ ਉਸ ਨੇ ਨਾ ਤਾਂ ਫ਼ੋਨ ਦਾ ਜਵਾਬ ਦਿੱਤਾ ਅਤੇ ਨਾ ਹੀ ਗੇਟ ਖੋਲ੍ਹਿਆ। ਕਿਸੇ ਤਰ੍ਹਾਂ ਜਦੋਂ ਅਧਿਕਾਰੀ ਘਰ ਦੇ ਅੰਦਰ ਵੜਿਆ ਤਾਂ ਉੱਥੋਂ ਦਾ ਨਜ਼ਾਰਾ ਡਰਾਉਣਾ ਸੀ। ਫੌਕਸ ਨਿਊਜ਼ ਦੇ ਮੁਤਾਬਕ ਜਦੋਂ ਪੁਲਿਸ ਚੇਨ ਦੇ ਘਰ ਪਹੁੰਚੀ ਤਾਂ ਕਮਰੇ ਵਿੱਚ ਚੇਨ ਬਹੁਤ ਬੁਰੀ ਹਾਲਤ ਵਿੱਚ ਸੀ। ਚੇਨ ਦਾ ਸੱਜਾ ਹੱਥ ਪੂਰੀ ਤਰ੍ਹਾਂ ਸੁੱਜਿਆ ਹੋਇਆ ਸੀ ਤੇ ਉਹ ਆਪਣੀ ਪਤਨੀ ਦੇ ਬਿਲਕੁਲ ਨੇੜੇ ਬੈਠਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਚੇਨ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਪੁਲਿਸ ਨੇ ਦੱਸਿਆ ਕਿ 27 ਸਾਲਾ ਚੇਨ ਦੇ ਕੱਪੜਿਆਂ, ਲੱਤਾਂ, ਬਾਹਾਂ ਤੇ ਹੱਥਾਂ 'ਤੇ ਖ਼ੂਨ ਸੀ ਅਤੇ ਉਸ ਦੀ ਬਾਂਹ 'ਤੇ ਸੱਟਾਂ ਦੇ ਨਿਸ਼ਾਨ ਵੀ ਸਨ। ਸਰਕਾਰੀ ਵਕੀਲਾਂ ਨੇ ਕਿਹਾ ਕਿ ਚੇਨ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ ਅਤੇ ਦੋਸ਼ੀ ਪਾਏ ਜਾਣ 'ਤੇ ਜੇਲ੍ਹ ਦਾ ਸਾਹਮਣਾ ਕਰਨਾ ਪਵੇਗਾ। ਅਦਾਲਤੀ ਰਿਕਾਰਡਾਂ ਦੇ ਅਨੁਸਾਰ, ਚੇਨ ਦੀ ਸਜ਼ਾ 22 ਜਨਵਰੀ ਤੱਕ ਦੇਰੀ ਕੀਤੀ ਗਈ ਕਿਉਂਕਿ ਚੇਨ ਹਸਪਤਾਲ ਵਿੱਚ ਦਾਖਲ ਰਿਹਾ। ਜ਼ਿਲ੍ਹਾ ਅਟਾਰਨੀ ਜੈਫ ਰੋਜ਼ਨ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ, ÷ਸਾਡੀ ਕਾਉਂਟੀ ਵਿੱਚ ਘਰੇਲੂ ਹਿੰਸਾ ਦੀਆਂ ਮੌਤਾਂ ਘੱਟ ਰਹੀਆਂ ਹਨ।÷ ਕੋਈ ਵੀ ਵਿਅਕਤੀ ਜੋ ਮਹਿਸੂਸ ਕਰਦਾ ਹੈ ਕਿ ਉਹਨਾਂ ਦਾ ਸਾਥੀ ਉਹਨਾਂ ਨਾਲ ਜਾਂ ਕੋਈ ਹੋਰ ਦੁਰਵਿਵਹਾਰ ਕਰ ਰਿਹਾ ਹੈ, ਕਿਰਪਾ ਕਰਕੇ ਆਪਣੀ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨਾਲ ਸੰਪਰਕ ਕਰੋ। ਤੁਸੀਂ ਇਕੱਲੇ ਨਹੀਂ ਹੋ ਅਸੀਂ ਮਦਦ ਕਰ ਸਕਦੇ ਹਾਂ।' ਗੂਗਲ ਦੇ ਬੁਲਾਰੇ ਬੇਲੀ ਟੌਮਸਨ ਨੇ ਫੌਕਸ ਨਿਊਜ਼ ਡਿਜੀਟਲ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, ÷ਜੁਆਨੀ ਨਾਲ ਜੋ ਹੋਇਆ ਉਸ ਤੋਂ ਅਸੀਂ ਹੈਰਾਨ ਤੇ ਬਹੁਤ ਦੁਖੀ ਹਾਂ।÷ ÷ਸਾਡੇ ਵਿਚਾਰ ਇਸ ਸਮੇਂ ਉਸਦੇ ਪਰਿਵਾਰ ਨਾਲ ਹਨ।÷ ਯੂ ਤੇ ਚੇਨ ਦੇ ਲਿੰਕਡਇਨ ਪੰਨਿਆਂ ਦੇ ਅਨੁਸਾਰ, ਦੋਵਾਂ ਨੇ ਚੀਨ ਦੀ ਸਿੰਹੁਆ ਯੂਨੀਵਰਸਿਟੀ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਸੈਨ ਡਿਏਗੋ ਵਿੱਚ ਪੜ੍ਹਾਈ ਕੀਤੀ।

ਰਾਮ ਮੰਦਿਰ ਦਾ ਉਦਘਾਟਨ................

ਰਾਮਲਲਾ ਦੀ ਮੂਰਤੀ ਦੇ ਭੋਗ 'ਚ ਕੁਝ ਹੀ ਸਮਾਂ ਬਚਿਆ ਹੈ। ਪ੍ਰਾਣ ਪ੍ਰਤੀਸਥਾ ਦੇ ਦਿਨ ਯਾਨੀ 22 ਜਨਵਰੀ, 2024 ਨੂੰ ਸਿਰਫ਼ ਵਿਸ਼ੇਸ਼ ਲੋਕ ਹੀ ਮੰਦਰ ਦੇ ਦਰਸ਼ਨ ਕਰ ਸਕਣਗੇ। ਉਂਜ, ਭੋਗ ਤੋਂ ਬਾਅਦ ਆਮ ਲੋਕ ਵੀ ਰਾਮਲਲਾ ਦੇ ਦਰਸ਼ਨ ਕਰ ਸਕਣਗੇ। ਜੇਕਰ ਤੁਸੀਂ ਵੀ ਅਯੁੱਧਿਆ ਜਾ ਰਹੇ ਹੋ ਤਾਂ ਰਾਮ ਮੰਦਰ 'ਚ ਪ੍ਰਵੇਸ਼ ਨੂੰ ਲੈ ਕੇ ਕੁਝ ਨਿਯਮ ਬਣਾਏ ਗਏ ਹਨ, ਜਿਨ੍ਹਾਂ ਦਾ ਤੁਹਾਨੂੰ ਖਾਸ ਧਿਆਨ ਰੱਖਣਾ ਹੋਵੇਗਾ। ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਪ੍ਰਵੇਸ਼ ਸਿਰਫ਼ ਸੱਦਾ ਪੱਤਰ ਰਾਹੀਂ ਹੀ ਨਹੀਂ ਹੋਵੇਗਾ, ਸਗੋਂ ਸੈਲਾਨੀਆਂ ਨੂੰ ਪਾਸ ਵੀ ਲੈਣਾ ਹੋਵੇਗਾ। ਇਸ ਪਾਸ 'ਤੇ ਬਣੇ ਕਿਊ ਆਰ ਕੋਡ ਮਿਲਣ ਤੋਂ ਬਾਅਦ ਹੀ ਰਾਮ ਮੰਦਰ 'ਚ ਐਂਟਰੀ ਮਿਲੇਗੀ। ਰਾਮਲਲਾ ਦੇ ਦਰਸ਼ਨਾਂ ਲਈ ਰਾਮ ਮੰਦਿਰ 'ਚ ਦਾਖਲ ਹੋਣ ਸਮੇਂ ਤੁਹਾਨੂੰ ਆਪਣੇ ਇਲੈਕਟ?ਰਾਨਿਕ ਯੰਤਰ ਅੰਦਰ ਲਿਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਰਾਮ ਮੰਦਰ 'ਚ ਤੁਸੀਂ ਮੋਬਾਈਲ, ਈਅਰ ਫ਼ੋਨ, ਰਿਮੋਟ ਦੀਆਂ ਚਾਬੀਆਂ ਅਤੇ ਹੋਰ ਇਲੈਕਟ?ਰਾਨਿਕ ਸਮਾਨ ਨਹੀਂ ਲੈ ਜਾ ਸਕੋਗੇ। ਇਸ ਤੋਂ ਇਲਾਵਾ ਪਰਸ ਜਾਂ ਕੋਈ ਹੋਰ ਬੈਗ ਅੰਦਰ ਨਹੀਂ ਲਿਜਾਣ ਦਿੱਤਾ ਜਾਵੇਗਾ। ਜੇਕਰ ਤੁਸੀਂ ਜਾ ਰਹੇ ਹੋ ਤਾਂ ਇਨ੍ਹਾਂ ਚੀਜ਼ਾਂ ਨੂੰ ਬਾਹਰ ਕਿਸੇ ਸੁਰੱਖਿਅਤ ਜਗ?ਹਾ 'ਤੇ ਰੱਖੋ। ਇਸ ਤੋਂ ਇਲਾਵਾ ਰਾਮ ਮੰਦਿਰ 'ਚ ਰਾਮਲਲਾ ਦੇ ਪਵਿੱਤਰ ਸਮਾਰੋਹ 'ਚ ਸ਼ਾਮਲ ਹੋਣ ਵਾਲੇ ਵਿਸ਼ੇਸ਼ ਮਹਿਮਾਨਾਂ ਨੂੰ 22 ਜਨਵਰੀ ਨੂੰ ਸਵੇਰੇ 11 ਵਜੇ ਤੋਂ ਪਹਿਲਾਂ ਪ੍ਰਵੇਸ਼ ਕਰਨਾ ਹੋਵੇਗਾ। ਸੁਰੱਖਿਆ ਕਾਰਨਾਂ ਕਰਕੇ ਜੇਕਰ ਕੋਈ ਸੁਰੱਖਿਆ ਕਰਮਚਾਰੀ ਨਾਲ ਆਇਆ ਹੈ ਤਾਂ ਉਸ ਨੂੰ ਵੀ ਬਾਹਰ ਰਹਿਣਾ ਪਵੇਗਾ। ਇਸ ਦੇ ਨਾਲ ਹੀ ਜੇਕਰ ਰਾਮ ਮੰਦਰ ਲਈ ਵਿਸ਼ੇਸ਼ ਡਰੈੱਸ ਕੋਡ ਦੀ ਗੱਲ ਕਰੀਏ ਤਾਂ ਰਾਮ ਮੰਦਰ ਟਰੱਸਟ ਵੱਲੋਂ ਕੋਈ ਵੀ ਡਰੈੱਸ ਕੋਡ ਲਾਗੂ ਨਹੀਂ ਕੀਤਾ ਗਿਆ ਹੈ, ਹਾਲਾਂਕਿ ਤੁਸੀਂ ਭਾਰਤੀ ਪਰੰਪਰਾ ਅਨੁਸਾਰ ਕੱਪੜੇ ਪਾ ਕੇ ਰਾਮ ਮੰਦਰ ਦੇ ਉਦਘਾਟਨ 'ਚ ਸ਼ਾਮਲ ਹੋ ਸਕਦੇ ਹੋ। ਹਾਲਾਂਕਿ, ਰਾਮ ਲੱਲਾ ਦੇ ਪਵਿੱਤਰ ਸਮਾਰੋਹ ਵਿੱਚ, ਪੁਰਸ਼ ਭਾਰਤੀ ਕੱਪੜੇ ਜਿਵੇਂ ਧੋਤੀ, ਗਮਚਾ, ਕੁੜਤਾ-ਪਜਾਮਾ ਪਹਿਨ ਕੇ ਮੰਦਰ ਜਾ ਸਕਦੇ ਹਨ ਅਤੇ ਔਰਤਾਂ ਸਲਵਾਰ ਸੂਟ ਜਾਂ ਸਾੜ੍ਹੀ ਪਾ ਕੇ ਮੰਦਰ ਜਾ ਸਕਦੀਆਂ ਹਨ। ਇਸ ਦੌਰਾਨ ਤੁਹਾਨੂੰ ਇਹ ਵੀ ਦੱਸ ਦੇਈਏ ਕਿ ਰਾਮ ਮੰਦਰ 'ਚ ਦਰਸ਼ਨ ਨੂੰ ਲੈ ਕੇ ਸਾਈਬਰ ਅਪਰਾਧੀ ਵੀ ਕਾਫੀ ਸਰਗਰਮ ਹੋ ਗਏ ਹਨ। ਇਸ ਨੂੰ ਲੈ ਕੇ ਗ੍ਰਹਿ ਮੰਤਰਾਲੇ ਦੇ ਸਾਈਬਰ ਵਿੰਗ ਨੇ ਵੀ ਚਿਤਾਵਨੀ ਜਾਰੀ ਕੀਤੀ ਹੈ, ਜਿਸ 'ਚ ਕਿਹਾ ਗਿਆ ਹੈ ਕਿ ਘੁਟਾਲੇ ਕਰਨ ਵਾਲੇ ਤੁਹਾਡਾ ਬੈਂਕ ਖਾਤਾ ਹੈਕ ਕਰ ਸਕਦੇ ਹਨ। ਸਾਈਬਰ ਅਪਰਾਧੀ ਤੁਹਾਨੂੰ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਦੀ ਲਾਈਵ ਸਟ?ਰੀਮਿੰਗ ਦੇ ਨਾਮ 'ਤੇ ਇੱਕ ਸੰਦੇਸ਼ ਭੇਜ ਸਕਦੇ ਹਨ ਅਤੇ ਉਨ੍ਹਾਂ ਦੁਆਰਾ ਭੇਜੇ ਗਏ ਇਸ ਸੰਦੇਸ਼ ਵਿੱਚ ਇੱਕ ਲਿੰਕ ਵੀ ਹੋ ਸਕਦਾ ਹੈ। ਇਸ ਬਾਰੇ ਤੁਹਾਨੂੰ ਦੱਸਿਆ ਜਾਵੇਗਾ ਕਿ ਇਸ 'ਤੇ ਕਲਿੱਕ ਕਰਕੇ ਤੁਸੀਂ ਰਾਮ ਲੱਲਾ ਦੀ ਲਾਈਵ ਸਟ?ਰੀਮਿੰਗ ਦੇਖ ਸਕਦੇ ਹੋ। MHA ਦੇ ਸਾਈਬਰ ਵਿੰਗ ਨੇ ਅਲਰਟ ਜਾਰੀ ਕੀਤਾ ਹੈ, ਜਿਸ 'ਚ ਕਿਹਾ ਗਿਆ ਹੈ ਕਿ ਸਾਈਬਰ ਵਿੰਗ ਨੇ ਅਜਿਹੇ ਕਈ ਫਰਜ਼ੀ ਲਿੰਕਾਂ ਦਾ ਪਤਾ ਲਗਾਇਆ ਹੈ, ਜਿਸ 'ਚ ਸਾਈਬਰ ਅਪਰਾਧੀ ਲੋਕਾਂ ਨੂੰ ਧੋਖਾ ਦੇਣ ਲਈ WhatsApp 'ਤੇ ਮੈਸੇਜ ਭੇਜ ਰਹੇ ਹਨ। ਜਿਵੇਂ ਹੀ ਤੁਸੀਂ ਇਸ ਸੰਦੇਸ਼ ਦੇ ਲਿੰਕ 'ਤੇ ਕਲਿੱਕ ਕਰਦੇ ਹੋ, ਤੁਹਾਡਾ ਸੰਵੇਦਨਸ਼ੀਲ ਮੋਬਾਈਲ ਡਾਟਾ ਚੋਰੀ ਹੋ ਸਕਦਾ ਹੈ ਜਾਂ ਤੁਹਾਡੇ ਬੈਂਕ ਖਾਤੇ ਦੀ ਐਪ ਜਾਂ ਵਾਲਿਟ ਐਪ ਨੂੰ ਹੈਕ ਕੀਤਾ ਜਾ ਸਕਦਾ ਹੈ ਅਤੇ ਤੁਹਾਡਾ ਬੈਂਕ ਖਾਤਾ ਜ਼ੀਰੋ ਹੋ ਸਕਦਾ ਹੈ। ਜੇਕਰ ਤੁਹਾਨੂੰ ਅਜਿਹਾ ਕੋਈ ਸੰਦੇਸ਼ ਮਿਲਦਾ ਹੈ, ਤਾਂ ਤੁਹਾਨੂੰ ਸਾਵਧਾਨ ਰਹਿਣ ਦੀ ਲੋੜ ਹੈ। ਤੁਸੀਂ ਅਜਿਹੇ ਕਿਸੇ ਵੀ ਲਿੰਕ 'ਤੇ ਕਲਿੱਕ ਕੀਤੇ ਬਿਨਾਂ ਡਿਲੀਟ ਕਰ ਸਕਦੇ ਹੋ। ਜੇਕਰ ਕੋਈ ਜਾਣ-ਪਛਾਣ ਵਾਲਾ ਅਜਿਹਾ ਸੰਦੇਸ਼ ਭੇਜ ਰਿਹਾ ਹੈ, ਤਾਂ ਤੁਸੀਂ ਉਸ ਨੂੰ ਇਸ ਸੰਦੇਸ਼ ਦੀ ਪ੍ਰਮਾਣਿਕਤਾ ਬਾਰੇ ਦੱਸ ਸਕਦੇ ਹੋ। ਜੇਕਰ ਕਿਸੇ ਨੂੰ ਅਜਿਹੇ ਲਿੰਕ ਆਉਂਦੇ ਹਨ ਜਾਂ ਕੋਈ ਧੋਖਾਧੜੀ ਹੁੰਦੀ ਹੈ, ਤਾਂ ਉਸਨੂੰ ਸਾਈਬਰ ਹੈਲਪਲਾਈਨ ਨੰਬਰ 1930 'ਤੇ ਕਾਲ ਕਰਕੇ ਆਪਣਾ ਕੇਸ ਦਰਜ ਕਰਨਾ ਚਾਹੀਦਾ ਹੈ।

ਉੱਘੇ ਸਮਾਜ ਸੇਵੀ ਅਤੇ ਚੇਅਰਮੈਨ ਸਵਰਨਕਾਰ ਐਸੋਸੀਏਸ਼ਨ ਧੂਰੀ ਦਰਸ਼ਨ ਖੁਰਮੀ ਨੂੰ ਸਦਮਾ ਮਾਤਾ ਦਾ ਦਿਹਾਂਤ

ਧੂਰੀ, 21 ਜਨਵਰੀ (ਹਰਨੇਕ ਸਿੰਘ ਪੇਧਨੀ) ਧੂਰੀ ਸ਼ਹਿਰ ਦੀ ਨਾਮਵਾਰ ਸ਼ਖ਼ਸੀਅਤ ਉੱਘੇ ਸਮਾਜ ਸੇਵੀ ਅਤੇ ਚੇਅਰਮੈਨ ਸਵਰਨਕਾਰ ਐਸੋਸੀਏਸ਼ਨ ਧੂਰੀ ਨੂੰ ਉਸ ਸਮੇਂ ਵੱਡਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੀ ਪੂਜਨੀਕ ਮਾਤਾ ਸ੍ਰੀਮਤੀ ਕਰਤਾਰ ਕੌਰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਇਸ ਦੁੱਖ ਦੀ ਘੜੀ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਅਤੇ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਜਿਨ੍ਹਾਂ ਵਿੱਚ ਓਂਕਾਰ ਸਿੰਘ ਸਿੱਧੂ, ਵਕਫ ਭਸੌੜ, ਸ੍ਰ ਬਲਵੰਤ ਸਿੰਘ ਸਿੰਘ ਘੁੱਲੀ ਚੇਅਰਮੈਨ ਸਮਾਜ ਸੇਵੀ ਸੁਰੇਸ਼ ਬਾਂਸਲ, ਸਰਦਾਰ ਰਜਿੰਦਰ ਸਿੰਘ

ਮੁੱਖ ਮੰਤਰੀ ਦੇ ਓ ਐਸ ਡੀ ਪ੍ਰੋ ਬੋਰਡ ਦੇ ਮੈਂਬਰ ਡਾਕਟਰ ਅਨਵਰ ਸ਼ੇਰਗਿੱਲ ਏ ਡੀ ਸੀ, ਸ੍ਰ ਰਾਜਵੰਤ ਮਾਰਕੀਟ ਕਮੇਟੀ ਧੂਰੀ, ਉੱਘੇ ਮਹਾਸਾ ਪ੍ਰਤਿਗਿਆਪਾਲ, ਨੰਬਰਦਾਰ ਪੇਧਨੀ ਕਲਾਂ, ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਸੁੱਬੀ, ਸੀਨੀਅਰ ਪੱਤਰਕਾਰ ਵਿਕਾਸ ਵਰਮਾ ਅਤੇ ਸਰਦਾਰ ਹਰਨੇਕ ਸਿੰਘ ਪੇਧਨੀ ਕਲਾਂ ਨੇ ਡੂੰਘੇ ਦੁੱਖ ਦਾ ਇਜਹਾਰ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਜਤਾਈ। ਮਾਤਾ ਕਰਤਾਰ ਕੌਰ ਜੀ ਦੇ ਨਮਿੱਤ ਰੱਖੇ ਸ੍ਰੀ ਸਹਿਜ ਪਾਠ ਦਾ ਭੋਗ 23 ਜਨਵਰੀ ਦਿਨ ਮੰਗਲਵਾਰ ਨੂੰ ਮਹੇਸ ਬਿਰਧ ਆਸ਼ਰਮ ਐਮ.ਕੇ ਰੋਡ ਮਹਾਂਵੀਰ ਮੰਦਰ ਦੇ ਪਿੱਛੇ ਧੂਰੀ ਵਿਖੇ ਪਵੇਗਾ।

ਸੰਤ ਕਿਰਪਾਸਰ ਸਾਹਿਬ ਵੱਲੋਂ ਪੀ. ਜੀ. ਆਈ. ਵਿਚ ਮਰੀਜ਼ਾਂ ਲਈ ਲੰਗਰ ਸੇਵਾ ਜਾਰੀ

ਫਤਹਿਗੜ੍ਹ ਸਾਹਿਬ, 21 ਜਨਵਰੀ (ਸੂਦ)-ਮਾਨਵਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ, ਇਸ ਲਈ ਸਾਡਾ ਮੁੱਢਲਾ ਫਰਜ ਬਣਦਾ ਹੈ ਕਿ ਅਸੀ ਹੱਕ ਸੱਚ ਦੀ ਕਮਾਈ ਕਰਦੇ ਹੋਏ ਸਮਾਜ ਸੇਵਾ ਦੇ ਕੰਮਾ ਵਿਚ ਵੱਡਮੁੱਲਾਂ ਯੋਗਦਾਨ ਪਾਈਏ ਅਤੇ ਧਰਮ ਪ੍ਰਚਾਰ ਲਈ ਵੀ ਸਮਾਂ ਕੱਢੀਏ। ਇਹ ਪ੍ਰਗਟਾਵਾ ਸੰਤ ਬਾਬਾ ਦਲਵਾਰਾ ਸਿੰਘ ਜੀ ਰੋਹੀਸਰ ਵਾਲਿਆ ਦੇ ਮੁੱਖ ਸੇਵਾਦਾਰ ਜਥੇਦਾਰ ਭਾਈ ਗੁਰਦੀਪ ਸਿੰਘ ਜੀ ਨੇ ਪੀ. ਜੀ. ਆਈ ਚੰਡੀਗੜ੍ਹ ਵਿਚ ਮਰੀਜਾ ਅਤੇ ਉਨ ਾ ਦੇ ਪਰਿਵਾਰਕ ਮੈਂਬਰਾ ਲਈ ਲੰਗਰ ਸੇਵਾ ਭੇਜਣ ਦੌਰਾਨ ਕੀਤਾ। ਜਥੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਸੰਤ ਆਸ਼ਰਮ ਗੁਰੂਦੁਆਰਾ ਸ੍ਰੀ ਕਿਰਪਾਸਰ ਸਾਹਿਬ ਮਹਾਦੀਆਂ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਇਹ ਲੰਗਰ ਦੀ ਸੇਵਾ ਲਗਭਗ 8 ਮਹੀਨੇ ਪਹਿਲਾ ਸ਼ੁਰੂ ਕੀਤੀ ਗਈ ਸੀ। ਦੇਸ਼-ਵਿਦੇਸ਼ ਦੀਆਂ ਸੰਗਤਾ ਦੇ ਸਹਿਯੋਗ ਨਾਲ ਇਸ ਸੇਵਾ ਨੂੰ ਅੱਗੇ ਵੀ ਜਾਰੀ ਰਖਾਗੇ। ਉਨ ਾ ਕਿਹਾ ਕਿ ਪੀਜੀਆਈ ਚੰਡੀਗੜ੍ਹ ਵਿਚ ਦੇਸ਼ ਦੇ ਕੋਨੇ-ਕੋਨੇ ਤੋਂ ਮਰੀਜ ਇਲਾਜ ਕਰਵਾਉਣ ਲਈ ਆਉਦੇ ਹਨ ਅਤੇ ਉਨ ਾ ਦੇ ਪਰਿਵਾਰਕ ਮੈਂਬਰ ਵੀ ਨਾਲ ਹੁੰਦੇ ਹਨ, ਇਸ ਲਈ ਇਹ ਲੰਗਰ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਹਰਬੰਸ ਸਿੰਘ, ਗੁਰਸ਼ਰਨਜੀਤ ਸਿੰਘ, ਸਮਰੱਥ ਸਿੰਘ, ਗੁਰਸ਼ਰਨ ਸਿੰਘ, ਲਾਭ ਸਿੰਘ, ਹਾਕਮ ਸਿੰਘ, ਸਰਦਾਰਾ ਸਿੰਘ, ਅਮਨ ਸਿੰਘ, ਸੁਨੀਲ ਸਿੰਘ, ਵਿਨੋਦ ਸਿੰਘ, ਤਰਲੋਚਨ ਸਿੰਘ, ਮਨਦੀਪ ਸਿੰਘ, ਦਵਿੰਦਰ ਸਿੰਘ ਜਰਮਨ, ਮੈਡਮ ਅਨੂ ਚੰਡੀਗੜ੍ਹ ਅਤੇ ਹੋਰ ਸ਼ਰਧਾਲੂਆਂ ਨੇ ਵੀ ਸੇਵਾ ਕੀਤੀ।

ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ ਦੀ ਪ੍ਰੇਰਨਾ ਨਾਲ ਗੁਰਾਇਆ ਪਰਿਵਾਰ ਨੇ ਬੱਚਿਆਂ ਨੂੰ ਵੰਡੇ ਬੂਟ

ਫਤਹਿਗੜ੍ਹ ਸਾਹਿਬ, 21 ਜਨਵਰੀ (ਗਿੰਨੀ ਸੂਦ)-ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ ਦੀ ਪ੍ਰੇਰਨਾ ਸਦਕਾ ਐਡ.ਬਿਕਰਮਜੀਤ ਸਿੰਘ ਗੁਰਾਇਆ ਅਤੇ ਐਸ.ਡੀ. ਓ. ਮਨਦੀਪ ਕੌਰ ਦੀ ਬੇਟੀ ਗੁਰਮੇਹਰ ਕੌਰ ਦਾ ਜਨਮ ਦਿਨ ਬ੍ਰਾਹਮਣਮਾਜਰਾ ਸਲੱਮ ਏਰੀਏ ਝੁੱਗੀਆਂ ਝੌਂਪੜੀਆਂ ਦੇ ਬੱਚਿਆਂ ਨਾਲ ਮਨਾਇਆ। ਇਸ ਮੌਕੇ ਬੱਚਿਆਂ ਨੂੰ ਠੰਡ ਦੇ ਮੌਸਮ ਵਿੱਚ ਬੂਟ ਵੰਡੇ ਅਤੇ ਮਠਿਆਈ ਵੰਡੀ ਗਈ। ਇਸ ਮੌਕੇ ਰਿਟ.ਸੂਬੇਦਾਰ ਗੁਰਮੀਤ ਸਿੰਘ ਅਤੇ ਸੁਖਵਿੰਦਰ ਕੌਰ ਨੇ ਕਲੱਬ ਮੈਂਬਰਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਕੱਲਬ ਵਲੋਂ ਸਮਾਜ ਵਿੱਚ ਬਹੁਤ ਵਧੀਆ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਕਲੱਬ ਪ੍ਰਧਾਨ ਲਖਵਿੰਦਰ ਸਿੰਘ ਨੰਬਰਦਾਰ, ਤੇਜਿੰਦਰ ਸਿੰਘ ਲਾਡੀ, ਸਨਦੀਪ ਸਿੰਘ ਗੋਰਾਇਆ, ਲਖਵਿੰਦਰ ਸਿੰਘ ਹਨੀ, ਗੁਰਪ੍ਰੀਤ ਸਿੰਘ ਗੈਰੀ ਅਤੇ ਰਮਨਜੀਤ ਕੌਰ ਨੇ ਗੁਰਾਇਆ ਪਰਿਵਾਰ ਦਾ ਧੰਨਵਾਦ ਕੀਤਾ। ਉਨ ਾਂ ਕਿਹਾ ਕਿ ਸਮਾਜ ਵਿੱਚ ਸਾਰਿਆਂ ਨੂੰ ਅਜਿਹੇ ਕਾਰਜ ਕਰਨੇ ਚਾਹੀਦੇ ਹਨ, ਜਿਸ ਨਾਲ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਕਰਨਵੀਰ ਸਿੰਘ ਅਤੇ ਅਧਿਆਪਕਾ ਪੂਜਾ ਰਾਣੀ ਆਦਿ ਹਾਜ਼ਰ ਸਨ।

ਦਸੂਹਾ ਵਿਖੇ ਭਗਵਾਨ ਸ੍ਰੀ ਰਾਮ ਦੀ ਪ੍ਰਾਣ ਪ੍ਰਤਿਸਠਾ ਸੰਬੰਧੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ

ਦਸੂਹਾ 21 ਜਨਵਰੀ (ਅਮਰਜੀਤ ਸਿੰਘ) ਸ਼੍ਰੀ ਰਾਮ ਜੀ ਦੀ ਜਨਮ ਭੂਮੀ ਅਯੁਧਿਆ ਵਿਖੇ 22 ਜਨਵਰੀ ਨੂੰ ਹੋ ਰਹੀ ਭਗਵਾਨ ਸ੍ਰੀ ਰਾਮ ਜੀ ਦੀ ਪ੍ਰਾਣ ਪ੍ਰਤਿਸਠਾ ਸਬੰਧੀ ਦਸੂਹਾ ਵਿਖੇ ਵਿਸਾਲ ਸੋਭਾ ਯਾਤਰਾ ਕੱਢੀ ਗਈ। ਇਸ ਸੋਭਾ ਯਾਤਰਾ ਵਿੱਚ ਸੰਤ, ਮਹਾਂਪੁਰਸ, ਧਾਰਮਿਕ, ਰਾਜਨੀਤਿਕ ਸਖਸੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਭਾਗ ਲਿਆ। ਇਸ ਮੌਕੇ ਅਲੱਗ ਅਲੱਗ ਝਾਕੀਆਂ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਸਨ। ਇਸ ਮੌਕੇ ਸ਼ੋਭਾ ਯਾਤਰਾ ਉੱਤੇ ਵੱਖ ਵੱਖ ਥਾਵਾਂ ਤੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਇਸ ਸ਼ੋਭਾ ਯਾਤਰਾ ਦੌਰਾਨ ਦਸੂਹਾ ਸ਼ਹਿਰ ਜੈ ਸ੍ਰੀ ਰਾਮ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਮੌਕੇ ਵਿਧਾਇਕ ਐਡਵੋਕੇਟ ਕਰਮਬੀਰ ਸਿੰਘ ਘੁੰਮਣ, ਵਿਜੇ ਕੁਮਾਰ ਵਿਜੇ ਮੌਲ, ਅਰੁਣ ਕੁਮਾਰ ਸਰਮਾ, ਰਵਿੰਦਰ ਰਵੀ, ਬਲਕੀਸ਼ ਰਾਜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

155 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ

ਲੁਧਿਆਣਾ, 21 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਸਲੇਮ ਟਾਬਰੀ ਅਧੀਨ ਪੈਂਦੇ ਇਲਾਕੇ ਦੇ ਵਾਸੀ ਕੁਲਦੀਪ ਸਿੰਘ ਪੁੱਤਰ ਚਰਨਜੀਤ ਸਿੰਘ ਨੂੰ ਪੁਲਿਸ ਪਾਰਟੀ ਨੇ ਉਸ ਸਮੇਂ ਗ੍ਰਿਫਤਾਰ ਕਰ ਲਿਆ ਜਦੋਂ ਪੁਲਿਸ ਪਾਰਟੀ ਗਸ਼ਤ ਦੇ ਗਸ਼ਤ ਦੇ ਸਬੰਧ ਵਿੱਚ ਜੀ.ਟੀ ਰੋਡ ਨੇੜੇ ਗੰਦਾ ਨਾਲਾ ਪੁੱਲ ਸਲੇਮ ਟਾਬਰੀ ਮੋਜੂਦ ਸੀ ਤਾਂ ਉਕਤ ਦੋਸ਼ੀ ਘੰਟਾ ਘਰ ਰੋਡ ਸਾਈਡ ਤੋਂ ਇਲੈਕਟ?ਰੋਨਿਕ ਸਕੂਟਰੀ ਤੇ' ਸਵਾਰ ਹੋ ਕੇ ਆਉਦਾ ਦਿਖਾਈ ਦਿੱਤਾ। ਜਿਸਨੂੰ ਪੁਲਿਸ ਪਾਰਟੀ ਨੇ ਸ਼ੱਕ ਦੇ ਆਧਾਰ ਤੇ' ਕਾਬੂ ਕਰਕੇ ਚੈੱਕ ਕੀਤਾ ਤਾਂ ਦੋਸ਼ੀ ਕੋਲੋ 155 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਕੇਸ ਦੀ ਜਾਂਚ ਸਥਾਨਕ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

22 ਜਨਵਰੀ ਨੂੰ ਗਊਸ਼ਾਲਾ ਅਮਲੋਹ 'ਚ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਉਪਰੰਤ ਚਲੇਗਾ ਵਿਸ਼ਾਲ ਭੰਡਾਰਾ

ਸ੍ਰੀ ਰਾਮ ਮੰਦਰ ਦੇ ਉਦਘਾਟਨ ਸਮਾਰੋਹ ਨੂੰ ਮੁੱਖ ਰੱਖ ਕੇ ਸ਼ਹਿਰ ਨੂੰ ਸੁੰਦਰ ਢੰਗ ਨਾਲ ਸਜਾਇਆ-ਸੂਦ, ਸ਼ਰਮਾ

ਅਮਲੋਹ, 21 ਜਨਵਰੀ (ਗੁਰਪ੍ਰੀਤ ਸਿੰਘ ਖੈਹਰਾ)-ਸ੍ਰੀ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ ਅਤੇ ਸਰਪਰਸਤ ਪ੍ਰੇਮ ਚੰਦ ਸਰਮਾ ਨੇ ਅੱਜ ਇਥੇ ਕਿਹਾ ਕਿ ਅਯੁਧਿਆ ਵਿਚ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਮੰਦਰ ਦੇ 22 ਜਨਵਰੀ ਨੂੰ ਹੋ ਰਹੇ ਉਦਘਾਟਨ ਨੂੰ ਮੁੱਖ ਰੱਖ ਕੇ ਸ਼ਹਿਰ ਅਤੇ ਪਿੰਡਾਂ ਵਿਚ ਭਾਰੀ ਉਤਸ਼ਾਹ ਹੈ ਅਤੇ ਸ਼ਹਿਰ ਦੀਆਂ ਧਾਰਮਿਕ ਸੰਸਥਾਵਾਂ ਵਲੋਂ ਇਸ ਨੂੰ ਮੁੱਖ ਰੱਖ ਕੇ ਪ੍ਰੋਗਰਾਮ ਵੀ ਕਰਵਾਏ ਜਾ ਰਹੇ ਹਨ ਅਤੇ ਸ਼ਹਿਰ ਨੂੰ ਬਹੁਤ ਹੀ ਵਧੀਆ ਢੰਗ ਨਾਲ ਸਜਾਇਆ ਗਿਆ। ਉਨ ਾਂ ਦਸਿਆ ਕਿ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਅਤੇ ਸ੍ਰੀ ਗਊ ਸੇਵਾ ਸੰਮਤੀ ਅਮਲੋਹ ਵਲੋਂ ਗਊਸ਼ਾਲਾ ਅਮਲੋਹ ਵਿਚ ਸ੍ਰੀ ਰਮਾਇਣ ਜੀ ਦੇ ਰੱਖੇ ਪਾਠ ਦਾ ਭੋਗ 22 ਜਨਵਰੀ ਨੂੰ ਪਵੇਗਾ ਜਿਸ ਉਪਰੰਤ ਵਿਸ਼ਾਲ ਭੰਡਾਰਾ ਵੀ ਕੀਤਾ ਜਾਵੇਗਾ। ਉਨ ਾਂ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਇਸ ਮੌਕੇ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਸ੍ਰੀ ਸੰਗਮੇਸਵਰ ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸਿਵ ਕੁਮਾਰ ਗਰਗ ਨੇ ਦਸਿਆ ਕਿ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਸ਼ਹਿਰ ਵਿਚ ਘਰ-ਘਰ ਜਾ ਕੇ ਘਰਾਂ ਉਪਰ ਝੰਡੇ ਲਗਾਏ ਜਾ ਰਹੇ ਹਨ। ਉਨ ਾਂ ਸਮੂਹ ਸਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਉਦਘਾਟਨ ਸਮਾਰੋਹ ਦੀ ਵਧਾਈ ਵੀ ਦਿਤੀ।

ਅਣਪਛਾਤੇ ਵਿਅਕਤੀ ਵੱਲੋਂ ਦੁਕਾਨ ਵਿੱਚ ਚੋਰੀ

ਲੁਧਿਆਣਾ, 21 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਡਵੀਜਨ ਨੰ 6 ਅਧੀਨ ਪੈਂਦੇ ਇਲਾਕੇ ਦੇ ਵਾਸੀ ਮਨਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਨੇ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਉਸਦੀ ਐੱਲ.ਆਈ.ਸੀ. ਪ੍ਰੀਮੀਅਮ ਪੁਆਇੰਟ ਅਤੇ ਹਾਰਡਵੇਅਰ ਦੀ ਦੁਕਾਨ ਸੈਂਟਰਲ ਮਾਰਕਿਟ ਸਾਹਮਣੇ ਪਾਣੀ ਵਾਲੀ ਟੈਂਕੀ ਗਿੱਲ ਰੋਡ ਵਿਖੇ ਹੈ। ਘਟਨਾ ਵਾਲੀ ਰਾਤ ਨੂੰ ਕੋਈ ਅਣਪਛਾਤਾ ਵਿਅਕਤੀ ਦੁਕਾਨ ਦਾ ਸ਼ਟਰ ਤੋੜ ਕੇ ਦੁਕਾਨ ਵਿੱਚੋ 38 ਹਾਜਰ ਰੁਪਏ ਕੈਸ਼ ਅਤੇ ਜਰੂਰੀ ਦਸਤਾਵੇਜ ਚੋਰੀ ਕਰਕੇ ਲੈ ਗਿਆ। ਕੇਸ ਦੀ ਜਾਂਚ ਤਫਤੀਸੀ ਅਫਸਰ ਬਲਬੀਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਗੁਰਾਇਆ ਤੋ ਇੱਕ ਸਵੀਪ ਵੈਨ ਰਵਾਨਾ ਕੀਤੀ ਗਈ

ਗੁਰਾਇਆ 21 ਜਨਵਰੀ (ਅਜੇ ਬਹਿਲ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਗੁਰਾਇਆ ਤੋ ਇੱਕ ਸਵੀਪ ਵੈਨ ਰਵਾਨਾ ਕੀਤੀ ਗਈ। ਇਸ ਸਵੀਪ ਵੈਨ ਨੂੰ ਐਸ.ਡੀ.ਐਮ ਫਿਲੌਰ ਸਰਦਾਰ ਅਮਨਪਾਲ ਸਿੰਘ ਅਤੇ ਸਕੂਲ ਪ੍ਰਿੰਸੀਪਲ ਕਮ ਨੋਡਲ ਅਫ਼ਸਰ ਸਰਦਾਰ ਸਤਵਿੰਦਰ ਪਾਲ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤੀ। ਇਹ ਵੈਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਗੁਰਾਇਆ ਤੋ ਸ਼ੁਰੂ ਹੋਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆ ਗੁਰਾਇਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਬੜਾ ਪਿੰਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆ ਬੜਾ ਪਿੰਡ, ਚੱਕ ਦੇਸਰਾਜ, ਦੁਸਾਂਝ ਕਲਾਂ, ਧੁਲੇਤਾ, ਵਿਰਕ, ਗੋਹਾਵਾਰ, ਗੁਰਾਇਆ ਮੈਨ ਚੌਕ, ਘੁੜਕਾ ,ਬੋਪਾਰਾਏ, ਸੰਗ ਢੇਸੀਆਂ ਤੋ ਹੁੰਦੀ ਵਾਪਿਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਗੁਰਾਇਆ ਵਿਖੇ ਪਹੁੰਚੀ। ਇਸ ਮੌਕੇ ਪ੍ਰਿੰਸੀਪਲ ਸਰਦਾਰ ਸਤਵਿੰਦਰ ਪਾਲ ਸਿੰਘ ਨੇ ਵੱਖ ਵੱਖ ਸਕੂਲ ਦੇ ਵਿਦਿਆਰਥੀਆਂ ਨੂੰ ਜੋ ਨਵੇ ਵੋਟਰ ਬਣਨ ਜਾ ਰਹੇ ਹਨ ਨੂੰ ਵੋਟਾ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਦਿੱਤੀ। ਕੀ ਕਿਵੇ ਅਸੀ ਘਰ ਬੈਠ ਕੇ ਵੋਟ ਬਣਾ ਸਕਦੇ ਹਨ।

ਐਮ ਪੀ ਸੰਜੀਵ ਅਰੋੜਾ ਨੇ ਲੋਕਾਂ ਨੂੰ ਭਗਵਾਨ ਰਾਮ ਦੇ ਉਪਦੇਸ਼ਾਂ 'ਤੇ ਚੱਲਣ ਲਈ ਕਿਹਾ

ਲੁਧਿਆਣਾ,21 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ) ਸੰਸਦ ਮੈਂਬਰ ਰਾਜ ਸਭਾ ਸ੍ਰੀ ਸੰਜੀਵ ਅਰੋੜਾ ਨੇ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਉਹ ਰਾਮ ਰਾਜ ਦੀ ਸਥਾਪਨਾ ਦੇਖਣਾ ਚਾਹੁੰਦੇ ਹਨ ਤਾਂ ਉਹ ਭਗਵਾਨ ਰਾਮ ਦੇ ਉਪਦੇਸ਼ਾਂ ਦੀ ਪਾਲਣਾ ਕਰਨ।ਸ੍ਰੀ ਅਰੋੜਾ ਨੇ ਇਹ ਗੱਲ ਅੱਜ ਸਵੇਰੇ ਸ਼?ਰੀ ਦੰਡੀ ਸਵਾਮੀ ਗੋਲੋਕ ਧਾਮ, ਹੰਬੜਾਂ ਰੋਡ,ਲੁਧਿਆਣਾ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਉਪਰੰਤ ਕਹੀ।ਅਯੁੱਧਿਆ ਦੇ ਰਾਮ ਮੰਦਰ 'ਚ 'ਪ੍ਰਾਣ ਪ੍ਰਤੀਸ਼ਠਾ' ਮਨਾਉਣ ਲਈ 18 ਤੋਂ 22 ਜਨਵਰੀ ਤੱਕ ਉੱਥੇ ਕੁੱਲ 101 ਹਵਨ ਯੱਗ ਆਯੋਜਿਤ ਕੀਤੇ ਗਏ ਹਨ।

ਫੋਟੋ-ਅਮਰੀਕ ਸਿੰਘ ਪ੍ਰਿੰਸ

ਅਰੋੜਾ ਸਮੇਤ ਉਨ੍ਹਾਂ ਦੀ ਧਰਮਪਤਨੀ ਸੰਧਿਆ ਅਰੋੜਾ ਨੇ ਹਵਨ ਯੱਗ ਵਿੱਚ ਸ਼ਮੂਲੀਅਤ ਕੀਤੀ। ਇਸ ਧਾਰਮਿਕ ਅਤੇ ਅਧਿਆਤਮਿਕ ਸਮਾਗਮ ਵਿੱਚ ਉਨ੍ਹਾਂ ਇੱਕ ਘੰਟੇ ਤੋਂ ਵੱਧ ਸਮਾਂ ਬਿਤਾਇਆ। ਬਾਅਦ ਵਿੱਚ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਅਰੋੜਾ ਨੇ ਭਗਵਾਨ ਰਾਮ ਅਤੇ ਰਾਮਾਇਣ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਭਗਵਾਨ ਰਾਮ ਤੋਂ ਸਿੱਖਣ ਵਾਲੀਆਂ ਚੀਜ਼ਾਂ ਵਿੱਚੋਂ ਮਾਤਾ-ਪਿਤਾ ਦਾ ਆਦਰ,ਭੈਣ-ਭਰਾ ਲਈ ਪਿਆਰ,ਕੁਰਬਾਨੀ ਅਤੇ ਮਾੜੇ ਕੰਮਾਂ ਤੋਂ ਦੂਰ ਰਹਿਣਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਭਗਵਾਨ ਰਾਮ ਦੇ ਉਪਦੇਸ਼ ਨੂੰ ਆਪਣੇ ਘਰ ਤੋਂ ਲਾਗੂ ਕਰਨਾ ਚਾਹੀਦਾ ਹੈ ਕਿਉਂਕਿ ਹਰ ਚੰਗੇ ਕੰਮ ਦੀ ਸ਼ੁਰੂਆਤ ਘਰ ਤੋਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇੱਕ ਵਾਰ ਜਦੋਂ ਲੋਕ ਇਹ ਪ੍ਰਥਾ ਸ਼ੁਰੂ ਕਰ ਦੇਣਗੇ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਦੇਸ਼ ਭਰ ਵਿੱਚ ਅਸਲ 'ਰਾਮ ਰਾਜ' ਦੀ ਸਥਾਪਨਾ ਹੋ ਜਾਵੇਗੀ। ਸ੍ਰੀ ਅਰੋੜਾ ਨੇ ਕਿਹਾ ਕਿ ਉਹ ਅੱਜ ਦੇ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਬਹੁਤ ਖੁਸ਼ ਅਤੇ ਉਤਸ਼ਾਹਿਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਵਨ ਯੱਗ ਵਿੱਚ ਭਾਗ ਲੈਣ ਤੋਂ ਬਾਅਦ ਰਾਹਤ ਅਤੇ ਸ਼ਾਂਤੀ ਮਹਿਸੂਸ ਕੀਤੀ ਜੋ ਪੂਰੀ ਧਾਰਮਿਕ ਰਸਮਾਂ ਅਤੇ ਮੰਤਰਾਂ ਨਾਲ ਕੀਤਾ ਗਿਆ ਸੀ। ਉਨ੍ਹਾਂ ਇਸ ਸਮਾਗਮ ਦੇ ਆਯੋਜਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਅਤੇ 'ਪ੍ਰਸ਼ਾਦ' ਭੇਟ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ਹਿਰ ਦੀ ਪ੍ਰਮੁੱਖ ਸ਼ਖ਼ਸੀਅਤ ਮੁਕੇਸ਼ ਜੈਨ ਬਿੱਟੂ ਨਵਕਾਰ,ਵੀ ਹਾਜ਼ਰ ਸਨ।

ਲੜੀਵਾਰ ਸਹਿਜ ਪਾਠਾਂ ਦੇ 45ਵੇਂ ਦੀਵਾਨ ਅਤੇ ਗੁਰਮਤਿ ਸਮਾਗਮ

ਜਲੰਧਰ 21 ਜਨਵਰੀ (ਜੇ.ਐੱਸ. ਸੋਢੀ)-ਪਾਵਨ ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਵਿਖੇ ਹਫਤਾਵਾਰੀ 45ਵੇਂ ਗੁਰਮਤਿ ਸਮਾਗਮ ਦੇ ਦੀਵਾਨ ਸਜਾਏ ਗਏ। ਇਸ ਸਬੰਧੀ ਬੇਅੰਤ ਸਿੰਘ ਸਰਹੱਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦੋ ਸਾਲਾਂ ਤੋਂ ਚਲ ਰਹੀ ਸਹਿਜ ਪਾਠਾਂ ਦੀ ਲੜੀ ਦੇ ਤਹਿਤ ਅੱਜ 2 ਸਹਿਜ ਪਾਠਾਂ ਦੇ ਭੋਗ ਪੁਆਏ ਗਏ। ਇਕ ਸਹਿਜ ਪਾਠ ਸ੍ਰ ਹਰਜੀਤ ਸਿੰਘ ਅਤੇ ਬੀਬੀ

ਸੁਖਮੀਤ ਕੌਰ ਦੇ ਪ੍ਰਵਾਰ ਵਲੋਂ ਅਤੇ ਦੂਜੇ ਸਹਿਜ ਪਾਠ ਦੀ ਸੇਵਾ ਸ੍ਰ ਗੁਰਮਿੰਦਰ ਸਿੰਘ ਦੇ ਪ੍ਰਵਾਰ ਵਲੋਂ ਕਰਵਾਈ ਗਈ। ਗੁਰਦੁਆਰਾ ਸਾਹਿਬ ਵਲੋਂ ਹੈੱਡ ਗ੍ਰੰਥੀ ਗਿਆਨੀ ਤਰਸੇਮ ਸਿੰਘ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਜੱਥਿਆਂ ਵਲੋਂ ਕੀਰਤਨ ਅਤੇ ਕਥਾ ਵੀਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗਿਆ। ਅੱਜ ਦੇ ਦਰਬਾਰ ਦੀ ਹਾਜ਼ਰੀ ਭਰਦੇ ਹੋਏ ਦੀਵਾਨ ਹਾਲ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਕਾਰਜਕਾਰੀ ਪ੍ਰਧਾਨ ਗੁਰਕਿਰਪਾਲ, ਸੀਨੀਅਰ ਮੀਤ ਪ੍ਰਧਾਨ ਦਵਿੰਦਰ ਸਿੰਘ ਰਹੇਜਾ, ਬਲਵਿੰਦਰ ਸਿੰਘ ਹੇਅਰ, ਇੰਦਰਪਾਲ ਸਿੰਘ ਅਰੋੜਾ, ਚਰਨਜੀਤ ਸਿੰਘ ਲੁਬਾਣਾ, ਹਰਬੰਸ ਸਿੰਘ ਫੋਨ ਵਿਭਾਗ, ਡਾਕਟਰ ਸਤਨਾਮ ਸਿੰਘ ਮੱਕੜ, ਗੁਰਜੀਤ ਸਿੰਘ ਪੋਪਲੀ, ਬਿਸ਼ਨ ਸਿੰਘ, ਹਰਸਿਮਰਨਜੀਤ ਸਿੰਘ ਮੱਕੜ, ਸਤਪਾਲ ਸਿੰਘ ਅਲਗ, ਜਸਬੀਰ ਸਿੰਘ ਸੇਠੀ ਆਦਿ ਪਤਵੰਤੇ ਹਾਜ਼ਰ ਸਨ। ਸਮਾਪਤੀ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ ਆਯੋਜਿਤ

ਸੰਤ-ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਇੱਕ ਇਨਕਲਾਬੀ ਯੋਧੇ ਸਨ- ਭੁਪਿੰਦਰ ਸਿੰਘ

ਲੁਧਿਆਣਾ 21 ਜਨਵਰੀ (ਕਰਨੈਲ ਸਿੰਘ ਐੱਮ.ਏ.) ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸ਼?ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਅੱਜ ਗੁਰਦੁਆਰਾ ਸਾਹਿਬ ਵਿਖੇ ਦਸ਼ਮੇਸ਼ ਪਿਤਾ, ਸਾਹਿਬ-ਏ-ਕਮਾਲ, ਸਰਬੰਸ ਦਾਨੀ ਸਾਹਿਬ ਸ਼?ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਜਿਸ ਅੰਦਰ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਕੀਰਤਨੀਏ ਭਾਈ ਨਵਨੀਤ ਸਿੰਘ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਇਸ ਤੋਂ ਪਹਿਲਾਂ ਆਯੋਜਿਤ ਕੀਤੇ ਗਏ

ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਨੂੰ ਜਿੱਥੇ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ.ਭੁਪਿੰਦਰ ਸਿੰਘ ਨੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਉੱਥੇ ਨਾਲ ਹੀ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਸਾਹਿਬ ਸ਼?ਰੀ ਗੁਰੂ ਗੋਬਿੰਦ ਸਿੰਘ ਜੀ ਦੁਨੀਆਂ ਦੇ ਇਤਿਹਾਸ ਅੰਦਰ ਇੱਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ ਮਧੋਲੇ ਹਿੰਦੁਸਤਾਨੀ ਸਮਾਜ ਵਿੱਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਖਾਲਸਾ ਪੰਥ ਦੀ ਸਿਰਜਨਾ ਕੀਤੀ। ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ ਤੇ ਚੱਲ ਕੇ ਬਾਣੇ ਤੇ ਬਾਣੀ ਦੇ ਧਾਰਨੀ ਬਨਣ ਦੀ ਤਾਕੀਦ ਵੀ ਕੀਤੀ। ਇਸ ਦੌਰਾਨ ਸ੍ਰ.ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਰਤਨੀ ਜੱਥੇ ਦੇ ਸਮੂਹ ਮੈਂਬਰਾਂ ਨੂੰ ਸਿਰੋਪਾਉ ਦੀ ਬਖਸ਼ਿਸ਼ ਭੇਟ ਕੀਤੀ ਅਤੇ ਕਿਹਾ ਕਿ ਅਗਲੇ ਹਫ਼ਤਾਵਾਰੀ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਅੰਮ੍ਰਿਤਪਾਲ ਸਿੰਘ ਜਲੰਧਰ ਵਾਲਿਆਂ ਦਾ ਕੀਰਤਨੀ ਜੱਥਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰੇਗਾ । ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ. ਇੰਦਰਜੀਤ ਸਿੰਘ ਮੱਕੜ, ਸ੍ਰ.ਜਤਿੰਦਰਪਾਲ ਸਿੰਘ ਸਲੂਜਾ, ਕਰਨੈਲ ਸਿੰਘ ਬੇਦੀ, ਮਨਜੀਤ ਸਿੰਘ ਟੋਨੀ , ਪ੍ਰਿਤਪਾਲ ਸਿੰਘ , ਭੁਪਿੰਦਰਪਾਲ ਸਿੰਘ ਧਵਨ ,ਬਲਜੀਤ ਸਿੰਘ ਦੂਆ(ਨਵਦੀਪ ਰੀਜ਼ੋਰਟ) ਬਲਬੀਰ ਸਿੰਘ ਭਾਟੀਆ, ਸੁਰਿੰਦਰਪਾਲ ਸਿੰਘ ਭੁਟੀਆਨੀ, ਰਣਜੀਤ ਸਿੰਘ ਖਾਲਸਾ, ਰਜਿੰਦਰ ਸਿੰਘ ਮੱਕੜ, ਬਲਜੀਤ ਸਿੰਘ ਮੱਕੜ, ਐਡਵੋਕੇਟ ਅਮਰਜੀਤ ਸਿੰਘ, ਜੀਤ ਸਿੰਘ, ਗੁਰਵਿੰਦਰ ਸਿੰਘ ਆੜ੍ਹਤੀ, ਸੁਰਿੰਦਰ ਸਿੰਘ ਸਚਦੇਵਾ, ਇੰਦਰਪਾਲ ਸਿੰਘ ਕਾਲੜਾ, ਕਮਲਦੀਪ ਸਿੰਘ ਕਾਲੜਾ, ਹਰਕੀਰਤ ਸਿੰਘ ਬਾਵਾ,ਸਰਪੰਚ ਗੁਰਚਰਨ ਸਿੰਘ,ਏ.ਪੀ ਸਿੰਘ ਅਰੋੜਾ , ਜਗਦੇਵ ਸਿੰਘ ਕਲਸੀ, ਅੱਤਰ ਸਿੰਘ ਮੱਕੜ, ਮਹਿੰਦਰ ਸਿੰਘ ਡੰਗ, ਰਜਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ,ਅਵਤਾਰ ਸਿੰਘ ਮਿੱਡਾ, ਗੁਰਪ੍ਰੀਤ ਸਿੰਘ ਪ੍ਰਿੰਸ, ਸੁਖਪ੍ਰੀਤ ਸਿੰਘ ਮਨੀ, ਬਾਦਸ਼ਾਹ ਦੀਪ ਸਿੰਘ,ਕਰਨਦੀਪ ਸਿੰਘ,, ਬਲ ਫਤਹਿ ਸਿੰਘ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ

3 ਕਿੱਲੋ 2 ਗ੍ਰਾਮ ਹੈਰੋਇਨ ਅਤੇ 78 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਦੋ ਨਸ਼ਾ ਤਸਕਰ ਗ੍ਰਿਫਤਾਰ

ਨਕੋਦਰ 21 ਜਨਵਰੀ (ਅਨਿਲ ਐਰੀ / ਅਰਵਿੰਦਰ ਸਿੰਘ)-ਥਾਣਾ ਸਦਰ ਨਕੋਦਰ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ ਤੇ ਦੋ ਨਸ਼ਾ ਤਸਕਰਾਂ ਨੂੰ ਗਿਰਫ਼ਤਾਰ ਕੀਤਾ ਹੈ ਜਿਨ੍ਹਾਂ ਪਾਸੋਂ 3 ਕਿੱਲੋ 2 ਗ੍ਰਾਮ ਹੈਰੋਇਨ ਅਤੇ 78 ਹਜਾਰ ਡਰੱਗ ਬਰਾਮਦ ਹੋਈ ਹੈ ਪੁਲਸ ਨੇ ਮੁਲਜ਼ਮਾ ਖ਼?ਲਾਫ਼ ਮੁਕਦਮਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ ਸੁਖਪਾਲ ਸਿੰਘ ਉਪ-ਪੁਲਿਸ ਕਪਤਾਨ ਸਬ-ਡਵੀਜਨ ਨਕੋਦਰ ਜੀ ਦੀ ਅਗਵਾਈ ਹੇਠ ਸਬ-ਇੰਸਪੈਕਟਰ ਯਾਦਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਨਕੋਦਰ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸੁਖਪਾਲ ਸਿੰਘ ਉਪ-ਪੁਲਿਸ ਕਪਤਾਨ, ਸਬ- ਡਵੀਜਨ ਨਕੋਦਰ ਅਤੇ ਥਾਣਾ ਸਦਰ ਮੁਖੀ ਸਬ-ਇੰਸਪੈਕਟਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਮੁਖੀ ਯਾਦਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਦੇ ਸਬੰਧ ਵਿੱਚ ਬੀਰ ਪਿੰਡ ਫਾਟਕ ਨੇੜੇ ਮੌਜੂਦ ਸਨ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਇੱਕ ਬੁਲਟ ਮੋਟਰਸਾਈਕਲ ਬਿਨਾ ਨੰਬਰੀ ਰੰਗ ਕਾਲਾ ਪਰ 2 ਮੋਨੇ ਨੌਜਵਾਨ ਜਿਹਨਾਂ ਦੇ ਨਾਮ ਜਗਦੇਵ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਅਜਾਦ ਨਗਰ ਨਕੋਦਰ ਥਾਣਾ ਸਿਟੀ ਨਕੋਦਰ ਅਤੇ ਗੁਰਜੀਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਮੈਣਵਾ ਥਾਣਾ ਸਦਰ ਕਪੂਰਥਲਾ ਹੈ , ਜੋ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਅਤੇ ਫਾਟਕ ਬੀਰ ਪਿੰਡ ਨਾਲ ਜਾਂਦੀ ਸੜਕ ਵਲੋਂ ਨਕੋਦਰ ਏਰੀਏ ਵਿੱਚ ਗਾਹਕਾਂ ਨੂੰ ਹੈਰੋਇਨ ਦੇਣ ਲਈ ਆਪਣੇ ਬੁਲਟ ਮੋਟਰਸਾਈਕਲ ਪਰ ਆ ਰਹੇ ਹਨ। ਜੇਕਰ ਹੁਣੇ ਫਾਟਕ ਬੀਰ ਪਿੰਡ ਨੂੰ ਜਾਂਦੀ ਸੜਕ ਪਰ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾਵੇ ਤਾਂ ਇਹਨਾਂ ਪਾਸੋਂ ਭਾਰੀ ਮਾਤਰਾ ਵਿੱਚ ਹੈਰੋਇਨ ਬ੍ਰਾਮਦ ਹੋ ਸਕਦੀ ਹੈ। ਜਿਸ ਤੇ ਮੁਖਬਰ ਖਾਸ ਵਲੋਂ ਦਿੱਤੀ ਇਤਲਾਹ ਮੁਤਾਬਿਕ ਫਾਟਕ ਬੀਰ ਪਿੰਡ ਨਾਲ ਪਿੰਡ ਮਾਹੂੰਵਾਲ ਨੂੰ ਜਾਂਦੀ ਸੜਕ ਪਰ ਨਾਕਾਬੰਦੀ ਕੀਤੀ ਗਈ ਤਾਂ ਬੁਲਟ ਮੋਟਰਸਾਈਕਲ ਪਰ ਆ ਰਹੇ ਜਗਦੇਵ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਅਜਾਦ ਨਗਰ ਨਕੋਦਰ ਥਾਣਾ ਸਿਟੀ ਨਕੋਦਰ ਜਿਲ੍ਹਾ ਜਲੰਧਰ ਅਤੇ ਗੁਰਜੀਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਮੈਣਵਾ ਥਾਣਾ ਸਦਰ ਕਪੂਰਥਲਾ ਨੂੰ ਕਾਬੂ ਕਰਕੇ ਜਗਦੇਵ ਸਿੰਘ ਪਾਸੋਂ 502 ਗ੍ਰਾਮ ਹੈਰੋਇਨ ਅਤੇ ਗੁਰਜੀਤ ਸਿੰਘ ਪਾਸੋਂ 02 ਕਿੱਲੋ 500 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਜਿਸ 'ਤੇ ਦੋਸ਼ੀਆ ਖਿਲਾਫ ਮੁਕੱਦਮਾ ਅਧੀਨ ਧਾਰਾ 21(ਸੀ)-61- 85 ਐਨ ਡੀ ਪੀ ਐਸ ਐਕਟ ਥਾਣਾ ਸਦਰ ਨਕੋਦਰ ਦਰਜ ਰਜਿਸਟਰ ਕਰਕੇ ਗ੍ਰਿਫਤਾਰ ਕੀਤਾ ਗਿਆ। ਦੋਸ਼ੀਆ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਅਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ। ਮੁਲਜਮਾਂ ਪਾਸੋਂ 4 ਮੋਬਾਈਲ , ਅਤੇ ਬੁਲਟ ਮੋਟਰਸਾਈਕਲ ਬਿਨਾ ਨੰਬਰੀ ਬਰਾਮਦ ਕੀਤੇ ਗਏ ਹਨ ਉਨਾਂ ਕਿਹਾ ਕਿ ਦੋਸ਼ੀ ਗੁਰਜੀਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਮੈਣਵਾ ਥਾਣਾ ਸਦਰ ਕਪੂਰਥਲਾ ਪਹਿਲਾਂ ਵੀ ਮੁਕੱਦਮਾ ਨੰਬਰ 188/2017 ਥਾਣਾ ਸਿਟੀ ਕਪੂਰਥਲਾ ਵਿੱਚ ਭਗੌੜਾ (ਪੀ . ਓ) ਹੈ। ਅਤੇ ਦੋਸ਼ੀ ਗੁਰਜੀਤ ਸਿੰਘ ਦਾ ਮਾਮਾ ਰਾਕੇਸ਼ ਉਰਫ ਕੇਸ਼ਾ ਪੁੱਤਰ ਬਲਵੰਤ ਵਾਸੀ ਖੁਰਲਾਪੁਰ ਥਾਣਾ ਮਹਿਤਪੁਰ ਜਿਲ੍ਹਾ ਜਲੰਧਰ ਪਾਸੋਂ ਐਸ ਟੀ ਵਲੋਂ 10 ਦਿਨ ਪਹਿਲਾਂ ਮਿਤੀ 10 ਜਨਵਰੀ ਨੂੰ 5.5 ਕਿੱਲੋਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ ਸੀ।

ਤੇਜ਼ ਰਫ਼ਤਾਰ ਤੇ ਲਾਹਪ੍ਰਵਾਹੀ ਕਾਰਨ ਵਿਅਕਤੀ ਦੀ ਮੌਤ

ਲੁਧਿਆਣਾ, 21 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਲਾਡੋਵਾਲ ਅਧੀਨ ਪੈਂਦੇ ਇਲਾਕੇ ਦੇ ਵਾਸੀ ਹਰੇਰਾਮ ਪੁੱਤਰ ਰਾਮ ਪਿਆਰੀ ਰਾਮ ਨੇ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਘਟਨਾ ਵਾਲੇ ਦਿਨ ਉਸਦਾ ਭਰਾ ਸ਼ਾਲੀਗ ਰਾਮ ਗੋਤਮ ਸ੍ਰੀ ਗਣੇਸ਼ ਪੇਪਰ ਮਿੱਲ ਪਿੰਡ ਗੋਸਪੁਰ ਤੋ ਛੁੱਟੀ ਕਰਕੇ ਪੈਦਲ ਆਪਣੇ ਘਰ ਨੂੰ ਜਾ ਰਿਹਾ ਸੀ। ਜਦੋ ਉਹ ਪਿੰਡ ਗੋਰਸਪੁਰ ਤੋ ਪਿੰਡ ਸਲੇਮਪੁਰ ਨੂੰ ਜਾਦੀ ਸੜ੍ਹਕ ਤੇ' ਪਹੁੰਚਿਆ ਤਾਂ ਬੁੱਲਟ ਮੋਟਰ ਸਾਈਕਲ ਦੇ ਅਣਪਛਾਤੇ ਚਾਲਕ ਨੇ ਆਪਣਾ ਮੋਟਰਸਾਇਕਲ ਤੇਜ ਰਫਤਾਰੀ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸਨੂੰ ਫੇਟ ਮਾਰੀ। ਜਿਸ ਕਾਰਨ ਉਸਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਗਈ। ਕੇਸ ਦੀ ਜਾਂਚ ਤਫਤੀਸੀ ਅਫਸਰ ਸੁਰਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਰਾਜਾ ਰਾਮ ਚੰਦਰ ਕੀ, ਜੈ ਮਨਾਓ ਆਜ ਭਜਨ ਗਾ ਕੇ ਰਾਮਲੀਲਾ ਕਮੇਟੀ ਮੈਂਬਰਾਂ ਨੇ ਮਾਹੌਲ ਬਣਾਇਆ ਭਗਤੀ ਮਈ

ਪਿੰਡ ਬੜਵਾ ਹਨੂਮਾਨ ਮੰਦਰ ਵਿਖੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਪ੍ਰਭੂ ਰਾਮ ਦਿਵਸ

ਨੂਰਪੁਰ ਬੇਦੀ 21 ਜਨਵਰੀ (ਜਗਤਾਰ ਜੱਗੀ, ਗੁਰਦੀਪ ਝੱਜ)-ਅਯੋਧਿਆ ਵਿਖੇ ਪ੍ਰਭੂ ਰਾਮ ਚੰਦਰ ਜੀ ਦੇ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਦੇ ਮੱਦੇ ਨਜ਼ਰ ਪਿੰਡ ਬੜਬਾ ਵਿਖੇ ਅੱਜ ਸ੍ਰੀ ਰਮਾਇਣ ਪਾਠ ਦੇ ਭੋਗ ਪਾਏ ਜਾ ਰਹੇ ਹਨ। ਸਰਬਣਾ ਡਰਾਮਾਟਿਕ ਕਲੱਬ (ਰਾਮਲੀਲਾ) ਕਮੇਟੀ ਪਿੰਡ ਬੜਵਾ ਵੱਲੋਂ ਇੱਥੇ ਬਾਈ ਜਨਵਰੀ ਨੂੰ ਧਾਰਮਿਕ ਰੀਤੀ ਰਿਵਾਜਾਂ ਤੋਂ ਉਪਰਾਂਤ ਪੂਰਾ ਪ੍ਰਭੂ ਰਾਮ ਜੀ ਦੀ ਦਿਨ ਭਜਨ ਕੀਰਤਨ ਵੰਦਨਾ ਕੀਤੀ ਜਾਵੇਗੀ। ਅੱਜ ਇੱਥੇ ਸ੍ਰੀ ਰਾਮਾਇਣ ਜੀ ਦੇ ਚੱਲ ਰਹੇ ਪਾਠ ਦੌਰਾਨ ਸਮਾਜ ਸੇਵੀ ਗੌਰਵ ਰਾਣਾ ਵੱਲੋਂ ਸਾਥੀਆਂ ਸਮੇਤ ਨਤਮਸਤਕ ਹੋ ਕੇ ਹਾਜ਼ਰੀ ਲਵਾਈ ਗਈ। ਰਾਣਾ ਨੇ ਕਿਹਾ ਕਿ ਪੂਰੇ ਦੇਸ਼ ਭਰ ਦੇ ਵਿੱਚ ਪ੍ਰਭੂ ਰਾਮ ਜੀ ਦੇ ਪੁਨਰ ਆਗਮਨ ਨੂੰ ਲੈ ਕੇ ਅਲੌਕਿਕ ਲਹਿਰ ਚੱਲ ਰਹੀ ਹੈ। ਤੇ ਸਾਰੇ ਵਰਗ ਰਲ ਮਿਲ ਕੇ ਉਹਨਾਂ ਦਾ ਦਿਨ ਮਨਾ ਰਹੇ ਹਨ। ਸਥਾਨਕ ਪ੍ਰਬੰਧਕਾਂ ਨੇ ਅੱਜ ਰਾਮਲੀਲਾ ਕਮੇਟੀ ਦੇ ਕਲਾਕਾਰਾਂ ਦੇ ਨਾਲ ਉਸੀ ਕੀ ਜੈ ਮਨਾਓ ਆਜ,, ਸ੍ਰੀ ਰਾਜਾ ਰਾਮ ਚੰਦਰ ਕੀ ਜੈ ਮਨਾਉ ਆਜ,, ਉਸਤਤੀ ਦਾ ਗਾਇਣ ਕਰਕੇ ਮਾਹੌਲ ਭਗਤੀ ਮਈ ਬਣਾ ਦਿੱਤਾ। ਇਸ ਮੌਕੇ ਉਥੇ ਪੰਡਿਤ ਸੁਰੇਸ਼ ਭੱਟ, ਪੰਡਿਤ ਅਰਵਿੰਦ ਪ੍ਰਸਾਦ, ਪੰਡਿਤ ਗਜਿੰਦਰ ਸ਼ਰਮਾ, ਭਗਤ ਸ਼ਿਵ ਕੁਮਾਰ ਭਗਤ ਬਲਵੀਰ ਚੰਦ ਬੀਰੀ ਵਿਜੇ ਕੁਮਾਰ ਪਿੰਕਾ, ਬਲਵੰਤ ਰਾਣਾ, ਸ਼ਿਵ ਕੁਮਾਰ ਸ਼ਿੰਦਾ, ਸੰਦੀਪ ਬੜਵਾ ਰੋਸ਼ਨ ਲਾਲ, ਰਜਿੰਦਰ ਸ਼ੀਰਾ ,ਨਰਿੰਦਰ ਬਿੱਟੂ ,ਰਾਮ ਸਰੂਪ ,ਮਾਸਟਰ ਜਸਵਿੰਦਰ ਸਿੰਘ ਬੱਬੀ, ਬਲਵੰਤ ਰਾਣਾ, ਕੰਨੂ ,ਤਰਸੇਮ ਲਾਲ ਹਰੀ ਸੈਨੀ ਤੇ ਸਮੂਹ ਨਗਰ ਨਿਵਾਸੀ ਪਿੰਡ ਬੜਵਾ।

ਅੱਜ ਫੋਕਲ ਪੁਆਇੰਟ ਐਸੋਸੀਏਸ਼ਨ ਵੱਲੋਂ ਲੰਗਰ ਲਗਾਇਆ ਜਾਵੇਗਾ

ਨਾਭਾ 21 ਜਨਵਰੀ (ਪਰਸ਼ੋਤਮ ਮੋਦੀ) ਅੱਜ ਮਿਤੀ 22 ਜਨਵਰੀ 2024 ਦਿਨ ਸੋਮਵਾਰ ਨੂੰ ਅੱਯੁਧਿਆ ਵਿੱਚ ਸ੍ਰੀ ਰਾਮ ਮੰਦਰ 'ਚ ਰਾਮ ਲੱਲਾ ਜੀ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਦੇ ਸ਼ੁਭ ਮੌਕੇ ਤੇ ਫੋਕਲ ਪੁਆਇੰਟ ਐਸੋਸੀਏਸ਼ਨ ਵੱਲੋਂ ਫੋਕਲ ਪੁਆਇੰਟ ਨਾਭਾ ਵਿਖੇ ਪ੍ਰਧਾਨ ਅਮਰੀਕ ਸਿੰਘ ਗਿੱਲ ਦੀ ਅਗਵਾਈ ਹੇਠ ਸਵੇਰੇ 11 ਵਜੇ ਤੋਂ ਲੈ ਕੇ ਪ੍ਰਭੂ ਇੱਛਾ ਤੱਕ ਲੰਗਰ ਦਾ ਅਯੋਜਨ ਕੀਤਾ ਜਾ ਰਿਹਾ ਹੈ, ਇਸ ਮੌਕੇ ਰਜੇਸ਼ ਕੁਮਾਰ ਬੱਬੂ ਜੀ,ਅਸ਼ੀਸ ਸਿੰਗਲਾ, ਸਰਬਜੀਤ ਸਿੰਘ, ਭੂਸਨ ਕੁਮਾਰ,ਦੀਪਕ ਕੁਮਾਰ ਆਦਿ ਮੈਂਬਰ ਸੇਵਾ 'ਚ ਹਾਜ਼ਰ ਰਹਿਣਗੇ।ਇਹ ਜਾਣਕਾਰੀ ਪ੍ਰਧਾਨ ਅਮਰੀਕ ਸਿੰਘ ਨੇ ਦਿੱਤੀ।

ਅਣਪਛਾਤੇ ਵਿਅਕਤੀ ਵੱਲੋਂ ਮੋਟਰਸਾਈਕਲ ਚੋਰੀ

ਲੁਧਿਆਣਾ, 21 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਜਮਾਲਪੁਰ ਅਧੀਨ ਪੈਂਦੇ ਇਲਾਕੇ ਦੇ ਵਾਸੀ ਸੁਨੀਲ ਪੁੱਤਰ ਸਿੰਗਾਰਾ ਰਾਮ ਨੇ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਘਟਨਾ ਵਾਲੇ ਦਿਨ ਉਸਨੇ ਆਪਣਾ ਮੋਟਰ ਸਾਈਕਲ ਅੰਬਰ ਗਾਰਡਨ ਮੈਰਿਜ ਪੈਲਿਸ ਜਮਾਲਪੁਰ ਦੇ ਬਾਹਰ ਲਾਕ ਲਗਾ ਕੇ ਖੜਾ ਕੀਤਾ ਸੀ। ਜਿਸਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ। ਕੇਸ ਦੀ ਜਾਂਚ ਤਫਤੀਸੀ ਅਫਸਰ ਗੁਰਮੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਟੈਗੋਰ ਮਾਡਲ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਵਿਖੇ ਕਲਚਰਲ ਫੈਸਟ ਦਾ ਆਯੋਜਨ

ਨਕੋਦਰ 21 ਜਨਵਰੀ (ਅਨਿਲ ਐਰੀ/ਅਰਵਿੰਦਰ ਸਿੰਘ)-ਟੈਗੋਰ ਮਾਡਲ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਵਿਖੇ ਕਲਚਰਲ ਫੈਸਟ ਕਰਵਾਇਆ ਗਿਆ।ਵਿਦਿਆਰਥੀਆਂ ਨੇ ਐਕਸ਼ਨ ਸਾਂਗ, ਗਿੱਧਾ, ਭੰਗੜਾ ਅਤੇ ਕਵਿਤਾ ਗਾਇਨ ਪੇਸ਼ ਕੀਤਾ। ਸਮਾਰੋਹ ਵਿੱਚ ਸਾਲਾਨਾ ਪ੍ਰੀਖਿਆਵਾਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਮੁੱਖ ਮਹਿਮਾਨ ਦੀ ਭੂਮਿਕਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਮਨੀਸ਼ ਸ਼ਰਮਾ ਨੇ ਨਿਭਾਈ। ਸ ਕੇਵਲ ਸਿੰਘ ਤੱਖਰ, ਰਮਨਪ੍ਰੀਤ ਸਿੰਘ (ਐਸ .ਡੀ.ਓ) ,ਡਾਕਟਰ ਪੰਕਜ ਚਾਵਲਾ ਦੋਨੋਂ ਹੀ ਸਾਬਕਾ ਵਿਦਿਆਰਥੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਅਤੇ ਡਾ ਨਵਜੋਤ ਸਿੰਘ ਦਹਿਆ,ਗੌਰਵ ਜੈਨ ,ਹੇਮੰਤ ਸ਼ਰਮਾ ਅਤੇ ਸ਼ਹਿਰ ਦੇ ਪਤਵੰਤੇ ਹਾਜਰ ਸਨ। ਪ੍ਰਧਾਨ ਮਨਮੋਹਨ ਪਰਾਸ਼ਰ, ਮਹੇਸ਼ ਚੰਦਰ, ਸ਼ਾਮ ਲਾਲ ਲੂੰਬਾ ਨੇ ਮਹਿਮਾਨਾ ਦਾ ਧੰਨਵਾਦ ਕੀਤਾ। ਅਤੇ ਕੋਰਡੀਨੇਟਰ ਨਿਸ਼ਾਂਤ ਪਰਾਸ਼ਰ, ਰੁਪਿੰਦਰ ਰਿਪੀ, ਨੇ ਸਕੂਲ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ। ਟੈਗੋਰ ਮਾਡਲ ਸਕੂਲ, ਨਕੋਦਰ ਦੀ ਪ੍ਰਿੰਸੀਪਲ ਪਲਵਿੰਦਰ ਕੌਰ ਨੇ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ।

ਲੋਕਾਂ ਸਭਾ ਚੋਣਾ ਸੰਬੰਧੀ ਭਾਜਪਾ ਵਰਕਰਾਂ ਦੀਆਂ ਸੰਗਠਨਾਤਮਕ ਨਿਯੁਕਤੀਆਂ ਕੀਤੀਆਂ

ਅਮਲੋਹ, 21 ਜਨਵਰੀ (ਸੂਦ)-ਭਾਰਤੀ ਜਨਤਾ ਪਾਰਟੀ ਅਮਲੋਹ ਦੇ ਬਲਾਕ ਪ੍ਰਧਾਨ ਐਡ .ਮਯੰਕ ਸ਼ਰਮਾ ਦੀ ਅਗਵਾਈ ਹੇਠ ਲੋਕਾਂ ਸਭਾ ਚੋਣਾ ਸੰਬੰਧੀ ਭਾਜਪਾ ਵਰਕਰਾਂ ਦੀਆਂ ਸੰਗਠਨਾਤਮਕ ਨਿਯੁਕਤੀਆਂ ਕੀਤੀਆ ਗਈਆ। ਇਸ ਮੌਕੇ ਵਿਧਾਨ ਸਭਾ ਪਰਭਾਰੀ ਅਨੁਜ ਛਾੜੀਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆ ਪਾਰਟੀ ਦੇ ਜਿਲਾ ਮੀਤ ਪ੍ਰਧਾਨ ਵਿਨੋਦ ਮਿੱਤਲ ਨੂੰ ਸਮਸ਼ਪੁਰ ਬਲਾਕ ਅਤੇ ਜੋਗਿੰਦਰ ਸਿੰਘ ਨਰੈਣਗੜ੍ਹ ਨੂੰ ਅਮਲੋਹ ਵਿਧਾਨ ਸਭਾ ਦਾ ਪਰਭਾਰੀ ਨਿਯੁਕਤ ਕੀਤਾ ਨਾਲ ਹੀ ਅਰਜਨ ਸਿੰਘ ਸਾਹਪੁਰ ਨੂੰ ਵਿਸ਼ਵਕਰਮਾ ਯੋਜਨਾ ਦਾ ਇੰਚਾਰਜ ਨਿਯੁਕਤ ਕੀਤਾ। ਭਾਜਪਾ ਮੰਡਲ ਦੇ ਸਕੱਤਰ ਗਗਨ ਖੁੱਲਰ ਨੂੰ ਨਵੀ ਜਵਾਨਿੰਗ ਦਾ ਇੰਚਾਰਜ ਨਿਯੁਕਤ ਕੀਤਾ। ਲੋਕਾਂ ਸਭਾ ਹਲਕੇ ਦੇ ਕਨਵੀਨਰ ਪ੍ਰਦੀਪ ਗਰਗ ਨੇ ਬਲਾਕ ਅਮਲੋਹ ਦੇ ਚੱਲ ਰਹੇ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਸੁਝਾਅ ਲਏ। ਇਸ ਮੌਕੇ ਪਾਰਟੀ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਸੁਖਵਿੰਦਰ ਸਿੰਘ ਸੁੱਖੀ, ਜ਼ਿਲ੍ਹਾ ਮੀਤ ਪ੍ਰਧਾਨ ਵਿਨੋਦ ਮਿੱਤਲ, ਜਿਲ੍ਹਾ ਮੀਤ ਪ੍ਰਧਾਨ ਜੋਗਿੰਦਰ ਨਰੈਣਗੜ੍ਹ , ਭਗਵਾਨ ਸਿੰਘ ਵਿਧਾਨ ਸਭਾ ਦੇ ਵਿਸਤਾਰਕ ਅਤੇ ਕਿਸਾਨ ਵਿੰਗ ਦੇ ਪ੍ਰਧਾਨ ਅਰਜਨ ਸਿੰਘ ਸਾਹਪੁਰ ਆਦਿ ਮੌਜੂਦ ਸਨ।

ਵਿਆਹ ਕਰਾਉਣ ਦਾ ਝਾਂਸਾ ਦੇ ਕੇ ਨਾਬਾਲਿਗਾ ਅਗਵਾ

ਲੁਧਿਆਣਾ, 21 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਫੋਕਲ ਪੁਆਇੰਟ ਅਧੀਨ ਪੈਂਦੇ ਇਲਾਕੇ ਦੀ ਵਾਸੀ ਰੇਖਾ ਚੋਹਾਨ ਪਤਨੀ ਗੋਪਾਲ ਚੋਹਾਨ ਨੇ ਸੋਨੂੰ ਕੁਮਾਰ ਪਰਜਾਪਤ ਪੁੱਤਰ ਰਾਮ ਤੀਰਥ ਪਰਜਾਪਤ ਦੇ ਖਿਲਾਫ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਘਟਨਾ ਵਾਲੇ ਦਿਨ ਉਸਦੀ ਲੜਕੀ ਪੂਨਮ ਘਰੋ ਬਿਨ੍ਹਾਂ ਦੱਸੇ ਪੁੱਛੇ ਕਿਧਰੇ ਚਲੀ ਗਈ। ਜਿਸਦੀ ਭਾਲ ਕਰਨ ਤੇ' ਪਤਾ ਲੱਗਾ ਕਿ ਉਕਤ ਦੋਸ਼ੀ ਉਸਦੀ ਲੜਕੀ ਨੂੰ ਵਿਆਹ ਕਰਵਾਉਣ ਦੀ ਨੀਯਤ ਨਾਲ ਵਰਗਲਾ ਫੁਸਲਾ ਕੇ ਕਿਧਰੇ ਭਜਾ ਕੇ ਲੈ ਗਈ। ਕੇਸ ਦੀ ਜਾਂਚ ਤਫਤੀਸੀ ਅਫਸਰ ਬਲਵਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਏ ਮਾਰਗ ਤੇ ਚੱਲਣ ਦੀ ਜ਼ਰੂਰਤ : ਡਾ.ਹਰਬੰਸ ਲਾਲ

ਫਤਹਿਗੜ੍ਹ ਸਾਹਿਬ, 21 ਜਨਵਰੀ (ਗਿੰਨੀ ਸੂਦ)-ਸੰਘੋਲ ਵਿਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਪੂਰਬ ਨੂੰ ਮੁੱਖ ਰੱਖ ਕੇ ਸਮਾਗਮ ਕੀਤਾ ਗਿਆ। ਇਸ ਮੌਕੇ ਸਾਬਕਾ ਮੰਤਰੀ ਡਾ.ਹਰਬੰਸ ਲਾਲ ਨੇ ਕਿਹਾ ਕਿ ਗੁਰੂ ਸਾਹਿਬ ਨੇ ਜਬਰ ਜ਼ੁਲਮ ਦੇ ਖਿਲਾਫ ਲੜਾਈ ਲੜੀ ਅਤੇ ਆਪਣੇ ਸਾਰੇ ਪਰਿਵਾਰ ਨੂੰ ਦੇਸ਼ ਅਤੇ ਕੌਮ ਦੀ ਖਾਤਰ ਕੁਰਬਾਨ ਕਰ ਦਿੱਤਾ। ਉਨ੍ਹਾਂ ਨੇ ਸਿੱਖੀ ਦਾ ਜੋ ਬੂਟਾ ਲਾਇਆ ਉਹ ਸਾਨੂੰ ਹਮੇਸ਼ਾ ਸੱਚ 'ਤੇ ਪਹਿਰਾ ਦੇਣ ਦੀ ਪ੍ਰੇਰਨਾ ਦਿੰਦਾ ਹੈ, ਇਸ ਲਈ ਸਾਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚਲਣ ਦੀ ਲੋੜ ਹੈ। ਇਸ ਮੌਕੇ ਭਾਜਪਾ ਦੇ ਸੰਘੋਲ ਮੰਡਲ ਦੇ ਪ੍ਰਧਾਨ ਸ਼ਾਮ ਲਾਲ ਨਰੂਲਾ ਨੇ ਹਲਕਾ ਬਸੀ ਪਠਾਨਾਂ ਦੇ ਇੰਚਾਰਜ ਅਤੇ ਸਾਬਕਾ ਮੰਤਰੀ ਡਾ.ਹਰਬੰਸ ਲਾਲ ਅਤੇ ਭਾਜਪਾ ਦੇ ਐਸ.ਸੀ.ਮੋਰਚੇ ਦੇ ਸੂਬਾ ਬੁਲਾਰੇ ਕੁਲਦੀਪ ਸਿੰਘ ਸਿਧੂਪੁਰ ਦਾ ਗੁਰੂ ਸਾਹਿਬ ਦਾ ਸਨਮਾਨ ਵੀ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਦੇਸ ਦੇ ਪ੍ਰਧਾਨ ਮੰਤਰੀ ਨੇਰਿੰਦਰ ਮੋਦੀ ਵੱਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਹਿਬਜਾਦਿਆਂ ਦੀ ਅਦੁੱਤੀ ਸ਼ਹਾਦਤ 'ਤੇ ਨਮਨ ਹੁੰਦਿਆਂ 26 ਦਸਬੰਰ ਨੂੰ ਵੀਰ ਬਾਲ ਦਿਵਸ ਪੂਰੇ ਦੇਸ਼ ਵਿਚ ਮਨਾ ਕੇ ਸੱਚੀ ਸ਼ਰਧਾਜਲੀ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ 66 ਕੂਕੇਆ ਵੱਲੋਂ ਬਰਤਾਨੀਆਂ ਸਾਮਰਾਜ ਦੇ ਨਾਲ ਅਜ਼ਾਦੀ ਲਈ ਲੜਾਈ ਲੜਦੇ ਹੋਏ ਸ਼ਹੀਦੀ ਦਿਤੀ। ਉਨ੍ਹਾਂ ਨੂੰ ਵੀ ਇਸ ਮੌਕੇ ਸਰਧਾਂਜਲੀ ਦਿਤੀ ਗਈ। ਇਸ ਮੌਕੇ ਛੱਜੂ ਰਾਮ, ਮਤੀਸ ਰਾਣਾ ਪ੍ਰਧਾਨ ਕਿਸਾਨ ਮੋਰਚਾ, ਮੋਹਣ ਰਾਣਾ, ਜਤਿੰਦਰ ਸਿੰਘ, ਰਵਿੰਦਰ ਭੋਲਾ, ਰੋਸ਼ਨ ਖਾਨ, ਜਸਵੀਰ ਸਿੰਘ, ਰਮੇਸ਼ ਕੁਮਾਰ ਪੱਪਾ, ਰੋਹਿਤ ਕੁਮਾਰ, ਬਲਰਾਮ ਰਾਣਾਂ, ਸੋਨੂੰ ਰਾਣਾ, ਵਿਨੋਦ ਕੁਮਾਰ ਬਿੱਟੂ, ਸੁਭਾਸ ਰਾਣਾ ਅਤੇ ਜਨਰਲ ਸਕੱਤਰ ਸੰਕਰ ਪਰੈਸੀ ਆਦਿ ਮੌਜੂਦ ਸਨ।

ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਦਾ ਲੰਗਰ

ਫੋਟੋ-ਜੈਦਕਾ

ਅਮਰਗੜ੍ਹ 21 ਜਨਵਰੀ(ਜੈਦਕਾ)-ਗੁਰੂ ਨਾਨਕ ਰਸੋਈ ਵੱਲੋਂ ਸਰਬੰਤ ਦੇ ਭਲੇ ਲਈ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਰਸੋਈ ਵੱਲੋਂ ਹਰ ਰੋਜ ਹਸਪਤਾਲ ਦੇ ਮਰੀਜ਼ਾਂ ਨੂੰ ਸਵੇਰੇ ਚਾਹ-ਬਿਸਕੁਟ ਦਾ ਲੰਗਰ ਦੇ ਨਾਲ ਨਾਲ ਬਸ ਸਟੈਂਡ 'ਤੇ ਦੂਰੋ ਆਉਣ ਵਾਲੀਆਂ ਸਵਾਰੀਆਂ ਅਤੇ ਅਖ਼ਵਾਰੀ ਹਾਕਰਾਂ ਲਈ ਵੀ ਚਾਹ ਦਾ ਲੰਗਰ ਲਗਾਇਆ ਜਾ ਰਿਹਾ ਹੈ। ਪ੍ਰਧਾਨ ਦਰਸ਼ਨ ਸਿੰਘ, ਹਰਦੀਪ ਸਿੰਘ ਦੀਪਾ, ਮਾਸਟਰ ਇੰਦਰਜੀਤ ਸਿੰਘ, ਨੰਬਰਦਾਰ ਦਲਜੀਤ ਸਿੰਘ ਆਦਿ ਨੇ ਦੱਸਿਆ ਕਿ ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ ਸਰਦੀਆਂ ਦਾ ਮੇਵਾ ਹੁੰਦਾ ਹੈ। ਲੋਕਾਂ ਨੇ ਆਨੰਦ ਨਾਲ ਭੋਜਨ ਕੀਤਾ ਜਿਸ ਨਾਲ ਉਨਾਂ ਨੂੰ ਬਹੁਤ ਖੁਸ਼ੀ ਹੋਈ ਹੈ। ਲੰਗਰ ਦੀ ਸੇਵਾ ਮੁਹੰਮਦ ਅਨਵਰ, ਗੁਰਦਰਸ਼ਨ ਸਿੰਘ, ਮਹਿੰਦਰ ਸਿੰਘ, ਹਰਦੇਵ ਸਿੰਘ ਗਿੱਲ, ਗੁਰਜੀਤ ਸਿੰਘ, ਨੇਤਰ ਸਿੰਘ, ਦਰਸ਼ਨ ਸਿੰਘ ਰਾਏਪੁਰ, ਡਾ ਅਵਤਾਰ ਸਿੰਘ, ਮਨਜਿੰਦਰ ਸਿੰਘ, ਨਿਰਮਲ ਸਿੰਘ ਜੇ.ਈ ਆਦਿ ਨੇ ਨਿਭਾਈ।

ਰਾਜਗੁਰੂ ਨਗਰ ਵਿਖੇ ਇਮੀਗ੍ਰੇਸ਼ਨ ਸਪੋਟਰਸ ਨਾਮ ਦਾ ਨਵਾਂ ਆਫਿਸ ਦਾ ਹੋਇਆ ਉਦਘਾਟਨ

ਲੁਧਿਆਣਾ 21 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ)- ਐਡਵੋਕੇਟ ਅਮਨਦੀਪ ਕੌਰ ਵੱਲੋਂ ਰਾਜਗੁਰੂ ਨਗਰ ਵਿੱਚ ਐਸ.ਸੀ.ਉ 20 ,ਸਥਿਤ ਸਿੰਧੀ ਮਾਰਕੀਟ ਵਿਖੇ ਵਰਕ, ਸਟੱਡੀ, ਵਿਜਟਰ ਅਤੇ ਪੀ.ਆਰ ਦੁਆਰਾ ਵਿਦੇਸ਼ ਜਾ ਕੇ ਵਸਣ ਵਾਲਿਆਂ ਲਈ ਇਮੀਗ੍ਰੇਸ਼ਨ ਸਪੋਟਰਸ ਨਾਮ ਦਾ ਨਵਾਂ ਆਫਿਸ ਖੋਲਿਆ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਗੁਰੂ ਮਹਾਰਾਜ ਦਾ ਓਟ ਆਸਰਾ ਲੈਂਦੇ ਹੋਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਉਦਘਾਟਨ ਕੀਤਾ ਗਿਆ ਜਿਸ ਦੌਰਾਨ ਯੂਐਲਓ ਇਮੀਗਰੇਸ਼ਨ ਐਕਸਪਰਟ ਸਪੀਕਰ ਸਿੰਘ ਮੋਗਾ ਅਤੇ ਯੂਥ ਆਗੂ ਗੁਰਪ੍ਰੀਤ ਸਿੰਘ ਬੇਦੀ ਨੇ ਮੁੱਖ ਮਹਿਮਾਨ ਵਜੋਂ ਪਹੁੰਚੇ।ਇਸ ਮੌਕੇ ਗੱਲਬਾਤ ਕਰਦਿਆਂ ਮੈਡਮ ਅਮਨਦੀਪ ਕੌਰ ਨੇ ਕਿਹਾ ਕਿ ਉਹ ਕਨੇਡਾ ਵਿੱਚ ਰਹਕੇ ਇਮੀਗ੍ਰੇਸ਼ਨ ਦੇ ਕੰਮ ਪ੍ਰਤੀ ਬੜੀ ਬਾਰੀਕੀ ਨਾਲ ਜਾਣਕਾਰੀ ਹਾਸਿਲ ਕੀਤੀ ਹੈ ਉਹ ਐਡਵੋਕੇਟ ਹੋਣ ਦੇ ਨਾਤੇ ਸਹੀ ਢੰਗ ਤਰੀਕੇ ਦੇ ਨਾਲ ਗਾਈਡ ਵੀ ਕਰਨਗੇ ਅਤੇ ਲੀਗਲ ਇਮੀਗ੍ਰੇਸ਼ਨ ਸਰਵਿਸਿਜ਼ ਬਾਰੇ ਜਾਣਕਾਰੀ ਦਿੰਦੇ ਹੋਏ ਲੀਗਲ ਤਰੀਕੇ ਦੇ ਨਾਲ ਵਿਦੇਸ਼ ਭੇਜਣਗੇ। ਉਨਾਂ ਵਿਦੇਸ਼ ਜਾਣ ਦੇ ਚਾਹਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇੱਕ ਵਾਰ ਸਾਡੇ ਨਾਲ ਜ਼ਰੂਰ ਸੰਪਰਕ ਕਰੋ ਤਾਂ ਜੋ ਬਿਹਤਰ ਤੇ ਆਸਾਨ ਤਰੀਕੇ ਦੇ ਨਾਲ ਵਿਦੇਸ਼ ਜਾਣ ਦੀ ਤੁਹਾਡੀ ਇੱਛਾ ਨੂੰ ਪੂਰਾ ਕੀਤਾ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ ਜਗਦੀਪ ਸਿੰਘ ਕੈਂਟੀ,ਯੂਥ ਆਗੂ ਸਨੀ ਥਰੀਕੇ, ਜਸਪਾਲ ਸਿੰਘ,ਓਂਕਾਰ ਸਿੰਘ,ਜਗਜੀਤ ਸਿੰਘ ਅਰੋੜਾ,ਕੈਪਟਨ ਕੁਲਵੰਤ ਸਿੰਘ, ਹਰਵਿੰਦਰ ਸਿੰਘ, ਰਿੱਕੀ, ਰਾਜੂ ਆਦਿ ਹਾਜ਼ਰ ਸਨ।

ਫੋਟੋ-ਅਮਰੀਕ ਸਿੰਘ ਪ੍ਰਿੰਸ

ਚੌਥਾ ਦਰਜਾ ਕਰਮਚਾਰੀ ਸਮੂੰਹਕ ਤੌਰ ਤੇ 26 ਜਨਵਰੀ ਨੂੰ ਪੰਜਾਬ ਦੇ ਰਾਜਪਾਲ ਨੂੰ ਦੇਣਗੇ ਮੰਗਾਂ ਦਾ ਯਾਦ ਪੱਤਰ - ਦਰਸ਼ਨ ਲੁਬਾਣਾ

ਦੇਵੀਗੜ੍ਹ 21 ਜਨਵਰੀ (ਵਿਜੈ ਕੁਮਾਰ ਸ਼ਰਮਾ): ਦੇਵੀਗੜ੍ਹ ਨਜਦੀਕ ਪਟਿਆਲਾ ਜਿਲ੍ਹੇ ਵਿਖੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਮੁਲਾਜਮਾਂ, ਪੈਨਸ਼ਨਰਜ਼, ਪੁਰਾਣੀ ਪੈਨਸ਼ਨ ਬਹਾਲੀ ਅਤੇ ਕੱਚੇ ਮੁਲਾਜਮਾਂ ਸਮੇਤ ਸਕੀਮ ਕਰਮੀਆਂ ਦੀਆਂ ਮੰਗਾਂ ਨੂੰ "ਆਪ ਸਰਕਾਰ ਦੋ ਸਾਲਾ ਤੋਂ ਲਗਾਤਾਰ ਅੱਖੋ ਔਹਲੇ ਕਰਨ ਦੇ ਵਿਰੋਧ ਵਿੱਚ ਗਣਤੰਤਰ ਦਿਵਸ ਤੇ ਮੁੱਖ ਮੰਤਰੀ ਸਮੇਤ ਕੈਬਨਿਟ ਮੰਤਰੀਆਂ ਨੂੰ ਵੱਡੀ ਇਕੱਤਰਤਾ ਕਰਕੇ ਮੰਗਾ ਦੇ ਯਾਦ ਪੱਤਰ ਦਿੱਤੇ ਜਾਣਗੇ। ਇੱਥੇ ਸਟੇਟ ਕਾਲਜ ਆਫ ਐਜੂਕੇਸ਼ਨ ਅੱਗੇ ਚੌਥਾ ਦਰਜਾ ਮੁਲਾਜਮਾਂ ਵਲੋਂ ਗੇਟ ਰੈਲੀ ਸਮੇਂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੂਬਾ ਜਨਰਲ ਸਕੱਤਰ ਬਲਜਿੰਦਰ ਸਿੰਘ ਨੇ ਇੱਕ ਪ੍ਰੈਸ ਨੋਟ ਜਾਰੀ ਕਰਕੇ ਦੱਸਿਆ ਕਿ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਜੀ ਪਟਿਆਲਾ ਵਿਖੇ ਕੌਮੀ ਝੰਡਾ ਲਹਿਰਾਉਣ ਲਈ 26 ਜਨਵਰੀ ਨੂੰ ਪੁੱਜ ਰਹੇ ਹਨ। ਇਸ ਮੌਕੇ ਮੁਲਾਜਮਾਂ, ਪੈਨਸ਼ਨਰਾਂ 2004 ਦੀ ਪੈਨਸ਼ਨ ਬਹਾਲੀ ਅਤੇ ਕੱਚੇ ਮੁਲਾਜਮਾਂ ਸਮੇਤ ਸਕੀਮ ਵਰਕਰਾਂ ਨੇ ਸੰਘਰਸ਼ ਕਰਕੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਦਿੱਤੇ ਮੰਗ ਪੱਤਰਾਂ ਦਾ ਮੈਮੋਰੰਡਮ "ਆਪ ਸਰਕਾਰ ਦੇ ਲਾਰਿਆਂ ਵਿਰੁੱਧ ਇਕੱਤਰਤਾ ਰਾਹੀਂ ਰੋਸ ਮਾਰਚ ਕਰਕੇ ਦਿੱਤਾ ਜਾਵੇਗਾ। ਜਿਸ ਦੀਆਂ ਤਿਆਰੀਆਂ ਵਜੋਂ ਗੇਟ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਵਿਚਲੇ ਸਰਕਾਰੀ ਕਾਲਜਾਂ ਵਿੱਚ ਕੰਮ ਕਰਦੇ ਕੱਚੇ ਕਰਮੀਆਂ ਨੂੰ ਪੱਕਾ ਕਰਵਾਉਣ ਤੇ ਮਿਤੀ 27 ਸਤੰਬਰ 2023 ਨੂੰ ਡਾਇਰੈਕਟਰ ਸਿੱਖਿਆ ਵਿਭਾਗਾਂ(ਕਾਲਜਾਂ) ਵਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਕਾਲਜਾਂ ਅੱਗੇ ਪੜਾਅਵਾਰ ਰੈਲੀਆਂ ਵੀ ਕੀਤੀਆਂ ਜਾਣਗੀਆਂ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਨਾਰੰਗ ਸਿੰਘ, ਸੂਰਜ ਯਾਦਵ, ਪ੍ਰੀਤਮ ਚੰਦ ਠਾਕੁਰ, ਰਾਮ ਲਾਲ ਰਾਮਾ, ਸ਼ਿਵ ਚਰਨ, ਰਾਮ ਪ੍ਰਸਾਦ ਸਹੋਤਾ, ਬਲਬੀਰ ਸਿੰਘ, ਮੱਖਣ ਸਿੰਘ, ਸੁਨੀਲ ਦੱਤ, ਰਮੇਸ਼ ਕੁਮਾਰ, ਪ੍ਰਕਾਸ਼ ਸਿੰਘ ਲੁਬਾਣਾ, ਹਰਬੰਸ ਸਿੰਘ ਵਰਮਾ, ਲਖਵੀਰ ਸਿੰਘ, ਸੁਭਾਸ਼, ਜਗਤਾਰ ਬਾਬਾ, ਨਿਰਮਲ ਸਿੰਘ, ਦਿਆ ਸ਼ੰਕਰ, ਤਰਲੋਕ ਰਾਮ, ਬੁੱਧ ਰਾਮ ਆਦਿ ਆਗੂ ਹਾਜਰ ਸਨ।

ਚਿੰਤਕਾ ਵੱਲੋਂ .ਗਦਰੀ ਬਾਬਿਆਂ ਦੀ ਵਿਚਾਰਧਾਰਾ ਅਤੇ ਸਮੇਂ ਦੀਆਂ ਚੁਣੌਤੀਆਂ ਸਮਝਣ ਤੇ ਜ਼ੋਰ ਦਿੱਤਾ ਗਿਆ

ਖਰੜ, 21 ਜਨਵਰੀ (ਮਲਕੀਤ ਸਿੰਘ ਸੈਣੀ)-ਮੌਜੂਦਾ ਸਮੇਂ ਮਨੁੱਖੀ ਬੌਧਿਕ ਵਿਕਾਸ ਦੀਆਂ, ਸਮੱਸਿਆਵਾਂ ਬਹੁਤ ਵੱਡੀਆਂ ਹਨ । ਜਿਨ੍ਹਾਂ, ਨੂੰ ਸਮਝਣ ਲਈ ਸਾਨੂੰ ਪੰਜਾਬ ਦੀ ਜਾਨਦਾਰ ਵਿਰਾਸਤ ਨੂੰ ਸਮਝਣਾ ਪਵੇਗਾ ,ਸਾਨੂੰ ਆਪਣੇ ਇਤਿਹਾਸਕ ਨਾਇਕਾ ਤੋਂ ਪ੍ਰੇਰਿਤ ਵੀ ਹੋਣਾ ਪਵੇਗਾ ਅਤੇ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਨੂੰ ਪ੍ਰਵਾਨ ਕਰਨਾ ਹੋਵੇਗਾ । ਇਹ ਵਿਚਾਰ ਪ੍ਰਗਤੀਸ਼ੀਲ ਲੇਖਕ ਅਤੇ ਚਿੰਤਕ ਡਾ? ਕੁਲਦੀਪ ਸਿੰਘ ਦੀਪ ਨੇ ਪ੍ਰਗਟ ਕੀਤੇ । ਉਹ ਸਥਾਨਕ ਸ੍ਰੀ ਗੁਰੂ ਰਵੀਦਾਸ ਭਵਨ ਵਿਖੇ, ਗ਼ਦਰੀ ਬਾਬੇ ਵਿਚਾਰਧਾਰਕ ਮੰਚ ਖਰੜ ਵੱਲੋਂ ਅਯੋਜਿਤ ਸੈਮੀਨਾਰ,' ਗ਼ਦਰੀ ਬਾਬੇ ਕੌਣ ਸਨ, ਅਜੋਕੇ ਸਮੇ ਵਿੱਚ ਉਨ੍ਹਾਂ ਦੀ ਵਿਚਾਰਧਾਰਕ ਸਾਰਥਿਕਤਾ ' ਦੇ ਵਿਸੇ? ਉਤੇ ਕੁੰਜੀਵਤ ਭਾਸ਼ਣ ਦੇ ਰਹੇ ਸਨ । ਉਨ੍ਹਾਂ ਇਸ ਮੌਕੇ 'ਤੇ ਦੇਸ਼ 'ਤੇ ਅੰਗਰੇਜਾਂ ਵੱਲੋਂ ਕੀਤੇ ਕਬਜ਼ੇ , 1857 ਦੇ ਗ਼ਦਰ ਦੀ ਗੱਲ ਕੀਤੀ ,ਭਾਈ ਮਹਾਰਾਜ ਸਿੰਘ ਜਿਹੇ ਨਾਇਕਾਂ ਦੇ ਬਲੀਦਾਨ, ਕੂਕਾ ਲਹਿਰ ਦੌਰਾਨ ਮਲੇਰਕੋਟਲਾ ਦੀ ਧਰਤੀ ਤੇ ਅੰਗਰੇਜ ਹੁਕਮਰਾਨਾ ਵੱਲੋਂ 70 ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦੇ ਇਤਿਹਾਸਿਕ ਸਾਕੇ ਦੀ, ਬੱਬਰ ਅਕਾਲੀ ਲਹਿਰ ਦੀ ਅਤੇ 1913 ਵਿੱਚ ਅਮਰੀਕਾ ਦੀ ਧਰਤੀ ਤੇ ਸਥਾਪਿਤ ਕੀਤੀ ਗਈ ਗ਼ਦਰ ਪਾਰਟੀ ਦੀ ਵਿਆਖਿਆ ਕੀਤੀ। ਉਨ੍ਹਾਂ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ,ਪੰਡਤ ਕਾਂਸੀ ਰਾਮ ਮੜੌਲੀ ਅਤੇ ਦਰਜਨਾਂ ਗ਼ਦਰੀ ਦੇਸ਼ ਭਗਤਾਂ ਨੇ, ਸਾਡੇ ਜੀਵਨ ਵਿੱਚ ਰੰਗ ਭਰਨ ਲਈ ਆਪਣਾ ਬਲੀਦਾਨ ਦਿੱਤਾ ਸੀ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਆਪਣੀ ਅਹੂਤੀ ਦਿੱਤੀ । ਉਨ੍ਹਾਂ ਦੱਸਿਆ ਕਿ ਪੰਜਾਬ ਦੀ ਅਗਵਾਈ ਵਿੱਚ ਕਿਸਾਨ ਸੰਗਰਾਮ ਵੀ ਇਸੇ ਇਤਿਹਾਸ ਤੋਂ ਪ੍ਰੇਰਿਤ ਸੀ। ਉਨ੍ਹਾਂ ਇਹ ਦੁੱਖ ਪ੍ਰਗਟ ਕੀਤਾ ਕਿ ਪੰਜਾਬ ਦੀ ਜਵਾਨੀ ਦਾ ਵੱਡਾ ਹਿੱਸਾ ਸ਼ਬਦ ਅਤੇ ਸਮਝ ਤੋਂ ਕੋਰਾ ਰਹਿ ਰਿਹਾ ਹੈ, ਉਹ ਇਤਿਹਾਸ ਤੋਂ ਪ੍ਰੇਰਿਤ ਨਹੀਂ ਹੋ ਰਿਹਾ ਸਗੋਂ ਕਾਮਯਾਬੀ ਦੇ ਨੇੜਲੇ ਰਸਤੇ ਵਜੋਂ ਵਿਦੇਸ਼ਾ ਵੱਲ ਭੱਜ ਰਿਹਾ ਹੈ । ਇਸ ਮੌਕੇ ਤੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਬੁਲਾਰੇ ਅਮਲੋਕ ਸਿੰਘ ਨੇ ਗ਼ਦਰ ਲਹਿਰ ਦੀ ਵਿਖਾਇਆ ਕਰਦਿਆਂ ਦੱਸਿਆ ਕਿ 1947 ਦੀ ਆਜਾਦੀ ,ਗ਼ਦਰੀ ਬਾਬਿਆਂ ਦੇ ਸੁਪਨਿਆ ਦੀ ਆਜ਼ਾਦੀ ਨਹੀ ਹੈ । ਗ਼ਦਰੀ ਬਾਬੇ , ਸਾਡੇ ਭਗਤ ਸਰਾਭੇ, ਬਰਾਬਰੀ ਅਧਾਰਿਤ ਅਤੇ ਲੁੱਟ ਰਹਿਤ ਸਮਾਜ ਦੀ ਗੱਲ ਕਰਦੇ ਸਨ । ਉਹ ਸਭ ਨੂੰ ਸਮਾਨ ਮੌਕੇ ਮਿਲਣ ਦੀ ਗੱਲ ਕਰਦੇ ਸਨ ਜਦੋਂ ਕਿ 1947 ਤੋਂ ਬਾਅਦ ਦੀ ਵਿਵਸਥਾ ਨੇ ਅਮੀਰ/ਗਰੀਬ ਦੇ ਪਾੜੇ ਵਿੱਚ ਵਾਧਾ ਹੀ ਕੀਤਾ ਹੈ। ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਬੇਇਨਸਾਫੀ ਵਧੀ ਹੈ। ਦੇਸ਼ ਨੂੰ ਪੁਲਿਸ ਰਾਜ ਬਣਾਕੇ ਰੱਖ ਦਿੱਤਾ ਗਿਆ ਹੈ । ਉਨ੍ਹਾਂ ਸੁਚੇਤ ਕੀਤਾ ਕਿ ਦੇਸ਼ ਦੇ ਹੁਕਮਰਾਨ ਸਾਰੇ ਦੇਸ਼ ਨੂੰ ਹਿੰਦੂਤੱਵ ਦੇ ਰੰਗ ਵਿੱਚ ਰੰਗਣਾ ਲੋਚਦੇ ਹਨ । ਜੇਕਰ ਉਹ ਆਪਣੇ ਮਕਸਦ ਵਿੱਚ ਸਫਲ ਹੋ ਜਾਂਦੇ ਹਨ ਤਾਂ ਹਕੂਮਤੀ ਪੰਜਾ ਹਰੇਕ ਨਿਆਂ-ਪਸੰਦ ਦੇ ਗੱਲ ਤੱਕ ਅੱਪੜੇਗਾ ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਸੰਤੁਲਿਤ-ਚਿੰਤਨ ਅਤੇ ਜੁਗਲਬੰਦੀ ਕਰਨ ਦੀ ਜਰੂਰਤ ਹੈ । ਇਸ ਮੌਕੇ ਤੇ ਪ੍ਰਿਥੀਪਾਲ ਸਿੰਘ ਮਾਘੀ ਮੇੜਾ, ਕਰਨੈਲ ਸਿੰਘ ,ਬਲਵਿੰਦਰ ਸਿੰਘ ਜੰਮੂ, ਸੰਤਵੀਰ, ਗੁਰਦੇਵ ਅਰਨੀਵਾਲਾ,ਸੁਖਵਿੰਦਰ ਸਿੰਘ ਦੁੰਮਣਾ,ਹਰਨਾਮ ਸਿੰਘ ਡੱਲਾ ਆਦਿ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਤੇ ਦਰਜਨਾ ਸਰੋਤਿਆਂ ਨੇ ਆਪੋ-ਆਪਣੇ ਸਵਾਲ ਰੱਖੇ, ਜਿਨ੍ਹਾਂ ਦੇ ਜਵਾਬ ਆਏ ਮਹਿਮਾਨਾਂ ਵੱਲੋਂ ਦਿੱਤੇ ਗਏ। ਇਸ ਮੌਕੇ ਤੇ ਗੁਰਦੀਪ ਸਿੰਘ ਮੋਹਾਲੀ ਕ੍ਰਿਪਾਲ ਸਿੰਘ ਮੁੰਡੀ ਖਰੜ ,ਗੁਰਮੀਤ ਸਿੰਗਲ,ਭੁਪਿੰਦਰ ਸਿੰਘ ਭਾਗੋਮਾਜਰਾ ,ਗੁਰਮੀਤ ਸਿੰਘ ਖਰੜ ,ਸਤਵਿੰਦਰ ਸਿੰਘ ਮੜੌਲਵੀ ,ਕੇਵਲ ਜੋਸ਼ੀ, ਦਲਜੀਤ ਸਿੰਘ ਮੜੌਲੀ ,ਅਸੋ?ਕ ਕੁਮਾਰ ਰੋਪੜ ,ਸੁਰਿੰਦਰ ਰਸੂਲਪੁਰੀ ਆਦਿ ਸ਼ਾਮਲ ਸਨ ,

ਦੇਸ਼-ਵਿਦੇਸ਼ਾਂ 'ਚ ਵਸਦੇ ਭਾਰਤੀ ਉਤਸ਼ਾਹ ਨਾਲ ਮਨਾਉਣ 22 ਜਨਵਰੀ ਦਾ ਮੁਬਾਰਕ ਦਿਨ: ਮਾਰਕੰਡਾ

ਫਗਵਾੜਾ 21 ਜਨਵਰੀ (ਸ਼ਿਵ ਕੋੜਾ) ਅਯੁੱਧਿਆ 'ਚ ਸ਼?ਰੀ ਰਾਮ ਜਨਮ ਭੂਮੀ ਮੰਦਿਰ ਵਿਖੇ ਸੋਮਵਾਰ 22 ਜਨਵਰੀ ਨੂੰ ਹੋਣ ਜਾ ਰਹੀ ਭਗਵਾਨ ਸ਼?ਰੀ ਰਾਮ ਦੇ ਬਾਲ ਸਰੂਪ ਦੀ ਮੂਰਤੀ ਸਥਾਪਨਾ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਨੇ ਕਿਹਾ ਕਿ ਸਮੂਹ ਸਨਾਤਨ ਸਮਾਜ ਲਈ ਇਹ ਬਹੁਤ ਹੀ ਮਾਣ ਵਾਲਾ ਦਿਨ ਹੈ ਕਿਉਂਕਿ ਮੁਗਲ ਹਮਲਾਵਰ ਬਾਬਰ ਦੇ ਰਾਜ ਦੌਰਾਨ ਢਹਿ-ਢੇਰੀ ਹੋਏ ਰਾਮਲਲਾ ਦਾ ਮੰਦਿਰ ਆਖ਼ਿਰਕਾਰ ਸਾਢੇ ਪੰਜ ਸੌ ਸਾਲਾਂ ਦੀ ਲੰਮੀ ਜੱਦੋ-ਜਹਿਦ ਤੋਂ ਬਾਅਦ ਇੱਕ ਸ਼ਾਨਦਾਰ ਮਹਿਲ ਵਰਗਾ ਰੂਪ ਲੈ ਚੁੱਕਾ ਹੈ ਅਤੇ ਹੁਣ ਮੂਰਤੀ ਸਥਾਪਨਾ ਦਾ ਸੁਪਨਾ ਵੀ ਪੂਰਾ ਹੋਣ ਜਾ ਰਿਹਾ ਹੈ। ਉਨ੍ਹਾਂ ਦੇਸ਼-ਵਿਦੇਸ਼ 'ਚ ਵਸਦੇ ਸਮੂਹ ਭਾਰਤੀਆਂ ਨੂੰ ਇਸ ਇਤਿਹਾਸਕ ਦਿਹਾੜੇ ਨੂੰ ਧੂਮਧਾਮ ਨਾਲ ਮਨਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਦੀਵਾਲੀ ਦੀ ਤਰ੍ਹਾਂ 22 ਜਨਵਰੀ ਨੂੰ ਘਰਾਂ, ਦਫ਼ਤਰਾਂ ਅਤੇ ਧਾਰਮਿਕ ਸਥਾਨਾਂ ਨੂੰ ਰੰਗ-ਬਿਰੰਗੀਆਂ ਰੌਸ਼ਨੀਆਂ ਨਾਲ ਸਜਾਇਆ ਜਾਵੇ ਅਤੇ ਰਾਤ ਨੂੰ ਦੀਪਮਾਲਾ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕ ਆਪਣੀ ਸਹੂਲਤ ਮੁਤਾਬਿਕ ਪ੍ਰਾਣ ਪ੍ਰਤਿਸ਼ਠਾ ਪ੍ਰੋਗਰਾਮ ਦੌਰਾਨ ਨੇੜਲੇ ਧਾਰਮਿਕ ਸਥਾਨਾਂ ਜਾਂ ਆਪਣੇ ਘਰ, ਗਲੀ, ਮੁਹੱਲੇ, ਕਲੋਨੀ ਆਦਿ ਵਿੱਚ ਭਗਵਾਨ ਰਾਮ ਦੇ ਨਾਮ ਦਾ ਭਜਨ ਕੀਰਤਨ ਵੀ ਕਰਨ। ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਘਰਾਂ ਦੇ ਸਾਹਮਣੇ ਦੀਵੇ ਜਗਾਏ ਜਾਣ। ਆਸ਼ੂ ਮਾਰਕੰਡਾ ਨੇ ਕਿਹਾ ਕਿ ਭਗਵਾਨ ਰਾਮ ਮਰਿਯਾਦਾ ਪੁਰਸ਼ੋਤਮ ਦੇ ਨਾਂ ਨਾਲ ਜਾਣੇ ਜਾਂਦੇ ਹਨ। ਰਾਮ ਨਗਰੀ ਅਯੁੱਧਿਆ ਵਿੱਚ ਉਨ੍ਹਾਂ ਦੀ ਪ੍ਰਾਣ ਪ੍ਰਤਿਸ਼ਠਾ ਦਾ ਸਕਾਰਾਤਮਕ ਪ੍ਰਭਾਵ ਆਉਣ ਵਾਲੇ ਦਿਨਾਂ ਵਿੱਚ ਪੂਰੇ ਭਾਰਤ ਵਿੱਚ ਦਿਖਾਈ ਦੇਵੇਗਾ। ਲੋਕ ਫਿਰ ਤੋਂ ਮਰਿਆਦਾ ਦੀ ਪਾਲਣਾ ਸ਼ੁਰੂ ਕਰ ਦੇਣਗੇ ਅਤੇ ਭਗਵਾਨ ਰਾਮ ਦੀ ਅਪਾਰ ਕਿਰਪਾ ਨਾਲ ਭਾਰਤ ਵਿੱਚ ਦੁਬਾਰਾ ਰਾਮ ਰਾਜ ਸਥਾਪਿਤ ਹੋਵੇਗਾ।

ਬੰਗਾ ਸ਼ਹਿਰ ਵਿੱਚ ਸ੍ਰੀ ਰਾਮ ਮੰਦਿਰ ਦੇ ਉਦਘਾਟਨ ਨੂੰ ਸਮਰਪਿਤ ਸ਼ੋਭਾ ਯਾਤਰਾ ਕੱਢੀ ਗਈ

ਬੰਗਾ, 21ਜਨਵਰੀ (ਮਨਜਿੰਦਰ ਸਿੰਘ)-ਅਯੁੱਧਿਆ ਚ ਭਗਵਾਨ ਸ੍ਰੀ ਰਾਮ ਮੰਦਰ ਦੇ ਉਦਘਾਟਨ ਅਤੇ ਪ੍ਰਤਿਸ਼ਠਾ ਦੀ ਖੁਸ਼ੀ ਵਿੱਚ ਬਾਬਾ ਸ਼੍ਰੀ ਚੰਦ ਆਸ਼ਰਮ ਮੁਹੱਲਾ ਚਬੂਤਰਾ ਬੰਗਾ ਤੋਂ ਵਿਸ਼ਾਲ ਸੋਭਾ ਯਾਤਰਾ ਕੱਢੀ ਗਈ੍ਰ ਇਹ ਸੋਭਾ ਯਾਤਰਾ ਬੰਗਾ ਆਜ਼ਾਦ ਚੌਕ ,ਰੇਲਵੇ ਰੋਡ ,ਮੁਕੰਦਪੁਰ ਰੋਡ, ਸ਼ਹਿਰ ਦੇ ਵੱਖ ਵੱਖ ਬਜਾਰਾ ਅਤੇ ਮੁਹੱਲਿਆਂ ਤੋਂ ਹੁੰਦੀ ਹੋਈ ਮੁਹੱਲਾ ਚਬੂਤਰਾ ਵਿਖੇ ਸਮਾਪਤ ਹੋਈ੍ਰਇਸ ਮੌਕੇ ਸ਼ਰਧਾਲੂਆਂ ਵਲੋਂ ਜੈ ਸ਼?ਰੀ ਰਾਮ ਦੇ ਜੈਕਾਰੇ ਲਾਉਂਦੇ ਹੋਏ ਸ਼?ਰੀ ਰਾਮ ਜੀ ਦਾ ਗੁਣਗਾਨ ਕੀਤਾ ਗਿਆ੍ਰ ਇਸ ਮੌਕੇ ਸ਼ਹਿਰ ਵਾਸੀਆ ਵਲੋਂ ਸੋਭਾ ਯਾਤਰਾ ਤੇ ਫੁਲਾ ਦੀ ਵਰਖਾ ਕੀਤੀ ਗਈ੍ਰਇਸ ਮੌਕੇ ਸ਼ਹਿਰ ਦੇ ਕੌਸਲਰ ਭਾਜਪਾ ਨੇਤਾ ਹਿੰਮਤ ਤੇਜਪਾਲ ਨੇ ਸਮੂਹ ਦੇਸ ਵਾਸੀਆ ਨੂੰ ਸ਼?ਰੀ ਰਾਮ ਮੰਦਿਰ ਦੇ ਹੋਣ ਜਾ ਰਹੇ ਉਦਘਾਟਨ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਖੁਸ਼ੀ ਦਾ ਦਿਨ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਬਾਈ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਕਾਰਨ ਮਿਲਿਆ ਹੈ ਜਿਨ੍ਹਾਂ ਦੀ ਬਦੌਲਤ ਹਿੰਦੂ ਸਨਾਤਮ ਧਰਮ ਤੇ ਜੋ ਕਲੰਕ ਸੀ ਉਸ ਨੂੰ ਦੂਰ ਕੀਤਾ ਗਿਆ ਹੈ ਉਨ੍ਹਾਂ ਸ਼?ਰੀ ਰਾਮ ਮੰਦਿਰ ਦਾ ਵਿਰੋਧ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਨਾਤਮ ਧਰਮ ਪੂਰੀ ਤਰ੍ਹਾਂ ਜਾਗਰੂਕ ਹੋ ਚੁਕਾ ਹੈ ਅਤੇ ਇਸ ਦੇ ਵਿਰੋਧ ਵਿੱਚ ਕੋਈ ਖੜ੍ਹ ਨਹੀਂ ਸਕਦਾ੍ਰਇਸ ਮੌਕੇ ਬਾਬਾ ਦਵਿੰਦਰ ਕੌੜਾ ਨੇ ਜਾਣਕਾਰੀ ਦਿੰਦਿਆਂ ਕਿਹਾ ਇਸ ਖੁਸ਼ੀ ਵਿੱਚ ਬਾਬਾ ਸ਼੍ਰੀ ਚੰਦ ਆਸ਼ਰਮ ਮੁਹੱਲਾ ਚਬੂਤਰਾ ਬੰਗਾ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਵਿੱਚ 27 ਜਨਵਰੀ ਦਿਨ ਸ਼ਨੀਵਾਰ ਨੂੰ ਸ਼੍ਰੀ ਰਮਾਇਣ ਪਾਠ ਆਰੰਭ ਸਵੇਰੇ 10 ਵਜੇ ਕੀਤੇ ਜਾਣਗੇ ਅਤੇ 28 ਜਨਵਰੀ 2024 ਦਿਨ ਐਤਵਾਰ ਨੂੰ ਸ੍ਰੀ ਰਮਾਇਣ ਪਾਠ ਵਿਰਾਮ ਸਵੇਰੇ 10 ਵਜੇ ਹੋਣਗੇ ਅਤੇ ਹਵਨ ਸਵੇਰੇ 10 ਵਜੇ ਕੀਤੇ ਜਾਣਗੇ। ਉਪਰੰਤ ਸਵਾ 10 ਵਜੇ ਕੀਰਤਨ ਆਰੰਭ ਕੀਤੇ ਜਾਣਗੇ ਅਤੇ ਦੁਪਹਿਰ ਬਾਅਦ 1 ਵਜੇ ਭੰਡਾਰੇ ਚਲਾਏ ਜਾਣਗੇ। ਇਸ ਮੌਕੇ ਵਿੱਕੀ ਖੋਸਲਾ ਬਾਜਪਾ ਮੰਡਲ ਪ੍ਰਧਾਨ,ਕੌਂਸਲਰ ਜਸਵਿੰਦਰ ਸਿੰਘ ਮਾਨ,ਕੌਂਸਲਰ ਜੀਤ ਭਾਟੀਆ, ਕੌਂਸਲਰ ਅਨੀਤਾ ਖੋਸਲਾ ਪੰਡਿਤ ਕੁਸ਼ਮਾਕਰ ਸ਼ਾਸਤਰੀ, ਸ਼ਿਵ ਕੌੜਾ ਸਤਵੰਤ ਸਿੰਘ, ਸਰਬਜੀਤ ਸਿੰਘ, ਸੁਦੇਸ਼ ਆਨੰਦ, ਸਾਹਿਲ ਅਰੋੜਾ,ਰਮਨ ਖੋਸਲਾ,ਰਜੇਸ ਅਰੋੜਾ , ਵਿਸ਼ਾਲ ਗਰੋਵਰ, ਰਾਕੇਸ਼ ਆਨੰਦ, ਵਿਨੋਦ ਆਨੰਦ, ਡਾ. ਦਿਨੇਸ਼ ਕੁਮਾਰ, ਅਜੇ ਪਾਲ, ਜਸਕਰਨ ਸਿੰਘ, ਪੁਲਕਿਤ ਕੁਮਾਰ, ਪਰਵੇਸ਼ ਕੁਮਾਰ,ਆਦਿ ਹਾਜ਼ਰ ਸਨ੍ਰ

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਤਰਨ ਤਾਰਨ ਆਸ਼ਰਮ ਵੱਲੋਂ 22 ਜਨਵਰੀ ਨੂੰ ਅਯੋਧਿਆ ਵਿੱਚ ਸ੍ਰੀ ਰਾਮ ਮੰਦਰ ਪ੍ਰਾਣ ਪ੍ਰਤੀਸ਼ਠਾ ਸਮਾਰੋਹ ਦੇ ਸੰਬੰਧ ਵਿੱਚ ਅਧਿਆਤਮਿਕ ਪ੍ਰੋਗਰਾਮ ਕਰਵਾਇਆ ਗਿਆ

ਤਸਵੀਰਾਂ-ਗੁਰਦੇਵ ਸਿੰਘ ਜੰਡੋਕੇ

ਤਰਨ ਤਾਰਨ 21 ਜਨਵਰੀ (ਸਰਬਜੀਤ ਸਿੰਘ ਤੁੜ)ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਤਰਨ ਤਾਰਨ ਆਸ਼ਰਮ ਵੱਲੋਂ 22 ਜਨਵਰੀ ਨੂੰ ਅਯੋਧਿਆ ਵਿੱਚ ਸ੍ਰੀ ਰਾਮ ਮੰਦਰ ਪ੍ਰਾਣ ਪ੍ਰਤੀਸ਼ਠਾ ਸਮਾਰੋਹ ਦੇ ਸੰਬੰਧ ਵਿੱਚ ਅਧਿਆਤਮਿਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੀ ਥੀਮ ਰਹੀ, 'ਅਬ ਹਿਰਦੇ ਮੰਦਰ ਕੇ ਧਾਮ ਭੀ ਪ੍ਰਤਿਸ਼ਠਾ ਕਰੇਗੇ ਸ਼੍ਰੀ ਰਾਮ ਕੀ '। ਇਸ ਅਵਸਰ ਤੇ ਸ੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ਯਾ ਸਾਧਵੀ ਪਰਮਜੀਤ ਭਾਰਤੀ ਜੀ ਨੇ ਕਿਹਾ ਕਿ ਅੱਜ ਸ਼੍ਰੀ ਰਾਮ ਦੇ ਅਯੋਧਿਆ ਆਗਮਨ ਤੇ ਹਰ ਪਾਸੇ ਅਨੰਦ ਦੀ ਲਹਿਰ ਹੈ ਜੋ ਇਹ ਦਰਸਾਉਂਦੀ ਹੈ ਕਿ ਭਾਰਤ ਦੀ ਆਤਮਾ ਤੇ ਅੱਜ ਵੀ ਸ਼੍ਰੀ ਰਾਮ ਅੰਕਿਤ ਹੈ। ਜਿਨ੍ਹਾਂ ਨੇ ਵੀ ਮੰਦਰ ਨਿਰਮਾਣ ਵਿੱਚ ਆਪਣੇ ਜੀਵਨ ਦਾ ਬਲਿਦਾਨ ਦਿੱਤਾ। ਅੱਜ ਉਹਨਾਂ ਦੇ ਸੰਘਰਸ਼ ਨੂੰ ਯਾਦ ਕਰਨ ਦਾ ਦਿਨ ਹੈ। ਇਸ ਨਵ ਨਿਰਮਾਣ ਮੰਦਰ ਦੀ ਨੀਹ ਕੋਈ ਇੱਟ ਜਾਂ ਗਾਰੇ ਦੀ ਨਹੀਂ ਬਣੀ ਬਲਕਿ ਇਸ ਵਿੱਚ ਲੱਖਾਂ ਕਰੋੜਾਂ ਰਾਮ ਭਗਤਾਂ ਦੇ ਸਾਲਾਂ ਦਾ ਤਪ, ਪ੍ਰੇਮ , ਇੰਤਜ਼ਾਰ , ਪ੍ਰਾਰਥਨਾ ਤੇ ਸ਼ਰਧਾ ਸਮਾਈ ਹੋਈ ਹੈ। ਜੋ ਲੋਕ ਸ੍ਰੀ ਰਾਮ ਨੂੰ ਕੇਵਲ ਕਾਲਪਨਿਕ ਪਾਤਰ ਹੀ ਸਮਝਦੇ ਹਨ , ਉਹਨਾਂ ਨੂੰ ਅੱਜ ਸਮਝਣਾ ਹੋਵੇਗਾ ਕਿ ਸ਼੍ਰੀ ਰਾਮ ਸਨਾਤਨ ਸੱਚ ਹੈ। ਸ੍ਰੀ ਆਸ਼ੂਤੋਸ਼ ਮਹਾਰਾਜ ਜੀ ਕਹਿੰਦੇ ਹਨ ਕਿ ਹਿਟਲਰ, ਮੁਸੋਲੀਨੀ ਹੋਏ ਜਾ ਨਹੀਂ, ਇਸ ਗੱਲ ਉੱਪਰ ਇੱਕ ਵਾਰ ਸ਼ੰਕਾ ਕੀਤਾ ਜਾ ਸਕਦਾ ਹੈ। ਪਰ ਸ੍ਰੀ ਰਾਮ ਹੋਏ ਹਨ ਇਹ ਗੱਲ ਸੱਚ ਸੀ, ਸੱਚ ਹੈ ਅਤੇ ਸੱਚ ਹੀ ਰਹੇਗੀ। ਇਹ ਸੱਚ ਤੇ ਇਸ ਦੇ ਨਾਲ ਜੁੜੀ ਜੀਵਨ ਗਾਥਾ ਦੀ ਗਹਿਰਾਈ ਨਾਪਣ ਲਈ ਆਪ ਨੂੰ ਦਿਵਯ ਦ੍ਰਿਸ਼ਟੀ ਦੀ ਜਰੂਰਤ ਹੈ। ਸਾਧਵੀ ਜੀ ਨੇ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਜੀ ਕੇਵਲ ਇੱਕ ਆਦਰਸ਼ ਪੁਰਸ਼ ਹੀ ਨਹੀਂ ਹਨ ਸਗੋਂ ਉਹ ਧਰਤੀ ਤੇ ਲੋਕਾਂ ਦਾ ਕਲਿਆਣ ਕਰਨ ਲਈ ਆਏ ਪਰਮਾਤਮਾ ਦੇ ਅਵਤਾਰ ਹਨ । ਬ੍ਰਹਮ ਗਿਆਨ ਦੀ ਦੀਕਸ਼ਾ ਦੁਆਰਾ ਇਸ ਘਟ ਦੇ ਅੰਦਰ ਪ੍ਰਭੂ ਸ਼੍ਰੀ ਰਾਮ ਜੀ ਦਾ ਪ੍ਰਤੱਖ ਦਰਸ਼ਨ ਪ੍ਰਾਪਤ ਕਰਕੇ ਆਪਣੇ ਹਿਰਦੇ ਨੂੰ ਪਾਵਨ ਕਰ ਸਕਦੇ ਹਾਂ। ਜਿਸ ਪ੍ਰਕਾਰ ਅੱਜ ਸ੍ਰੀ ਰਾਮ ਜੀ ਦੇ ਅਯੋਧਿਆ ਆਗਮਨ ਤੇ ਉਤਸ਼ਾਹਿਤ ਹਾਂ ਇਸੇ ਪ੍ਰਕਾਰ ਜਦੋਂ ਬ੍ਰਹਮ ਗਿਆਨ ਦੁਆਰਾ ਸ੍ਰੀ ਰਾਮ ਜੀ ਦਾ ਆਗਮਨ ਸਾਡੇ ਹਿਰਦੇ ਮੰਦਰ ਵਿੱਚ ਹੋਵੇਗਾ ਤਾਂ ਉਸ ਸਮੇਂ ਨਿਸ਼ਚਿਤ ਹੀ ਇਸ ਧਰਤੀ ਤੇ ਰਾਮਰਾਜ ਦੀ ਸਥਾਪਨਾ ਹੋ ਜਾਵੇਗੀ। ਇਹੀ ਰਾਮ ਰਾਜ ਦੀ ਸਥਾਪਨਾ ਲਈ ਸੰਸਥਾਨ ਕਟੀਬੱਧ ਹੈ । ਦਿਵਯ ਜਯੋਤੀ ਜਾਗਰਤੀ ਸੰਸਥਾਨ ਇਸ ਸਮਾਰੋਹ ਲਈ ਰਾਮ ਭਗਤਾਂ ਨੂੰ ਬਹੁਤ ਬਹੁਤ ਵਧਾਈ ਦਿੰਦਾ ਹੈ। ਦਿਵਯ ਜਯੋਤੀ ਜਾਗਰਤੀ ਸੰਸਥਾਨ ਨੂੰ ਸ੍ਰੀ ਰਾਮ ਮੰਦਰ ਸਥਾਪਨਾ ਸਮਾਰੋਹ ਵਿੱਚ ਸੱਦਾ ਪੱਤਰ ਦੇਣ ਲਈ ਸੰਸਥਾਨ ਸ੍ਰੀ ਰਾਮ ਮੰਦਰ ਤੀਰਥ ਖੇਤਰ ਟਰੱਸਟ ਦਾ ਧੰਨਵਾਦ ਕਰਦਾ ਹੈ । ਪ੍ਰੋਗਰਾਮ ਦੌਰਾਨ ਸਾਧਵੀ ਪੁਸ਼ਪ ਮਾਲਾ ਭਾਰਤੀ, ਸਾਧਵੀ ਬਲਜੀਤ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਜੀ ਨੇ ਸੁੰਦਰ ਭਜਨਾਂ ਦਾ ਗਾਇਨ ਕੀਤਾ । ਸਾਰੀ ਸੰਗਤ ਨੇ ਜੈ ਸ਼੍ਰੀ ਰਾਮ , ਜੈ ਸ਼੍ਰੀ ਰਾਮ ਦੇ ਜੈਕਾਰਿਆਂ ਨਾਲ ਪ੍ਰਭੂ ਸ੍ਰੀ ਰਾਮ ਜੀ ਦਾ ਸਵਾਗਤ ਕੀਤਾ। ਸਾਰੀ ਸੰਗਤ ਨੇ ਖੂਬ ਨੱਚ ਗਾ ਕੇ ਆਨੰਦ ਮਾਣਿਆ।

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਈਸ਼ਵਰ ਨਗਰ ਵਿਖੇ ਦਸਮੇਸ਼ ਉਤਸਵ ਦੀਆਂ ਰੌਣਕਾਂ

ਜਲੰਧਰ 21 ਜਨਵਰੀ (ਜੇ.ਐੱਸ. ਸੋਢੀ)-ਜਲੰਧਰ-ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ (ਰਜਿ:) ਈਸ਼ਵਰ ਨਗਰ, ਜਲੰਧਰ ਵਿਖੇ ਸਰਬੰਸ ਦਾਨੀ, ਕਲਗੀਧਰ ਪਾਤਸ਼ਾਹ ਜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਮਨਜੀਤ ਸਿੰਘ ਅਤੇ ਸਕੱਤਰ ਮਹਿੰਦਰ ਸਿੰਘ ਅਨੇਜਾ ਅਨੁਸਾਰ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਜੀ ਦੀ ਸਮਾਪਤੀ ਉਪਰੰਤ ਸੰਗਤਾਂ ਵੱਲੋਂ ਕੀਰਤਨ ਸਮਾਗਮ ਹੋਏ। ਭਾਈ ਰਾਜਿੰਦਰ ਸਿੰਘ ਦੇ ਰਾਗੀ ਜੱਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਕਥਾਵਾਚਕ ਭਾਈ ਮਨਦੀਪ ਸਿੰਘ ਜੀ ਨੇ ਗੁਰੂ ਸਾਹਿਬ ਜੀ ਦੇ ਅਲੌਕਿਕ ਜੀਵਨ ਅਤੇ ਉਨ੍ਹਾਂ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਗਏ ਪਰਉਪਕਾਰੀ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਸਾਰੇ ਪ੍ਰੋਗਰਾਮ ਦਾ ਵੈਲਕਮ ਯੂ ਟਿਊਬ ਚੈਨਲ ਵੱਲੋਂ ਸਿੱਧਾ ਪ੍ਰਸਾਰਣ ਕੀਤਾ ਗਿਆ। ਅਰਦਾਸ, ਹੁਕਮਨਾਮਾ ਉਪਰੰਤ ਪ੍ਰਬੰਧਕ ਕਮੇਟੀ ਵੱਲੋਂ ਇਕੱਤਰ ਹੋਈ ਸੰਗਤ ਦਾ ਧੰਨਵਾਦ ਕੀਤਾ ਗਿਆ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਰਾਤ ਨੂੰ ਰਹਿਰਾਸ ਸਾਹਿਬ ਜੀ ਦੀ ਸਮਾਪਤੀ ਉਪਰੰਤ ਭਾਈ ਕੁਲਦੀਪ ਸਿੰਘ ਜੀ ਸੰਗਤੀ ਰੂਪ ਵਿੱਚ ਕੀਰਤਨ ਕੀਤਾ । ਅਤੇ ਭਾਈ ਮਨਦੀਪ ਸਿੰਘ ਜੀ ਨੇ ਕਥਾ ਵਿਚਾਰ ਕੀਤੇ। ਸਮਾਪਤੀ ਉਪਰੰਤ ਦੁੱਧ ਦੇ ਲੰਗਰ ਅਤੱਟ ਵਰਤਾਇਆ

ਸਰਪੰਚ ਨਿਰਮਲ ਸਿੰਘ ਬੇਰਕਲਾਂ ਅੰਨਦਾਤਾ ਕਿਸਾਨ ਯੂਨੀਅਨ ਪੰਜਾਬ ਸੂਬੇ ਦਾ ਜਨਰਲ ਸਕੱਤਰ ਬਣੇ
ਅੰਨਦਾਤਾ ਕਿਸਾਨ ਯੂਨੀਅਨ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕਰੇਗਾ - ਕੌਮੀ ਪ੍ਰਧਾਨ ਵਿਰਕ,ਜੱਥੇਦਾਰ ਨਿਮਾਣਾ

ਲੁਧਿਆਣਾ, 21 ਜਨਵਰੀ (ਕਰਨੈਲ ਸਿੰਘ ਐੱਮ.ਏ.)-ਅੰਨਦਾਤਾ ਕਿਸਾਨ ਯੂਨੀਅਨ ਸੂਬਾ ਪੰਜਾਬ ਇਕਾਈ ਨੂੰ ਹੋਰ ਮਜ਼ਬੂਤ ਕਰਨ ਹਿੱਤ ਅਤੇ ਯੂਨੀਅਨ ਨਾਲ ਜੁੜੇ ਇਮਾਨਦਾਰ,ਸੂਝਵਾਨ ਅਤੇ ਸਿਰੜੀ ਵਿਆਕਤੀਆਂ ਨੂੰ ਯੋਗ ਅਹੁਦੇਦਾਰੀਆਂ ਨਾਲ ਨਿਵਾਜਣ ਦੀ ਆਰੰਭ ਕੀਤੀ ਗਈ ਮੁਹਿੰਮ ਦੇ ਤਹਿਤ ਅੱਜ ਸਰਪੰਚ ਨਿਰਮਲ ਸਿੰਘ ਬੇਰਕਲਾਂ ਨੂੰ ਯੂਨੀਅਨ ਦੀ ਸੂਬਾ ਪੰਜਾਬ ਦਾ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਨਦਾਤਾ ਕਿਸਾਨ ਯੂਨੀਅਨ ਦੇ ਰਾਸ਼ਟਰੀ ਕੌਮੀ ਪ੍ਰਧਾਨ ਸ੍ਰ. ਗੁਰਮੁਖ ਸਿੰਘ ਵਿਰਕ ਅਤੇ ਸੂਬੇ ਪੰਜਾਬ ਦੇ ਪ੍ਰਧਾਨ ਜੱਥੇ.ਤਰਨਜੀਤ ਸਿੰਘ ਨਿਮਾਣਾ ਨੇ ਅੱਜ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਆਪਣੀ ਗੱਲਬਾਤ ਦੌਰਾਨ ਸ੍ਰ.ਵਿਰਕ ਅਤੇ ਜੱਥੇਦਾਰ ਨਿਮਾਣਾ ਨੇ ਸ਼ਪੱਸ਼ਟ ਰੂਪ ਵਿੱਚ ਕਿਹਾ ਕਿ ਅੰਨਦਾਤਾ ਕਿਸਾਨ ਯੂਨੀਅਨ ਹਮੇਸ਼ਾਂ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਦੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰਦੀ ਆਈ ਹੈ। ਖਾਸ ਕਰਕੇ ਪੰਜਾਬ ਅੰਦਰ ਅੰਨਦਾਤਾ ਕਿਸਾਨ ਯੂਨੀਅਨ ਇੱਕ ਵੱਡੀ ਕਿਸਾਨ ਸ਼ਕਤੀ ਦੇ ਰੂਪ ਵਜੋਂ ਬੜੀ ਤੇਜ਼ੀ ਨਾਲ ਉਭਰ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਇਕਾਈ ਦੇ ਨਵੇ ਨਿਯੁਕਤ ਕੀਤੇ ਜਨਰਲ ਸਕੱਤਰ ਸਰਪੰਚ ਨਿਰਮਲ ਸਿੰਘ ਬੇਰਕਲਾਂ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਵਧਾਈ ਦਿੰਦਿਆਂ ਕਿਹਾ ਕਿ ਉਹ ਪੂਰੀ ਤਨਦੇਹੀ ਤੇ ਲਗਨ ਨਾਲ ਯੂਨੀਅਨ ਨੂੰ ਹੋਰ ਮਜ਼ਬੂਤ ਕਰਨ ਦੇ ਕਾਰਜਾਂ ਵਿੱਚ ਜੁੱਟ ਜਾਣ ਤਾਂ ਕਿ ਸਮੁੱਚੇ ਪੰਜਾਬ ਅੰਦਰ ਕਿਸਾਨਾਂ ਤੇ ਪੰਜਾਬੀਆਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਦੀ ਆਰੰਭ ਕੀਤੀ ਗਈ ਮੁਹਿੰਮ ਕਾਮਯਾਬ ਹੋ ਸਕੇ। ਇਸ ਸਮੇਂ ਉਨ੍ਹਾਂ ਦੇ ਨਾਲ ਯੂਨੀਅਨ ਦੇ ਕਈ ਪ੍ਰਮੁੱਖ ਅਹੁਦੇਦਾਰ ਜਥੇਦਾਰ ਹਰਜਿੰਦਰ ਸਿੰਘ ਮੀਤ ਪ੍ਰਧਾਨ, ਜੁਗਰਾਜ ਸਿੰਘ ਮੰਡ ਪ੍ਰਧਾਨ ਜਿਲ੍ਹਾ ਦਿਹਾਤੀ ਲੁਧਿਆਣਾ,ਰਾਜਪ੍ਰੀਤ ਸਿੰਘ ਗਰੇਵਾਲ ਮੀਤ ਪ੍ਰਧਾਨ, ਜੁਗਰਾਜ ਸਿੰਘ ਗਰੇਵਾਲ,ਜਸਵੰਤ ਸਿੰਘ ਵਰਕਿੰਗ ਕਮੇਟੀ ਮੈਂਬਰ, ਸੁਖਵਿੰਦਰ ਸਿੰਘ ਸੁੱਖਾ ਵਰਕਿੰਗ ਕਮੇਟੀ ਮੈਂਬਰ, ਦਵਿੰਦਰ ਸਿੰਘ, ਜਿੰਮੀ ਰਣਦਾਵਾ, ਬਲਜਿੰਦਰ ਸਿੰਘ, ਉਦੇ ਪੁਰੀ, ਗੌਰਵ ਪ੍ਰਸਾਦ ਹਾਜ਼ਰ ਸਨ।

ਸ੍ਰੀ ਰਾਮ ਮੰਦਰ ਦੇ ਉਦਘਾਟਨ ਨੂੰ ਮੁੱਖ ਰੱਖ ਕੇ ਗਊਸ਼ਾਲਾ ਅਮਲੋਹ 'ਚ ਸ੍ਰੀ ਰਮਾਇਣ ਜੀ ਦੇ ਪਾਠ ਅਰੰਭ
ਸ਼ਹਿਰ ਦੀਆਂ ਵੱਡੀ ਗਿਣਤੀ 'ਚ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਕੀਤੀ ਸ਼ਿਰਕਤ

ਅਮਲੋਹ, 21 ਜਨਵਰੀ (ਗਿੰਨੀ ਸੂਦ)-ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਸ੍ਰੀ ਰਾਮ ਮੰਦਰ ਅਯੁਧਿਆ ਦੇ ਉਦਘਾਟਨ ਸਮਾਰੋਹ ਨੂੰ ਮੁੱਖ ਰੱਖ ਕੇ ਅੱਜ ਸ੍ਰੀ ਰਮਾਇਣ ਜੀ ਦੇ ਪਾਠ ਅਰੰਭ ਹੋਏ। ਇਹ ਪਾਠ ਸਿਵ ਕੁਮਾਰ ਬਾਂਸਲ ਪ੍ਰੀਵਾਰ ਵਲੋਂ ਸੁਸ਼ੀਲ ਬਾਂਸਲ, ਰਾਜੂ ਬਾਂਸਲ ਅਤੇ ਉਨ੍ਹਾਂ ਦੀ ਪਤਨੀ ਵਲੋਂ ਪੂਜਾ ਦੀ ਰਸਮ ਕਰਵਾ ਕੇ ਸੁਰੂ ਕਰਵਾਇਆ ਗਿਆ। ਪੰਡਤ ਰੋਸ਼ਨ ਲਾਲ ਅਤੇ ਪੰਡਤ ਸੁਨੀਲ ਸ਼ਰਮਾ ਨੇ ਮੰਤਰਾਂ ਦਾ ਉਚਾਰਣ ਕਰਕੇ ਪੂਜਾ ਦੀ ਰਸਮ ਅਦਾ ਕਰਵਾਈ। ਸਮਾਗਮ ਵਿਚ ਗਊਸ਼ਾਲਾ ਦੇ ਪ੍ਰਧਾਨ ਸਿਵ ਕੁਮਾਰ ਗਰਗ, ਸਰਪਰਸਤ ਪ੍ਰੇਮ ਚੰਦ ਸ਼ਰਮਾ, ਸ੍ਰੀ ਗਊ ਸੇਵਾ ਸਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਐਡ. ਨਵੀਨ ਵਰਮਾ, ਸ੍ਰੀ ਰਾਮੇਸ਼ਵਰ ਮੰਦਰ ਦੇ ਪ੍ਰਧਾਨ ਦਿਨੇਸ਼ ਗੋਇਲ, ਸੁਸ਼ੀਲ ਗਰਗ ਸੀਲੂ, ਜਤਿੰਦਰ ਬਨਸਾਂਲ, ਚਮਨ ਲਾਲ, ਸੁਰਿੰਦਰ ਕੁਮਾਰ ਗੁਪਤਾ ਭੋਲਾ, ਮੰਕੁਰ ਕਰਕਰਾ, ਜਿੰਮਲੀ ਬਾਂਸਲ, ਬਬੀ ਡੰਗ, ਪੱਪੀ ਤੱਗੜ, ਅਸ਼ੋਕ ਮੋਦੀ, ਕੌਂਸਲ ਦੇ ਸਾਬਕਾ ਪ੍ਰਧਾਨ ਬਲਦੇਵ ਸੇਢਾ, ਮੇਘ ਰਾਜ, ਰਾਮ ਸਰਧਾ ਮੰਚ ਦੇ ਪ੍ਰਧਾਨ ਰਕੇਸ ਗੋਗੀ, ਉਮੇਸ਼ ਮਿੰਟਾ, ਮਾਸਟਰ ਸੁਭਾਸ ਜਿੰਦਲ, ਸੁਖਵਿੰਦਰ ਸੁੱਖੀ, ਕੇਵਲ ਕਾਲਾ, ਮੁਨੀਸ਼ ਗੋਇਲ, ਕਾਲਾ ਬਾਂਸਲ, ਰਿੰਕੂ ਧੰਮੀ, ਅਸ਼ੋਕੀ ਭਗਤ, ਦੂਸਤ ਸਰਮਾ, ਧਿਨੇਸ ਸਰਮਾ, ਸਨਾਤਨ ਧਰਮ ਸਭਾ ਦੇ ਸੁਰਿੰਦਰ ਜਿੰਦਲ, ਵਰਿੰਦਰ ਧੀਮਾਨ, ਵਿਪਨ ਗਰਗ, ਡਾ.ਮਨਜੀਤ ਮਨੀ, ਸਨੀ ਸਿੰਘ, ਅਸੀਸ ਗਿਲ, ਭਾਜਪਾ ਦੇ ਜਿਲਾ ਮੀਤ ਪ੍ਰਧਾਨ ਵਿਨੋਦ ਮਿਤਲ ਅਤੇ ਵਿਸਨੂੰ ਜਿੰਦਲ ਆਦਿ ਮੌਜੂਦ ਸਨ। ਸ੍ਰੀ ਸਿਵ ਕੁਮਾਰ ਗਰਗ ਨੇ ਦਸਿਆ ਕਿ ਗਊਸ਼ਾਲਾ ਵਲੋਂ ਸ੍ਰੀ ਰਾਮ ਕਲਾ ਮੰਚ ਨਾਲ ਮਿਲ ਕੇ 22 ਜਨਵਰੀ ਨੂੰ ਸ਼ੋਭਾ ਯਾਤਰਾ ਕੱਢੀ ਜਾਵੇਗੀ ਅਤੇ ਗਊ ਸ਼ਾਲਾ ਵਿਚ ਲੱਡੂ, ਜਲੇਬੀ, ਹਲਵਾ, ਆਲੂ ਪੂਰੀ ਦਾ ਅਟੁੱਟ ਲੰਗਰ ਚਲਾਇਆ ਜਾਵੇਗਾ। ਇਸ ਮੌਕੇ ਸ੍ਰੀ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ ਵਲੋਂ ਸਵੇਰੇ 8 ਵਜੇ ਹੱਵਨ ਯੱਗ ਕਰਵਾਇਆ ਜਾਵੇਗਾ ਅਤੇ ਪੂਰਨ ਅਹੂਤੀ ਸਮੂਹ ਸਹਿਰ ਨਿਵਾਸੀਆਂ ਵਲੋਂ ਪਾਈ ਜਾਵੇਗੀ। ਇਸ ਮੌਕੇ ਪ੍ਰੇਮ ਚੰਦ ਸ਼ਰਮਾ, ਭੂਸ਼ਨ ਸੂਦ, ਸਿਵ ਕੁਮਾਰ ਗਰਗ ਅਤੇ ਐਡ.ਨਵੀਨ ਵਰਮਾ ਦੀ ਅੱਗਵਾਈ ਹੇਠ ਆਈਆਂ ਸਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

ਪੰਜਾਬੀਆਂ ਦਾ ਤਰਜਮਾਨ
ਅਕਾਲੀ ਪੱਤ੍ਰਕਾ

ਨਿਗੁਰੇ ਕਾ ਹੈ
ਨਾਉ ਬੁਰਾ ॥

(ਅੰਗ-੪੩੫)

ਪਰਮਾਤਮਾ ਦਾ ਨਾਮ ਭੁੱਲਣ ਵਾਲਾ ਮਨੁੱਖ ਬਦਨਾਮੀ ਹੀ ਖੱਟਦਾ ਹੈ।

ਰਾਮ-ਮਈ ਹੋਏ ਭਾਰਤ ਉੱਪਰ ਕਿਉਂ ਉਠਾਏ ਜਾ ਰਹੇ ਸਵਾਲ?

ਅਯੁੱਧਿਆ ਵਿੱਚ ਅੱਜ 22 ਜਨਵਰੀ ਨੂੰ ਰਾਮ ਮੰਦਿਰ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਇਹ ਰਸਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਿਭਾਉਣਗੇ। ਇਸ ਸਬੰਧ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਦੇਸ਼ ਦੀ ਜੋ ਰਾਮ-ਮਈ ਛਵੀ ਵੇਖਣ ਨੂੰ ਮਿਲ ਰਹੀ ਹੈ ਉਸਨੂੰ ਵੇਖਕੇ ਜਾਪਦਾ ਹੈ ਭਾਰਤ ਫਿਰ ਰਾਮ ਰਾਜ ਵਿੱਚ ਪਰਿਵਰਤਿਤ ਹੋਣ ਜਾ ਰਿਹਾ ਹੈ। ਜੇਕਰ ਹਕੀਕਤ ਵਿੱਚ ਅਜਿਹਾ ਹੋ ਜਾਂਦਾ ਹੈ ਤਾਂ ਪ੍ਰਧਾਨ ਮੰਤਰੀ ਦੇਸ਼ ਦੇ ਹਰ ਵਿਅਕਤੀ ਲਈ ਸਾਹਿਬੇ ਕਮਾਲ ਬਣ ਜਾਣਗੇ। ਵੇਖਿਆ ਜਾਵੇ ਤਾਂ ਅੱਜ ਦਾ ਦਿਨ ਨਾ ਕੇਵਲ ਹਿੰਦੂ ਵੀਰਾਂ ਬਲਕਿ ਸਾਰੇ ਧਰਮਾਂ ਦੇ ਲੋਕਾਂ ਲਈ ਮੁਕੱਦਸ ਦਿਹਾੜਾ ਹੈ। ਉਦਘਾਟਨੀ ਰਸਮ ਦੇ ਸਬੰਧ ਵਿੱਚ ਜੋ ਤਿਆਰੀਆਂ ਕੀਤੀਆਂ ਗਈਆਂ ਹਨ ਉਸ ਬਾਰੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵਿੱਚ ਸਭ ਕੁੱਝ ਆ ਚੁੱਕਾ ਹੈ ਇਸ ਲਈ ਸਾਡੇ ਕੋਲ ਇਸਦੀ ਵਿਆਖਿਆ ਬਾਰੇ ਕੁੱਝ ਨਹੀਂ। ਜੇਕਰ ਕੁੱਝ ਹੈ ਤਾਂ ਉਹ ਹੈ ਅਯੁੱਧਿਆ ਵਾਲੇ ਪਾਸਿਓਂ ਆ ਰਿਹਾ ਉਹ ਸੁਨੇਹਾ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਾਂ। ਅਯੁੱਧਿਆ ਦਾ ਜ਼ਿਕਰ ਅੱਜ ਤੋਂ ਪਹਿਲਾਂ ਜਿਸ ਤਰ੍ਹਾਂ ਹੁੰਦਾ ਸੀ ਉਹ ਰਾਮ ਭਗਤਾਂ ਦੇ ਕੰਨਾਂ ਨੂੰ ਕਦੀ ਵੀ ਸੁਖਾਵਾਂ ਨਹੀਂ ਲੱਗਾ ਕਿਉਂਕਿ ਰਾਮ ਆਪਣੇ ਜਨਮ ਅਸਥਾਨ ਤੋਂ ਦੂਰ ਸਨ। ਇਹ ਆਪਣੇ ਆਪ ਵਿੱਚ ਕਿੰਨਾਂ ਅਜੀਬ ਹੈ ਕਿ ਕੋਈ ਆਪਣਾ ਜਨਮ ਅਸਥਾਨ ਸਾਹਮਣੇ ਵੇਖਕੇ ਵੀ ਉਥੇ ਜਾਣ ਦੇ ਸਮੱਰਥ ਨਾ ਹੋਵੇ। ਅਯੁੱਧਿਆ ਦਾ ਮਾਮਲਾ ਜਿਸ ਤਰ੍ਹਾਂ ਅਦਾਲਤੀ ਗਲਿਆਰਿਆਂ ਵਿੱਚ ਲੰਮੇਂ ਸਮੇਂ ਤੱਕ ਗਰਦਿਸ਼ 'ਚ ਘਿਰਿਆ ਰਿਹਾ ਇਹ ਸਾਰਿਆਂ ਨੇ ਵੇਖਿਆ। ਅੱਜ ਜੇ ਹਿੰਦੂ ਭਾਈਚਾਰੇ ਦੀ ਮੁਰਾਦ ਪੂਰੀ ਹੋਈ ਤਾਂ ਇਹ ਭਗਵਾਨ ਰਾਮ ਦੇ ਅਸਤਿੱਤਵ ਦੀ ਸੱਚਾਈ ਹੈ ਜਿਸਨੂੰ ਕੁੱਝ ਲੋਕ ਕਲਪਨਾ ਕਹਿਕੇ ਨਕਾਰਦੇ ਰਹੇ। ਨਰਿੰਦਰ ਮੋਦੀ ਦੀਆਂ ਅਣਥੱਕ ਕੋਸ਼ਿਸ਼ਾਂ ਅਤੇ ਰਾਮ ਭਗਤਾਂ ਦੀਆਂ ਲੰਮੀਆਂ ਉਡੀਕਾਂ ਦਾ ਨਤੀਜਾ ਹੈ ਕਿ ਅੱਜ ਅਸੀਂ ਸ੍ਰਿਸ਼ਟੀ ਦੇ ਸਿਰਜਣਹਾਰ ਨੂੰ ਆਪਣੇ ਅੰਗ ਸੰਗ ਮਹਿਸੂਸ ਕਰ ਰਹੇ ਹਾਂ। ਇਸ ਪਾਵਨ ਘੜੀ ਦਾ ਜੇਕਰ ਅੱਜ ਹਰ ਪ੍ਰਾਣੀ ਆਨੰਦ ਅਨੁਭਵ ਕਰ ਰਿਹਾ ਹੈ ਤਾਂ ਕੁੱਝ ਲੋਕ ਅਜਿਹੇ ਵੀ ਹਨ ਜੋ ਆਪਣੀ ਸੋਚ ਦੇ ਲੜ੍ਹ ਲੱਗਕੇ ਇਸ ਪਵਿੱਤਰ ਅਸਥਾਨ ਤੋਂ ਦੂਰੀਆਂ ਬਣਾਈ ਬੈਠੇ ਹਨ। ਕਾਂਗਰਸ ਸਮੇਤ ਕੁੱਝ ਹੋਰ ਪਾਰਟੀਆਂ ਦੇ ਲੀਡਰ ਅੱਜ ਦੇ ਉਦਘਾਟਨੀ ਪ੍ਰੋਗਰਾਮ ਨੂੰ ਜੇਕਰ ਭਾਜਪਾ ਅਤੇ ਆਰ.ਐਸ.ਐਸ ਦਾ ਸਿਆਸੀ ਸ਼ੋ ਕਹਿ ਰਹੇ ਹਨ ਤਾਂ ਉਹਨਾਂ ਦੇ ਤਰਕ ਨੂੰ ਨਕਾਰਿਆ ਨਹੀਂ ਜਾ ਸਕਦਾ। ਅੱਜ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦੇ ਭੇਜਣ ਨੂੰ ਲੈਕੇ ਵੀ ਜੇ ਵਿਤਕਰੇ ਦਾ ਦੋਸ਼ ਲਗਾਇਆ ਜਾ ਰਿਹਾ ਹੈ ਤਾਂ ਜਿਹਨਾਂ ਨੂੰ ਸੱਦਾ ਮਿਲਿਆ ਉਹ ਕਿਉਂ ਨਹੀਂ ਆ ਰਹੇ? ਇਹ ਠੀਕ ਹੈ ਕਿ ਇਸ ਪ੍ਰੋਗਰਾਮ ਦਾ ਕ੍ਰੈਡਿਟ ਉਹਨਾਂ ਲੀਡਰਾਂ ਨੂੰ ਮਿਲੇਗਾ ਜੋ ਸੱਤਾ ਵਿੱਚ ਹਨ ਪਰ ਰਾਮ ਨੂੰ ਵੰਡੀਆਂ ਦੇ ਤਰਾਜੂ ਨਾਲ ਨਹੀਂ ਤੋਲਿਆ ਜਾ ਸਕਦਾ। ਜੇ ਰਾਮ ਸਾਰਿਆਂ ਦੇ ਹਨ ਫਿਰ ਰਾਮ ਦੁਆਰੇ ਨਾ ਜਾਣ ਦੇ ਬਹਾਨੇ ਤਲਾਸ਼ ਕਰਨਾ ਉਚਿਤ ਨਹੀਂ। ਇਸ ਵਿੱਚ ਦੋ ਰਾਵਾਂ ਨਹੀਂ ਕਿ ਮੋਦੀ ਅਧੂਰੇ ਮੰਦਿਰ ਦਾ ਉਦਘਾਟਨ ਕਰ ਰਹੇ ਹਨ ਜੋ ਚਾਰੇ ਸ਼ੰਕਰਾਚਾਰੀਆਂ ਦੇ ਵਿਚਾਰ ਮੁਤਾਬਕ ਗ਼ਲਤ ਹੈ। ਅਧੂਰੀ ਬਿਲਡਿੰਗ ਦਾ ਉਦਘਾਟਨ ਕਦੀ ਨਹੀਂ ਕੀਤਾ ਜਾਂਦਾ। ਇਸ ਗੱਲ ਨੂੰ ਮੋਦੀ ਵੀ ਜਾਣਦੇ ਹਨ ਪਰ ਲੋਕ ਸਭਾ ਚੋਣਾਂ ਦਾ ਤਕਾਜ਼ਾ ਉਹਨਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਰਿਹਾ ਹੈ। ਇਥੇ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਕਈ ਵਾਰ ਸਿਆਸੀ ਬਾਜ਼ੀ ਜਿੱਤਣ ਲਈ ਆਪਣੇ "ਇਸ਼ਟ" ਨੂੰ ਵੀ ਮੋਹਰਾ ਬਣਾਕੇ ਇਸਤੇਮਾਲ ਕਰਨਾ ਪੈ ਜਾਂਦਾ ਹੈ। ਮੰਦਿਰ ਦੇ ਉਦਘਾਟਨ ਬਾਰੇ ਵੱਖ-ਵੱਖ ਸਿਆਸਤਦਾਨਾਂ ਦੀ ਆਪੋ ਆਪਣੀ ਰਾਏ ਹੋ ਸਕਦੀ ਹੈ ਪਰ ਮੋਦੀ ਨੇ ਜਿਸ ਨਿਸ਼ਠਾ ਨਾਲ ਰਾਮ ਮੰਦਿਰ ਦਾ ਸੁਪਨਾ ਸਾਕਾਰ ਕੀਤਾ ਇਸਨੇ ਉਹਨਾਂ ਨੂੰ ਹਿੰਦੂ-ਸਮਾਜ ਦੀ ਵਿੱਲਖਣ ਹਸਤੀ ਬਣਾ ਦਿੱਤਾ ਹੈ। ਇਕ ਧਾਰਮਿਕ ਲੀਡਰ ਨੇ ਤਾਂ ਮੋਦੀ ਨੂੰ ਵਿਸ਼ਨੂੰ ਦਾ ਅਵਤਾਰ ਤੱਕ ਕਹਿਕੇ ਸੰਬੋਧਿਤ ਕੀਤਾ ਹੈ। ਵੇਖਿਆ ਜਾਵੇ ਤਾਂ ਇਹ ਭਗਵਾਨ ਹੀ ਹਨ ਜੋ ਸਮੇਂ-ਸਮੇਂ 'ਤੇ ਮਨੁੱਖੀ ਜਾਮਾ ਪਹਿਨ ਕੇ ਲੋਕਾਂ ਦੇ ਦੁੱਖ ਹਰਣ ਲਈ ਧਰਤੀ ਉਪਰ ਆਉਂਦੇ ਹਨ। ਇਸ ਸਬੰਧ ਵਿੱਚ ਸਾਡਾ ਮੰਨਣਾ ਹੈ ਕਿ ਰਾਮ ਮੰਦਿਰ ਦੀ ਉਦਘਾਟਨੀ ਰਸਮ ਵਿੱਚ ਜੇਕਰ ਸਾਰੀਆਂ ਪਾਰਟੀਆਂ ਦੇ ਲੀਡਰ ਹਿੱਸਾ ਲੈਂਦੇ ਤਾਂ ਇਸ ਸੁਭਾਗੀ ਘੜੀ ਦੀ ਸ਼ੋਭਾ ਕੁੱਝ ਹੋਰ ਹੁੰਦੀ।

'ਮੈਂ' ਦੇ ਸ਼ੋਰ 'ਚੋਂ ਨਿਕਲਕੇ ਭੈਅ ਵਿਚ ਰਹਿਣਾ ਸਿੱਖੋ

ਖ਼ੁਦ ਨੂੰ ਅਸ਼ਰਫਲ ਮਖ਼ਲੂਕਾਤ ਕਹਾਉਣ ਵਾਲਾ ਇਨਸਾਨ ਗਰੂਰ ਨੂੰ ਵਿਸਾਰ ਕੇ ਜੇਕਰ ਉਸ ਪਰਵਦਗਾਰ ਦੇ ਭੈਅ ਵਿਚ ਜਿਉਂਣਾ ਸਿੱਖ ਲਵੇ ਤਾਂ ਨਿਸ਼ਚਿਤ ਤੌਰ ਉੱਪਰ ਉਸ ਦਾ ਜਿਉਂਣਾ ਵੀ ਸਫਲ ਹੈ ਅਤੇ ਮਰਨਾ ਵੀ ਸਫਲ ਹੈ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਕਮਜ਼ਰਫ ਲੋਕ ਆਪਣੀ ਹੈਂਕੜ ਦੀ ਉੱਚੀ ਟੀਸੀ ਉੱਪਰ ਬੈਠ ਕੇ ਆਪਣੇ ਇਰਦ-ਗਿਰਦ ਦੇ ਲੋਕਾਂ ਨੂੰ ਆਪਣੇ ਨਾਲੋਂ ਤੁੱਛ, ਕਮਜ਼ੋਰ, ਨੀਵਾਂ ਅਤੇ ਕਮ ਹੈਸੀਅਤ ਵਾਲਾ ਮੰਨਦੇ ਹੋਏ ਖ਼ੁਦ ਨੂੰ ਤਾਕਤਵਰ ਅਤੇ ਸ੍ਰੇਸ਼ਟ ਮੰਨਣ ਦੇ ਨਸ਼ੇ ਵਿੱਚ ਇੰਨੇ ਮਦਮਸਤ ਹੋ ਜਾਂਦੇ ਹਾਂ ਕਿ ਸਾਨੂੰ ਨਾ ਤਾਂ ਕਿਸੇ ਦਾ ਭੈਅ, ਨਾ ਕਿਸੇ ਦਾ ਲਿਹਾਜ਼, ਨਾ ਕਿਸੇ ਨਾਲ ਹਮਦਰਦੀ, ਨਾ ਹੀ ਕਿਸੇ ਦੀ ਕੋਈ ਸ਼ਰਮ ਅਤੇ ਨਾ ਹੀ ਵਕਤ ਦੇ ਬਦਲਣ ਦਾ ਖੌਫ਼ ਰਹਿੰਦਾ ਹੈ। ਆਪਣੀ ਹੀ ਮਗ਼ਰੂਰੀ ਅਤੇ ਆਪਣੀ ਹੀ ਧੁੰਨ ਵਿੱਚ ਅੱਜ ਦਾ ਮਨੁੱਖ ਵਿਚਾਰਾਤਮਕ ਵੱਖਰਤਾ, ਧਾਰਮਿਕ ਤੇ ਸਭਿਆਚਾਰਕ ਭਿੰਨਤਾਵਾਂ ਤੇ ਵਿਰੋਧ ਦਾ ਸਤਿਕਾਰ ਕਰਨ ਅਤੇ ਸ਼ਾਂਤਮਈ ਸਹਿਹੋਂਦ ਤੇ ਸਹਿਣਸ਼ੀਲਤਾ ਦੇ ਗੁਣਾਂ ਨੂੰ ਭੁਲਾ ਕੇ ਸਿਰਫ਼ ਆਪਣੇ ਹੀ ਨੁਕਤਾ-ਏ-ਨਿਗਾਹ ਨੂੰ ਸਹੀ ਠਹਿਰਾਉਣ ਦੀ ਜ਼ਿੱਦ ਪੁਗਾਉਂਦਾ ਹੋਇਆ ਖ਼ੁਦ ਕਹਿਣਾ ਤਾਂ ਬਹੁਤ ਕੁਝ ਚਾਹੁੰਦਾ ਹੈ, ਪਰ ਉਹ ਕਿਸੇ ਦੂਸਰੇ ਦੇ ਨੁਕਤਾ-ਏ-ਨਜ਼ਰ ਨੂੰ ਨਾ ਤਾਂ ਬਰਦਾਸ਼ਤ ਕਰਦਾ ਹੈ ਅਤੇ ਨਾ ਹੀ ਕਿਸੇ ਦੂਸਰੇ ਦੀ ਕੁੱਝ ਸੁਣਨਾ ਚਾਹੁੰਦਾ ਹੈ। ਮਨੁੱਖ ਸਭ ਕੁਝ ਜਾਣਦਿਆਂ ਬੁਝਦਿਆਂ ਅਣਜਾਣ ਹੋਣ ਦਾ ਢੌਂਗ ਰਚਾਉਂਦਾ ਹੋਏ ਇਕ ਫ਼ਰੇਬ ਦਾ ਸ਼ਿਕਾਰ ਹੋ ਕੇ ਗ਼ਫ਼ਲਤ ਵਿਚ ਜ਼ਿੰਦਗੀ ਜਿਉਂਣ ਨੂੰ ਜ਼ਿੰਦਗੀ ਸਮਝ ਕੇ ਤਮਾਮ ਉਮਰ ਖ਼ੁਦ ਨੂੰ ਧੋਖਾ ਦਿੰਦਾ ਰਹਿੰਦਾ ਹੈ। ਆਮ ਤੌਰ ਉੱਪਰ ਇਹ ਦੇਖਣ ਵਿਚ ਆਉਂਦਾ ਹੈ ਕਿ ਜਦ ਕੋਈ ਗਰੂਰ ਵਿਚ ਰਮਿਆ ਹੋਇਆ ਸਰੀਰ ਕਿਸੇ ਮਜ਼ਲੂਮ ਨਾਲ ਵਧੀਕੀ ਕਰਦਾ ਹੋਇਆ ਕਿਸੇ ਦੇ ਸਵੈਮਾਣ ਦਾ ਨਿਰਾਦਰ ਕਰਨ ਦੇ ਨਾਲ-ਨਾਲ ਕਿਸੇ ਦੇ ਸੁਤੰਤਰ ਵਜ਼ੂਦ ਦਾ ਤਿਰਸਕਾਰ ਕਰ ਰਿਹਾ ਹੁੰਦਾ ਹੈ ਤਾਂ ਉਸ ਦੇ ਹਾਵ-ਭਾਵ, ਬੋਲਾਂ ਜਾਂ ਲਹਿਜ਼ੇ ਵਿੱਚ ਵੀ ਨਾਕਾਰਾਤਮਿਕ ਬਦਲਾਅ ਅਤੇ ਹੰਕਾਰ ਝਲਕਦਾ ਦਿਖਾਈ ਦਿੰਦਾ ਹੈ ਅਤੇ ਉਸ ਹੈਂਕੜਬਾਜ ਮਨੁੱਖ ਦਾ ਆਪਣੇ ਆਪ ਉੱਪਰ ਵੀ ਆਪਣਾ ਕੋਈ ਨਿਯੰਤਰਣ ਨਹੀਂ ਰਹਿੰਦਾ ਹੈ। ਉਸ ਦੇ ਬੋਲਾਂ ਵਿਚਲੇ 'ਮੈਂ' ਦੇ ਸ਼ੋਰ ਵਿਚ ਅਣਗਿਣਤ ਮਜ਼ਲੂਮਾਂ, ਬੇਕਸੂਰਾਂ, ਨਿਤਾਣਿਆਂ ਅਤੇ ਕਮਜ਼ੋਰ ਲੋਕਾਂ ਦੇ ਬੁੱਲਾਂ ਦੇ ਹਾਸੇ ਕਿਤੇ ਗੁੰਮ ਹੋ ਜਾਂਦੇ ਹਨ ਅਤੇ ਉਹਨਾਂ ਨਿਮਾਣਿਆਂ ਦੇ ਦਿਲਾਂ ਦਾ ਸਕੂਨ ਅਤੇ ਜਿਉਂਣ ਦੀ ਚਾਹਤ ਦਮ ਤੋੜ ਦਿੰਦੀ ਹੈ। ਦਰਅਸਲ ਮਗਰੂਰਿਆ ਹੋਇਆ ਵਿਅਕਤੀ ਇਸ ਸਦੀਵੀਂ ਸਚਾਈ ਤੋਂ ਮੂੰਹ ਮੋੜ ਲੈਂਦਾ ਹੈ ਕਿ ਦੁਨੀਆਂ ਦੇ ਇਸ ਰੰਗਮੰਚ ਦੇ ਸੂਤਰਧਾਰ ਨੇ ਉਸ ਨੂੰ ਆਪਣਾ ਕਿਰਦਾਰ ਨਿਭਾਉਣ ਲਈ ਕੇਵਲ ਗਿਣਤੀ ਦੇ ਚਾਰ ਦਿਹਾੜੇ ਦਿੱਤੇ ਹਨ, ਲੇਕਿਨ ਗਾਫ਼ਲ 'ਰੰਗਕਰਮੀ' ਇਹ ਸਮਝ ਬੈਠਦਾ ਹੈ ਕਿ ਜਿਵੇਂ ਉਹ ਆਪ ਸੂਤਰਧਾਰ ਹੋਵੇ ਜਾਂ ਫਿਰ ਸਾਰੇ ਨਾਟਕ ਵਿਚ ਮਰਕਜ਼ੀ ਕਿਰਦਾਰ ਉਹ ਨਿਭਾ ਰਿਹਾ ਹੋਵੇ। ਇਸ ਸੰਸਾਰ ਵਿੱਚ ਵਿਚਰਦੇ ਹੋਏ ਸਾਨੂੰ ਇਸ ਗੱਲ ਦਾ ਬਹੁਤ ਚੰਗੀ ਤਰ੍ਹਾਂ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਲੋਕ ਸਮੁੱਚੇ ਨਿਜ਼ਾਮ ਦਾ ਇਕ ਅਦਨਾ ਜਿਹਾ ਹਿੱਸਾ ਹੁੰਦੇ ਹਾਂ ਅਤੇ ਜਦੋਂ ਅਸੀਂ ਸਮੁੱਚੇ ਨਿਜ਼ਾਮ ਨੂੰ ਆਪਣੀ ਇੱਛਾ ਅਨੁਸਾਰ ਨਿਯੰਤ੍ਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਦੇ ਜੀਵਨ ਵਿੱਚ ਕਈ ਮੁਸ਼ਕਿਲਾਂ ਖੜੀਆਂ ਕਰ ਦਿੰਦੇ ਹਾਂ ਅਤੇ ਹੌਲੀ-ਹੌਲੀ ਲੋਕਾਂ ਨਾਲ ਸਾਡੀਆਂ ਦੂਰੀਆਂ ਇੰਨੀਆਂ ਵੱਧ ਜਾਂਦੀਆਂ ਹਨ ਕਿ ਸਾਡਾ ਗ਼ਰੂਰ ਹੀ ਸਾਡੇ ਗਲੇ ਦਾ ਫੰਦਾ ਬਣ ਜਾਂਦਾ ਹੈ। ਅਸੀਂ ਲੋਕ ਜਿਹਨਾਂ ਮਜ਼ਲੂਮਾਂ ਨੂੰ ਆਪਣੇ ਪੈਰਾਂ ਦੀ ਖ਼ਾਕ ਜਾਂ ਚਿੜੀਆਂ ਵਾਂਗ ਕਮਜ਼ੋਰ ਸਮਝਦੇ ਹਾਂ, ਉਹਨਾਂ ਚਿੜੀਆਂ ਨੇ ਕਦੋਂ ਪਰਮਾਤਮਾ ਦੀ ਅਪਾਰ ਕਿਰਪਾ ਨਾਲ ਬਾਜ਼ ਬਣ ਕੇ ਆਪਣੇ ਉੱਪਰ ਢਾਹੇ ਗਏ ਹਰ ਜ਼ੁਲਮ ਦਾ ਸਾਥੋਂ ਹਿਸਾਬ ਲੈ ਲੈਣਾ ਹੈ, ਇਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਹਾਂ। ਇਹ ਇਕ ਅਟੱਲ ਸਚਾਈ ਹੈ ਕਿ ਇਹ ਦੁਨਿਆਵੀ ਤਖ਼ਤੋਂ-ਤਾਜ ਅਤੇ ਇਹ ਹੈਂਕੜ ਦੇ ਬੁੱਤ ਕਦੇ ਵੀ ਸਦਾ ਸਲਾਮਤ ਨਹੀਂ ਰਹਿਣੇ ਅਤੇ ਪਲਕ ਝਪਕਦਿਆਂ ਮਜ਼ਲੂਮਾਂ ਦੀ ਹਾਅ ਲੱਗਣ ਦੀ ਨੌਬਤ ਕਦੇ ਵੀ ਆ ਸਕਦੀ ਹੈ। ਇਥੇ ਇਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਆਖ਼ਰ ਅਸੀਂ ਕਿਉਂ ਇਸ ਸਦੀਵੀ ਸੱਚ ਨੂੰ ਸਵੀਕਾਰ ਨਹੀਂ ਕਰਦੇ ਹਾਂ ਕਿ ਸਾਨੂੰ ਇਕ ਨਾ ਇਕ ਦਿਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣਾ ਪੈਣਾ ਹੈ ਅਤੇ ਅਸੀਂ ਲੋਕ ਅਣਗੌਲਿਆ ਕਿਉਂ ਨਹੀਂ ਰਹਿਣਾ ਚਾਹੁੰਦੇ ਹਾਂ? ਸਾਡਾ ਲਾਲਚ ਅਤੇ ਹਉਮੈ ਸਾਨੂੰ ਆਮ ਤੋਂ ਖਾਸ ਬਣਨ ਦੇ ਲਈ ਇਸ ਹੱਦ ਤੱਕ ਅੰਨਿਆਂ ਕਿਉਂ ਕਰ ਦਿੰਦਾ ਹੈ ਕਿ ਅਸੀਂ ਆਪਣੀ ਜ਼ਿੰਦਗੀ ਵਿਚ ਕੋਈ ਮਖ਼ਸੂਸ ਮੁਕਾਮ ਹਾਸਲ ਕਰਨ ਪਿੱਛੋਂ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੇ ਹੋਏ ਆਪਣੀਆਂ ਅੱਖਾਂ ਉੱਪਰ ਗਰੂਰ ਦੀ ਪੱਟੀ ਬੰਨ ਕੇ ਕੁਰਾਹੇ ਪੈ ਜਾਂਦੇ ਹਾਂ। ਕਾਸ਼! ਸਾਡਾ ਸੋਹਣਾ ਰੱਬ ਸਾਨੂੰ ਇੰਨਾ ਕੁ ਸਬਰ, ਸਹਿਜ ਅਤੇ ਸੰਤੋਖ ਰੱਖਣ ਅਤੇ ਸਰਲ ਤਰੀਕੇ ਨਾਲ ਆਪਣੀ ਜ਼ਿੰਦਗੀ ਨੂੰ ਗੁਜ਼ਾਰਨ ਦਾ ਬੱਲ, ਬੁੱਧੀ ਅਤੇ ਪ੍ਰੇਰਨਾ ਦੇਵੇ ਕਿ ਅਸੀਂ ਉਸ ਨਿਰੰਕਾਰ ਦੇ ਭੈਅ ਵਿਚ ਇਕ ਅਜਿਹਾ ਜੀਵਨ ਗੁਜ਼ਾਰ ਸਕੀਏ ਕਿ ਅਸੀਂ ਖ਼ੁਦ ਵੀ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੋਣ ਦੇ ਨਾਲ-ਨਾਲ ਆਪਣੇ ਆਸ-ਪਾਸ ਦੇ ਲੋਕਾਂ ਨੂੰ ਵੀ ਇਹਨਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਕਰਨ ਵਿੱਚ ਸਹਾਈ ਹੋ ਸਕੀਏ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਵੀ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਜੋ ਲੋਕ ਦੂਜਿਆਂ ਨੂੰ ਇਸਤੇਮਾਲ ਕਰਨ ਜਾਂ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਕਦੇ ਵੀ ਦੂਜਿਆਂ ਦੇ ਮਨਾਂ ਵਿਚ ਆਪਣੇ ਲਈ ਸਥਾਈ ਤੌਰ ਉੱਪਰ ਸਤਿਕਾਰ ਦੀ ਭਾਵਨਾ ਪੈਦਾ ਨਹੀਂ ਕਰ ਸਕਦੇ ਹਨ। ਇਹਨਾਂ ਲੋਕਾਂ ਨੂੰ ਜਾਂ ਤਾਂ ਇਸ ਗੱਲ ਦੀ ਸੋਝੀ ਤੱਕ ਨਹੀਂ ਹੁੰਦੀ ਜਾਂ ਇਹ ਲੋਕ ਆਪਣੀ ਹੈਂਕੜ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਇਹ ਜਾਣਬੁੱਝ ਕੇ ਇਸ ਬੁਨਿਆਦੀ ਤੇ ਸਦੀਵੀਂ ਸੱਚ ਨੂੰ ਭੁੱਲਣ ਦਾ ਢੌਂਗ ਰਚਦੇ ਹਨ ਕਿ ਜਿੱਥੇ ਖ਼ੌਫ਼ ਹੁੰਦਾ ਹੈ, ਉੱਥੇ ਪਿਆਰ ਅਤੇ ਸਤਿਕਾਰ ਦੀ ਭਾਵਨਾ ਦਾ ਵਿਕਾਸ ਹੋਣਾ ਸੰਭਵ ਨਹੀਂ ਹੁੰਦਾ ਹੈ। ਹਰ ਪਲ ਦੂਸਰਿਆਂ ਦੀ ਆਜ਼ਾਦ ਹਸਤੀ ਨੂੰ ਸਿਰਿਉਂ ਨਿਕਾਰਨ ਅਤੇ ਲਤਾੜਨ ਨਾਲ ਅਜਿਹੇ ਲੋਕ ਮਜ਼ਲੂਮ ਲੋਕਾਂ ਦੀ ਨਫ਼ਰਤ ਦਾ ਪਾਤਰ ਬਣਦੇ ਹਨ। ਜੋ ਲੋਕ ਇਹ ਲੋਚਦੇ ਹੁੰਦੇ ਹਨ ਕਿ ਹਰ ਕਾਰਜ ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਦੀ ਆਗਿਆ ਲੈਕੇ ਹੋਵੇ ਅਤੇ ਠੀਕ-ਗਲਤ ਤੇ ਜਾਇਜ਼-ਨਾਜਾਇਜ਼ ਦੇ ਮਾਪਦੰਡ ਉਹਨਾਂ ਦੀ ਖ਼ੁਸ਼ੀ ਤੇ ਉਹਨਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਨਿਰਧਾਰਤ ਕੀਤੇ ਜਾਣ ਅਤੇ ਜੇਕਰ ਅਜਿਹੇ ਲੋਕਾਂ ਦੇ ਮਨਸੂਬਿਆਂ, ਸੋਚ, ਬਿਰਤੀ ਅਤੇ ਅਮਲਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਸਾਨੂੰ ਇਹ ਵੀ ਸਹਿਜੇ ਹੀ ਮਹਿਸੂਸ ਹੋਵੇਗਾ ਕਿ ਅਜਿਹੇ ਲੋਕ ਅਸਲ ਵਿਚ ਮਾਨਸਿਕ ਤੌਰ ਉੱਪਰ ਅਪਾਹਜ਼ ਹੁੰਦੇ ਹਨ। ਦੂਜਿਆਂ ਨੂੰ ਖ਼ੁਦ ਤੋਂ ਨੀਵਾਂ ਸਮਝਣ ਵਾਲੇ ਇਹਨਾਂ ਲੋਕਾਂ ਨੂੰ ਆਪਣੀ ਤਾਕਤ, ਵਜ਼ੂਦ ਅਤੇ ਗ਼ਰੂਰ ਦੇ ਬੁੱਤ ਢਹਿ ਢੇਰੀ ਹੋ ਜਾਣ ਦਾ ਡਰ ਲਗਾਤਾਰ ਸਤਾਉਂਦਾ ਰਹਿੰਦਾ ਹੈ ਅਤੇ ਆਪਣੇ ਅਸਲੀ ਚਿਹਰੇ ਨੂੰ ਛੁਪਾਉਣ ਅਤੇ ਆਪਣੀ ਅਸੁਰੱਖਿਆ, ਕਮਜ਼ਰਫੀ ਤੇ ਸੌੜੇ ਨਜ਼ਰੀਏ ਨੂੰ ਦੂਜਿਆਂ ਤੋਂ ਲੁਕਾਉਣ ਦੀ ਦੌੜ ਵਿੱਚ ਅਜਿਹੇ ਖ਼ੁਸ਼ਾਮਦ ਪਸੰਦ ਲੋਕ ਆਪਣੀ ਅਖੌਤੀ ਤਾਕਤ ਦੇ ਸਹਾਰੇ ਆਪਣੇ ਆਲੇ-ਦੁਆਲੇ ਇਕ ਅਜਿਹਾ ਜਾਲ ਬੁਣ ਲੈਂਦੇ ਹਨ ਕਿ ਜਿਸ ਵਿਚ ਇਹਨਾਂ ਦੇ ਖ਼ੁਸ਼ਾਮਦੀਆਂ ਤੋਂ ਇਲਾਵਾ ਹੋਰ ਕੋਈ ਪ੍ਰਵੇਸ਼ ਨਹੀਂ ਕਰ ਪਾਉਂਦਾ ਹੈ। ਗੰਧਲੀ ਸੋਚ ਦੇ ਧਾਰਨੀ ਅਤੇ ਜ਼ਿਹਨੀ ਤੌਰ ਉੱਪਰ ਬੀਮਾਰ ਅਜਿਹੇ ਲੋਕਾਂ ਨੂੰ ਜੇਕਰ ਕੋਈ ਜੁਰਅਤ ਕਰਕੇ ਜਾਂ ਭੁਲੇਖੇ ਨਾਲ ਆਇਨਾ ਦਿਖਾ ਦੇਵੇ ਤਾਂ ਇਹ ਆਪਣੇ ਗੰਧਲੇ ਚਿਹਰਿਆਂ ਨੂੰ ਸਾਫ ਕਰਨ ਦੀ ਬਜਾਏ ਆਇਨੇ ਨੂੰ ਹੀ ਚਕਨਾਚੂਰ ਕਰਨ ਉੱਪਰ ਉਤਾਰੂ ਹੋ ਜਾਂਦੇ ਹਨ। ਅਜਿਹੇ ਲੋਕਾਂ ਨੂੰ ਸੁਧਾਰਨ ਦੀ ਬਜਾਏ ਇਹਨਾਂ ਦਾ ਤਿਰਸਕਾਰ ਕਰਕੇ ਇਹਨਾਂ ਤੋਂ ਦੂਰੀ ਬਣਾ ਕੇ ਰੱਖਣਾ ਕਈ ਵਾਰ ਇਕ ਮਾਤਰ ਵਿਕਲਪ ਰਹਿ ਜਾਂਦਾ ਹੈ। ਅਜਿਹੇ ਲੋਕ ਅਸਲ ਵਿਚ ਉਹ ਨਾਗ ਹੁੰਦੇ ਹਨ, ਜੋ ਹਰ ਵੇਲੇ ਦੂਜਿਆਂ ਨੂੰ ਨਿਗਲਣ ਜਾਂ ਡੰਗਣ ਦੀ ਖ਼ਾਤਰ ਆਪਣਾ ਫੱਨ ਖਿਲਾਰ ਕਾ ਜ਼ਹਿਰ ਉਗਲਦੇ ਰਹਿੰਦੇ ਹਨ। ਅਜਿਹੇ ਲੋਕ ਖਾਰੇ ਪਾਣੀਆਂ ਦੀ ਉਸ ਜਲਧਾਰਾ ਵਾਂਗ ਹੁੰਦੇ ਹਨ, ਜਿਸ ਵਿੱਚ ਲੱਖਾਂ ਟਨ ਸ਼ਹਿਦ ਮਿਲਾਉਣ ਤੋਂ ਬਾਅਦ ਵੀ ਉਸ ਦਾ ਖਾਰਾਪਣ ਦੂਰ ਨਹੀਂ ਹੁੰਦਾ ਹੈ। ਸਾਨੂੰ ਇਹ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਹਰੇਕ ਇਨਸਾਨ ਨੂੰ ਸਬਰ, ਸ਼ੁਕਰ, ਸਹਿਜ, ਸ਼ਾਤੀ, ਇੰਤਜ਼ਾਰ ਅਤੇ ਅਰਦਾਸ ਦੀ ਢਾਲ ਨਾਲ ਆਪਣੇ ਆਪ ਦੀ ਹਿਫ਼ਾਜ਼ਤ ਕਰਨ ਦਾ ਹੁਨਰ ਸਿੱਖਣਾ ਚਾਹੀਦਾ ਹੈ ਕਿਉਂ ਕਿ ਇਹ ਉਹ ਢਾਲ ਹੈ ਕਿ ਜਿਸ ਉੱਪਰ ਹਰ ਜ਼ਾਲਮ ਦਾ ਵਾਰ ਅਤੇ ਕਿਸੇ ਵੀ ਨਾਗ ਦਾ ਜ਼ਹਿਰ ਭਾਰੂ ਨਹੀਂ ਪੈ ਸਕਦਾ ਹੈ। ਹੰਕਾਰ ਦੀ ਭੱਠੀ ਵਿਚ ਤਪ ਰਹੇ ਅਜਿਹੇ ਲੋਕਾਂ ਨੂੰ ਬਦਲਣ ਜਾਂ ਇੰਨੇ ਦੇ ਪੱਧਰ ਤੱਕ ਗਿਰ ਕੇ ਇਹਨਾਂ ਨੂੰ ਆਇਨਾ ਦਿਖਾ ਕੇ ਇਹਨਾਂ ਨੂੰ ਹਰਾਉਣ ਦੀ ਬਜਾਏ ਸਾਨੂੰ ਆਪਣਾ ਸਹਿਜ ਅਤੇ ਮਾਨਸਿਕ ਸਕੂਨ ਹਰ ਪਰਸਥਿਤੀ ਵਿਚ ਸਦਾ ਕਾਇਮ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਡਾ. ਅਰਵਿੰਦਰ ਸਿੰਘ ਭੱਲਾ
ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ
ਖਾਲਸਾ ਕਾਲਜ, ਲੁਧਿਆਣਾ।
ਮੋ: 9463062603

ਗੁਰਬਾਣੀ ਅਨੁਸਾਰ ਗੁਰੂ ਨਾਨਕ ਜੀ ਅਤੇ ਭਗਵਾਨ ਰਾਮ ਜੀ ਇੱਕ ਹੀ ਰੂਪ ਹਨ

'ਰਾਮ ਮੰਦਿਰ ਉਦਘਾਟਨ' ਸਮੇਂ ਦੀਵਾਲੀ ਮਨਾਉਣ ਦੀ ਪ੍ਰੇਰਨਾ ਦਿੰਦਿਆਂ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਜੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਅਯੁੱਧਿਆ ਵਿਖੇ 'ਰਾਮ ਮੰਦਿਰ ਉਦਘਾਟਨ' ਦੇ ਸ਼ੁਭ ਅਵਸਰ ਉੱਤੇ ਸਾਰੇ ਭਾਰਤਵਾਸੀਆਂ ਨੂੰ, ਵਿਸ਼ੇਸ਼ ਰੂਪ ਵਿੱਚ ਸਿੱਖ ਪੰਥ ਨੂੰ ਦੀਵਾਲੀ ਦੀ ਤਰ੍ਹਾਂ ਖ਼ੁਸ਼ੀ ਮਨਾਉਣੀ ਚਾਹੀਦੀ ਹੈ। ਕਿਉਂਕਿ, ਸਤਿਗੁਰੂ ਨਾਨਕ ਦੇਵ ਜੀ ਅਤੇ ਭਗਵਾਨ ਰਾਮਚੰਦਰ ਜੀ ਇੱਕ ਹੀ ਰੂਪ ਹਨ। ਗੁਰਬਾਣੀ ਵਿੱਚ ਲਿਖਿਆ ਹੈ, "ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ"(ਪੰਨਾ 1390)। ਨਾਮਧਾਰੀ ਮੁਖੀ ਠਾਕੁਰ ਜੀ ਨੇ ਗੁਰਬਾਣੀ ਦੇ ਪ੍ਰਮਾਣ ਦੇ ਕੇ ਆਪਣੀ ਗੱਲ ਸਪੱਸ਼ਟ ਕਰਦਿਆਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਸੂਰਜਵੰਸ਼ੀ ਭਗਵਾਨ ਰਾਮਚੰਦਰ ਜੀ ਦੀ ਵੰਸ਼ ਵਿੱਚ ਬੇਦੀ ਅਤੇ ਸੋਢੀ ਗੋਤਰ ਵਿੱਚ ਪ੍ਰਗਟ ਹੋਏ ਹਨ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿੱਚ ਲਿਖਿਆ ਹੈ "ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਏ। ਸੋਢੀ ਵੰਸ਼ ਅਤੇ ਆਪਣੇ ਬਾਰੇ ਲਿਖਿਆ ਹੈ, "ਅਬ ਮੈ ਕਹੋ ਸੁ ਅਪਨੀ ਕਥਾ। ਸੋਢੀ ਬੰਸ ਉਪਜਿਯਾ ਜਥਾ".. "ਸੋਢੀਰਾਇ ਧਰਾ ਤਿਹ ਨਾਮਾ॥ ਵੰਸ ਸਨੌਢ ਤਾ ਦਿਨ ਤੇ ਥੀਆ॥ ਪਰਮ ਪਵਿਤ੍ ਪੁਰਖ ਜੂ ਕੀਆ। ਸੋਢੀ ਵੰਸ਼ ਵਾਸਤੇ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਲਿਖਿਆ ਹੈ, "ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ"(ਪੰਨਾ 1407)। ਪੁਰਾਤਨ 'ਜਨਮ ਸਾਖੀ' ਦਾ ਵੀ ਪ੍ਰਮਾਣ ਹੈ "ਸੂਰਜ ਕੁਲ ਤੇ ਰਘੁ ਭਇਆ ਰਘੁ ਬੰਸੀ ਭਇਆ ਰਾਮ। ਰਾਮਚੰਦਰ ਕੇ ਦੋਇ ਸੁਤ ਲਵ ਕੁਸ਼ ਤਿਹ ਨਾਮ। ਇਹ ਹਮਾਰੇ ਬੜੇ ਹੈ ਜੁਗਾ ਜੁਗਾਂ ਅਵਤਾਰ। ਇਨਹੀ ਕੇ ਘਰ ਉਪਜੇ ਨਾਨਕ ਕਲ ਅਵਤਾਰ। ਗੁਰਬਾਣੀ ਦੀਆਂ ਉਪਰੋਕਤ ਤੁਕਾਂ ਅਨੁਸਾਰ, ਭਗਵਾਨ ਰਾਮਚੰਦਰ ਜੀ ਸਿੱਖ ਗੁਰੂ ਸਾਹਿਬਾਨ ਦੇ ਪੂਰਵਜ ਹਨ। ਠਾਕੁਰ ਜੀ ਨੇ ਇਹ ਵੀ ਦੱਸਿਆ ਕਿ ਸ੍ਰੀ ਰਾਮਚੰਦਰ ਜੀ ਨੂੰ ਸਿੱਖ ਪੰਥ ਦੀ ਬਾਣੀ ਵਿੱਚ 'ਸਤਿਗੁਰੂ' ਲਿਖਿਆ ਹੋਇਆ ਹੈ 'ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ'। ਸਿੱਖ ਪੰਥ ਦੇ 'ਵਾਹਿਗੁਰੂ' ਗੁਰਮੰਤਰ ਵਿੱਚ, 'ਰ' ਅੱਖਰ ਭਗਵਾਨ ਰਾਮ ਜੀ ਦੇ ਨਾਮ ਤੋਂ ਲਿਆ ਗਿਆ ਹੈ "ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ। ਸਤਿਗੁਰੂ ਅਰਜੁਨ ਦੇਵ ਜੀ ਨੇ ਪ੍ਰਭੂ ਅਵਤਾਰਾਂ ਦੀ ਗਿਣਤੀ ਕਰਦਿਆਂ ਲਿਖਿਆ ਹੈ ਕਿ ਨਿਰਾਕਾਰ ਪ੍ਰਭੂ ਨੇ, ਰਘੂਕੁਲ ਵਿੱਚ ਸ੍ਰੀ ਰਾਮਚੰਦਰ ਜੀ ਦੇ ਰੂਪ ਵਿੱਚ ਅਵਤਾਰ ਧਾਰਿਆ, "ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥ ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ"(ਪੰਨਾ 1082)। ਇਸ ਤਰ੍ਹਾਂ, ਗੁਰਬਾਣੀ ਦੇ ਪ੍ਰਮਾਣਾਂ ਦੇ ਆਧਾਰ ਉੱਤੇ ਠਾਕੁਰ ਦਲੀਪ ਸਿੰਘ ਜੀ ਨੇ ਸਿੱਧ ਕੀਤਾ ਕਿ ਭਗਵਾਨ ਰਾਮਚੰਦਰ ਜੀ ਸਿੱਖ ਪੰਥ ਲਈ ਪੂਜਨੀਕ ਹਨ। ਕਿਉਂਕਿ: 1. ਭਗਵਾਨ ਰਾਮਚੰਦਰ ਜੀ ਸਿੱਖ ਗੁਰੂ ਸਾਹਿਬਾਨ ਦੇ ਪੂਰਵਜ ਹਨ। 2. ਸਤਿਗੁਰੂ ਨਾਨਕ ਦੇਵ ਜੀ ਅਤੇ ਭਗਵਾਨ ਰਾਮਚੰਦਰ ਜੀ ਇੱਕ ਹੀ ਰੂਪ ਹਨ। 3. ਗੁਰਮੰਤਰ ਵਿੱਚ ਭਗਵਾਨ ਰਾਮਚੰਦਰ ਜੀ ਦੇ ਨਾਮ ਦਾ 'ਰ' ਅੱਖਰ ਹੈ। ਕੁਝ ਸਿੱਖ 'ਰਾਮ ਮੰਦਰ' ਦਾ ਵਿਰੋਧ ਕਰਦੇ ਹਨ ਅਤੇ 'ਬਾਬਰੀ ਮਸਜਿਦ' ਦਾ ਪੱਖ ਪੂਰਦੇ ਹਨ। ਉਨ੍ਹਾਂ ਨੂੰ ਬੇਨਤੀ ਕਰਦਿਆਂ ਨਾਮਧਾਰੀ ਮੁਖੀ ਨੇ ਕਿਹਾ ਕਿ ਰਾਮ ਮੰਦਿਰ ਦਾ ਵਿਰੋਧ ਕਰਨ ਵਾਲੇ ਸਿੱਖਾਂ ਨੂੰ ਇਹ ਵਿਚਾਰ ਕਰਨ ਦੀ ਲੋੜ ਹੈ ਕਿ ਇਨ੍ਹਾਂ ਹੀ ਮੁਗਲਾਂ ਨੇ ਸਾਡੇ ਹਰਿਮੰਦਰ ਸਾਹਿਬ ਨੂੰ ਵੀ ਚਾਰ ਵਾਰ ਢਾਹਿਆ ਸੀ। ਸਤਿਗੁਰੂ ਨਾਨਕ ਦੇਵ ਜੀ ਨੂੰ ਤਸੀਹੇ ਦੇਣ ਵਾਲੇ; ਸਤਿਗੁਰੂ ਅਰਜਨ ਦੇਵ ਜੀ, ਸਤਿਗੁਰੂ ਤੇਗ ਬਹਾਦਰ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਲੱਖਾਂ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਮੁਗਲਾਂ ਦੁਆਰਾ ਢਾਹਿਆ ਗਿਆ 'ਰਾਮ ਮੰਦਿਰ' ਦੁਬਾਰਾ ਬਣ ਰਿਹਾ ਹੈ। 'ਬਾਬਰੀ ਮਸਜਿਦ' ਦਾ ਸਮਰਥਨ ਕਰਨਾ ਅਤੇ 'ਰਾਮ ਮੰਦਰ' ਦਾ ਵਿਰੋਧ ਕਰਨਾ; ਸਿੱਖਾਂ ਦਾ ਆਪਣੇ ਗੁਰੂ ਜੀ ਦੇ ਕਾਤਿਲ ਪਾਪੀ ਮੁਗਲਾਂ ਨੂੰ ਸਮਰਥਨ ਕਰਨਾ ਹੈ। ਇਸ ਲਈ, ਸਿੱਖ ਭਰਾਵਾਂ ਨੂੰ ਰਾਮ ਮੰਦਿਰ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਵਿਰੋਧ ਛੱਡ ਕੇ, 'ਰਾਮ ਮੰਦਿਰ ਉਦਘਾਟਨ' ਦੇ ਸ਼ੁਭ ਮੌਕੇ ਉੱਤੇ ਦੀਵਾਲੀ ਦੀ ਤਰ੍ਹਾਂ ਹੀ ਖ਼ੁਸ਼ੀ ਮਨਾਉਣੀ ਚਾਹੀਦੀ ਹੈ। ਹੈਰਾਨੀ ਦੀ ਗੱਲ ਹੈ ਕਿ ਗੁਰਬਾਣੀ ਅਤੇ ਇਤਿਹਾਸ ਵਿੱਚ ਇੰਨੇ ਪ੍ਰਤੱਖ ਪ੍ਰਮਾਣ ਹੋਣ ਦੇ ਬਾਵਜੂਦ, ਸਿੱਖ ਪੰਥ ਵਿੱਚੋਂ 'ਨਾਮਧਾਰੀ ਸਿੱਖ' ਨਾਮ ਦੀ ਕੇਵਲ ਇੱਕ ਹੀ ਸਿੱਖ ਸੰਪਰਦਾ ਨੇ ਠਾਕੁਰ ਦਲੀਪ ਸਿੰਘ ਜੀ ਦੀ ਅਗਵਾਈ ਵਿੱਚ ਰਾਮ ਮੰਦਿਰ ਦਾ ਸਮਰਥਨ ਕਰਕੇ, ਮੀਡੀਆ ਵਿੱਚ ਪ੍ਰਚਾਰ ਕੀਤਾ ਹੈ ਅਤੇ ਅਯੁੱਧਿਆ ਪਹੁੰਚ ਕੇ ਲੰਗਰ ਲਾਇਆ ਹੈ। ਸੰਨ 1858 ਵਿੱਚ ਬਾਬਰੀ ਮਸਜਿਦ ਅੰਦਰ ਵੜ ਕੇ, ਹਵਨ ਯੱਗ ਕਰਨ ਵਾਲੇ ਨਿਹੰਗ ਫਕੀਰ ਸਿੰਘ ਜੀ ਦੇ ਵੰਸ਼ਜ ਸੰਤ ਹਰਜੀਤ ਸਿੰਘ ਜੀ ਨਿਹੰਗ, ਉਨ੍ਹਾਂ ਦੇ ਕੁਝ ਸਾਥੀ ਅਤੇ ਕੁਝ ਹੋਰ ਸਿੱਖ ਸੰਤ ਵੀ ਅਯੁੱਧਿਆ ਵਿੱਚ ਲੰਗਰ ਦੀ ਸੇਵਾ ਕਰਨ ਲਈ ਪਹੁੰਚੇ ਹਨ। ਪਰ ਨਾਮਧਾਰੀ ਸਿੱਖਾਂ ਵਾਂਗ ਪੂਰਨ ਰੂਪ ਵਿੱਚ ਕੋਈ ਵੀ 'ਸਿੱਖ ਸੰਪਰਦਾ' ਅਯੁੱਧਿਆ ਨਹੀਂ ਆਈ।

ਠਾਕੁਰ ਦਲੀਪ ਸਿੰਘ

ਪੱਤ ਝੜ ਦੇ ਪੱਤਿਆ ਵਾਂਗ ਪੰਜਾਬ ਦੀ ਜਵਾਨੀ ਡਿੱਗ ਰਹੀ ਹੈ

ਫਿਲਮੀ ਸਿਗਰਟ ਦਾ ਧੂਆਂ ਜੋ ਦਿਖਾਵੇ ਲਈ ਉਦਾਸੀ ਵਿੱਚ ਐਕਟਰਾਂ ਵਲੋਂ ਛਡਿਆ ਜਾਦਾ ਹੈ, ਉਹ ਇਉ ਲਗਦਾ ਹੈ ਜਿਵੇਂ ਸਾਰੀ ਉਦਾਸੀ ਤੇ ਜ਼ਿੰਦਗੀ 'ਚ ਹਨੇਰਾ ਇਸ ਧੂਆਂ ਦੇ ਛੱਡਣ ਨਾਲ ਦੂਰ ਹੋ ਜਾਦਾ ਹੈ। ਜੋ ਲੋਕ ਹਿੰਮਤ ਹਾਰ ਜਾਂਦੇ ਹਨ ਉਹ ਫਿਰ ਇਹ ਸੋਚਦੇ ਹਨ ਕਿ ਸ਼ਾਇਦ ਜੋ ਦਿਖਾਇਆ ਗਿਆ ਹੈ। ਇਹ ਸੱਚ ਹੈ, ਇਸ ਲਈ ਨਿਰਾਸ਼ ਹੋਣ ਤੇ ਇਹ ਯੂਵਾਂ ਵਰਗ ਦੇ ਨੌਜਵਾਨ ਇਸ ਤਰ੍ਹਾਂ ਸੋਚਦੇ ਹੀ ਨਸ਼ੇ ਦੀ ਦਲਦਲ ਵਿੱਚ ਨਾ ਚਾਹੁੰਦੇ ਹੋਏ ਵੀ ਫਸ ਜਾਦੇ ਹਨ। ਦਵਾਈ ਜਾਂ "ਚੂਰਨ ਦੀ ਗੋਲੀ"ਵਿੱਚ ਹੁੰਦਾ ਕੀ ਹੈ? ਇਸ ਨੂੰ ਬਣਾਉਣ ਵਾਲੀ ਕੰਪਨੀ ਨੇ ਲਿਖਕੇ ਨਾਲ ਦਿੱਤੀ ਹੈ, ਉਸ ਅਨੁਸਾਰ ਇਸ ਵਿੱਚ 15% "ਸ਼ੁੱਧ ਭੰਗ"ਪਾਈ ਹੋਈ ਹੈ। ਇਸਤੋ ਬਿਨਾਂ ਖੰਜੂਰ,ਕਾਲੀ ਮਿਰਚ,ਸੁੰਢ,ਕਾਲਾ ਨਮਕ,ਸੇਧਾ ਨਮਕ, ਇਲਾਚੀ, ਔਲੇ-ਹਰਡ-ਬਹੇੜੇ ,ਨਿੰਬੂ ਤੇ ਖੰਡ ਪਾਕੇ ਇਸਨੂੰ ਨਮਕੀਨ ਚਟਕਾਰੇਦਾਰ ਚੂਰਨ ਵਰਗਾ ਸੁਆਦ ਬਣਾ ਤਾਂ ਕਿ ਭੰਗ ਦੇ ਪੱਤਿਆਂ ਦਾ ਸੁਆਦ ਲਕੋਇਆ ਜਾ ਸਕੇ। ਛੋਟੀ ਉਮਰ ਤੋਂ ਨਸ਼ਈ ਹੋਏ ਜਦੋ ਜਵਾਨ ਹੋਏ ਤਾਂ ਇਨ੍ਹਾਂ ਫਿਲਮਾਂ ਨੇ ਹੋਰ ਹਵਾਂ ਦਿੱਤੀ 1970ਵਿਆਂ ਦੀ ਗੱਲ ਹੈ।ਜਿਸ ਵੇਲੇ ਇੱਕ ਫਿਲਮ ਆਈ ਸੀ ਜਦੋਂ ਭਾਰਤ ਵਿੱਚ ਚਿਲਮਾਂ ਦੇ ਧੂਵੇਂ ਵਿਚਕਾਰ ਘੁੰਮਦੀਆਂ ਝੂਮਦੀ ਜ਼ੀਨਤ ਅਮਾਨ ਨਸ਼ਈ ਅੱਖਾਂ ਤੇ ਮੂੰਹ ਦੁਆਰਾ ਛੱਡੇ ਭਾਰੀ ਭਰਕਮ ਧੂਵੇਂ ਵਿੱਚ 'ਦਮ ਮਾਰੋ ਦਮ' ਗਾਉਂਦੀ ਹੈ, ਇਸ ਤਰਾਂ ਹੀ ਇੱਕ ਹੋਰ ਫਿਲਮ ਵਿੱਚ ਸਿਗਰਟ ਫੜ੍ਹੇ ਹੋਏ ਸ਼ਬਨਮ ਦੀ ਪੁਕਾਰ 'ਦਮ ਦਾਮਾ ਦਮ, ਪੀਕੇ ਜ਼ਰਾ ਦੇਖੋ' ਹੈ। ਇਨ੍ਹਾਂ ਫਿਲਮਾ ਵਿੱਚ ਇਹ ਵਿਖਾਉਣ ਦੇ ਕਾਰਨ ਸਾਡੇ ਭਾਰਤੀ ਲੋਕਾਂ ਤੇ ਇਸ ਦਾ ਅਸਰ ਦਿਖਾਈ ਦੇਣ ਲਗਾਂ ਲੋਕਾਂ ਨੇ ਸਿਗਰਟ ਬਹੁਤਾਤ ਵਿੱਚ ਪੀਨੀ ਸ਼ੁਰੂ ਕਰ ਦਿੱਤੀ ਇਹ ਇੰਨ੍ਹੀ ਜਿਆਦਾ ਫੇਲ ਗਈ ਕਿ ਜੋ ਸਿਗਰਟ ਪੀਦੇਂ ਉਸ ਨੂੰ ਸਮਾਜ ਵਿੱਚ ਇੱਜਤ ਨਾਲ ਵੇਖਿਆਂ ਜਾਨ ਲਗਾਂ ਇਸ ਤਰ੍ਹਾਂ ਲੋਕ ਵੇਖਾ- ਵਖਾਈ ਇਸ ਨਸ਼ੇ ਦੇ ਆਦੀ ਬਣ ਗਏ। ਇਹ ਸਮਝਣ ਲੱਗ ਗਏ ਕਿ ਜੇ ਤੁਸੀ ਦੁਖਾ ਤੋਂ ਛੁਟਕਾਰਾ ਪਾਉਣਾ ਹੈ, ਤਾਂ ਨਸ਼ੇ ਕਰਨਾਂ ਜਰੂਰੀ ਹੈ। ਇਨ੍ਹਾਂ ਫਿਲਮਾਂ ਨੇ ਕਈ ਲੋਕਾ ਦੇ ਦਿਮਾਗ ਵਿੱਚ ਇਹ ਭਰ ਦਿੱਤਾ ਕਿ ਮਸਤੀ ਵਿੱਚ ਰਹਿਣ ਲਈ ਸਿਗਰਟ ਦਾ ਨਸ਼ਾ ਤੇ ਹੋਰ ਨਸ਼ਿਆਂ ਦੀ ਜਰੂਰਤ ਪੈਂਦੀ ਹੈ। ਪੰਜਾਬ ਵਿੱਚ ਕਈ ਡੇਰੇ ਇਸ ਤਰਾ ਦੇ ਬਣ ਗਏ ਜਿਨ੍ਹਾਂ ਨੂੰ ਮੁਜਾਰ ਜਾ ਮਸਤ ਦੇ ਡੇਰੇ ਦੇ ਨਾਂ ਨਾਲ ਪੁਕਾਰਿਆਂ ਜਾਦਾ ਹੈ ਸਾਰੀਆਂ ਮਜ਼ਾਰਾਂ 'ਤੇ ਰਵਾਇਤੀ ਸੂਫ਼ੀ ਸੰਗੀਤ, ਕੱਵਾਲੀ ਦਾ ਪ?ਬੰਧ ਕੀਤਾ ਜਾਂਦਾ ਹੈ।ਇਨ੍ਹਾਂ ਵਿੱਚ ਭੰਗ ਬਹੁਤਾਤ ਵਿੱਚ ਵਰਤੀ ਜਾਦੀ ਹੈ ਜੋ ਕਿ ਪਹਿਲਾਂ ਤੋਂ ਹੀ ਪ੍ਰਚੱਲਿਤ ਹੈ ਅਤੇ ਉੱਤਰੀ ਭਾਰਤ ਵਿੱਚ ਇਸ ਦਾ ਸੇਵਨ ਵਧੇਰੇ ਹੈ। ਸਾਧੂ ਅਤੇ ਸੂਫੀਆਂ ਦੁਆਰਾ ਇਸਨੂੰ ਵਰਤਿਆ ਜਾਂਦਾ ਸੀ ਪਰ ਅੱਜਕਲ ਹਰ ਕੋਈ ਇਸ ਤਰਾਂ ਦੇ ਨਸ਼ਿਆਂ ਵਿੱਚ ਡੁੱਬਿਆ ਰਹਿੰਦਾ ਹੈ। ਜਦ ਕਿ ਪਹਿਲਾ- ਪਹਿਲ ਇਹ ਲੋਕ ਮਸਤੀ ਵਿੱਚ ਰਹਿਣ ਲਈ ਇਸ ਤਰਾਂ ਦੇ ਨਸ਼ੇ ਕਰਦੇ ਸਨ। ਇਹ ਅਕਸਰ ਫਕੀਰ ਹੋ ਕੇ ਜਿੰਦਗੀ ਗੁਜਾਰਨ ਵਾਲੇ ਲੋਕ ਹੀ ਕਰਦੇ ਸਨ।ਇਕ ਤਬਕਾ ਹੋਰ ਵੀ ਹੈ ਜੋ ਨਸ਼ਈ ਹੋਣ ਕਾਰਣ ਕਈ ਦੇਸ਼ਾ ਵਿੱਚ ਫੈਲਿਆਂ ਹੋਇਆ ਹੈ ਜਿਨ੍ਹਾਂ ਨੂੰ ਹਿੱਪੀ ਕਿਹਾ ਜਾਦਾਂ ਹੈ ਇਹ ਅਕਸਰ ਦੂਜਿਆਂ ਨੂੰ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਹਨ। ਇਹ ਚਰਸ ਪੀਣ, ਜਿਨਸੀ ਸਬੰਧਾਂ ਦੀ ਆਜ਼ਾਦੀ ਅਤੇ ਆਪਣੇ ਵਾਲ ਨਾ ਕੱਟਣ ਦੀ ਵਕਾਲਤ ਕਰਦੇ ਹਨ। ਇੱਥੋਂ ਤੱਕ ਕਿ ਉਹ ਕਦੇ-ਕਦਾਈਂ ਹੀ ਨਹਾਉਂਦੇ ਹਨ। ਇਹ ਬਾਗੀ ਲੋਕ ਹਨ ਇਨ੍ਹਾਂ ਦਾ ਕੋਈ ਆਗੂ ਨਹੀਂ ਹੈ। ਇਨ੍ਹਾਂ ਦਾ ਕੋਈ ਦਫ਼ਤਰ, ਕੋਈ ਛਾਪੇ ਹੋਏ ਨਿਯਮ ਜਾ ਅਧਿਕਾਰੀ ਨਾ ਕੋਈ ਮੈਂਬਰਸ਼ਿਪ ਵਰਗੀਆਂ ਚੀਜ਼ਾਂ ਵੀ ਕੋਈ ਨਹੀਂ ਹੈ।ਇਹ ਲੋਕ ਜਿਵੇਂ ਪੰਜਾਬ ਵਿੱਚ ਜਿੰਨ੍ਹਾਂ ਨੂੰ ਮਸਤ ਕਿਹਾ ਜਾਦਾ ਹੈ ਇਹ ਉਹੀ ਲੋਕ ਹਨ। ਹਿੱਪੀ ਇੱਕ ਯੁਵਕ ਅੰਦੋਲਨ ਸੀ ਜੋ 1960ਵਿਆਂ ਮੱਧ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਉੱਭਰਿਆ ਅਤੇ ਬੜੀ ਤੇਜੀ ਨਾਲ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਫੈਲ ਗਿਆ। ਸ਼ੁਰੂ ਵਿੱਚ ਇਸਦਾ ਇਸਤੇਮਾਲ ਪੁਰਾਣੀਆਂ ਪਰੰਪਰਾਵਾਂ ਦਾ ਵਿਰੋਧ ਕਰਨਾ ਹੀ ਸੀ ਇਹ ਅਮਰੀਕਾ ਦੇ ਐਸ਼ਬਰੀ ਜਿਲ੍ਹੇ ਵਿੱਚ ਜਾਕੇ ਵੱਸ ਗਏ ਸਨ। ਹਿੱਪੀ ਦੀ ਸ਼ੁਰੂਆਤੀ ਵਿਚਾਰਧਾਰਾਂ ਵਿੱਚ ਨਵੀਂ ਪੀੜ੍ਹੀ ਦੇ ਉਹ ਲੋਕ ਸ਼ਾਮਿਲ ਸੀ ਜੋ ਪੁਰਾਣੇ ਸਭਿਆਚਾਰ ਦੇ ਵਿਰੋਧੀ ਸਨ। ਨਵੀਂ ਪੀੜੀ ਸਥਾਪਿਤ ਪੁਰਾਣੇ ਖਿਆਲਾ ਦੇ ਲੋਕਾ ਦਾ ਸ਼ਰ੍ਹੇਆਮ ਮਜ਼ਾਕ ਉਡਾਉਂਦੀ ਸੀ। ਕੁੱਝ ਲੋਕਾਂ ਨੇ ਖੁਦ ਆਪਣੇ ਸਮਾਜਿਕ ਸਮੂਹ ਅਤੇ ਸਮੁਦਾਏ ਬਣਾ ਲਏ ਜੋ ਮਨੋਵਿਕਾਰੀ ਰਾਕ ਧੁਨਾਂ ਸੁਣਦੇ ਸਨ, ਯੋਨ ਕ੍ਰਾਂਤੀ ਨੂੰ ਖੁੱਲੀ ਤਰਾਂ ਸਵਿਕਾਰਦੇ ਸਨ। ਅਤੇ ਚੇਤਨਾ ਦੀਆਂ ਵਿਕਲਪਿਕ ਮਨੋਸਥਿਤੀਆਂ ਨੂੰ ਪ੍ਰਾਪਤ ਕਰਨ ਲਈ ਕਈ ਤਰਾਂ ਦੀਆਂ ਨਸ਼ੀਲੀਆਂ ਦਵਾਈਆਂ ਦਾ ਸੇਵਨ ਕਰਦੇ ਸਨ। ਜਿਨ੍ਹਾਂ ਵਿੱਚ ਮਾਰਿਜੁਆਨਾ ਅਤੇ ਐਲ ਐਸ ਡੀ ਵਰਗੀਆਂ ਤੇ ਹੋਰ ਕਈ ਸ਼ਾਮਲ ਹਨ ਜਿਵੇਂ ਕਿ ਭੰਗ, ਮੱਛੀ ਦੇ ਛਿਲਕੇ, ਸੁੱਕੇ ਸੱਪ ਦੀਆਂ ਛਿੱਲ ਇਹ ਪਦਾਰਥ ਵੱਖ ਵੱਖ ਲੰਬਾਈ ਜਾਂ ਚਿਲਮ ਦੇ ਤਣਿਆਂ ਦੇ ਨਾਲ ਪਾਇਪਾਂ ਦੁਆਰਾ ਪੀਤੇ ਜਾਂਦੇ ਸਨ। ਇਨ੍ਹਾਂ ਤੋ ਇਲਾਵਾ ਪੰਜਾਬੀਆ ਦੇ ਹਰਮਨ ਪਿਆਰੇ ਕਿੱਸਾ ਕਾਰ ਵੀ ਨਸ਼ੇ ਨੂੰ ਆਪਣੀ ਲਿਖਤ ਵਿੱਚ ਹੀਰ ਦੇ ਰੰਗ ਦੀ ਤੁਲਨਾ ਜਦੋ ਸ਼ਰਾਬ ਨਾਲ ਇਸ ਤਰਾਂ ਕਰਦੇ ਹਨ ਤੇ ਵਾਰਿਸ ਸ਼ਾਹ ਹੀਰ ਦੇ ਹੁਸਨ ਦੀ ਤਾਰੀਫ ਕਰਦਾ ਕਹਿੰਦਾ ਹੈ,

ਕੇਹੀ ਹੀਰ ਦੀ ਕਰੇ ਤਾਰੀਫ ਸ਼ਾਇਰ
ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।
ਖੂਨੀ ਚੂੰਡੀਆਂ ਰਾਤ ਜਿਉ ਚੰਨ ਦਵਾਲੇ
ਸੁਰਖ ਰੰਗ ਜਿਉਂ ਰੰਗ ਸ਼ਰਾਬ ਦਾ ਜੀ।

ਇਹੋ ਜਿਹੀਆਂ ਗੱਲਾ ਵੀ ਕਿਤੇ ਨਾ ਕਿਤੇ ਭਾਬੜ ਤੇ ਤੇਲ ਪੌਣ ਵਾਂਗ ਕੰਮ ਕਰਦੀਆ ਨਜਰ ਪੈਦੀਆਂ ਹਨ। ਇਨ੍ਹਾਂ ਲੋਕਾ ਦੇ ਵੱਲ ਵੇਖ ਕੇ ਹੀ ਜਾ ਪੜ ਕੇ ਆਮ ਲੋਕਾਂ ਦੇ ਦਿਮਾਗ ਤੇ ਅਸਰ ਤਾ ਹੁੰਦਾ ਹੀ ਹੈ। ਇਨ੍ਹਾ ਲੋਕਾ ਦੁਆਰਾ ਨਸ਼ਿਆ ਦਾ ਇਨ੍ਹਾਂ ਪ੍ਰਚਾਰ ਕਰਨ ਸਦਕਾ ਇਹ ਪੰਜਾਬ ਵਿੱਚ ਅੱਗ ਵਾਂਗ ਫੈਲੇ ਇਹ ਨਸ਼ੇ ਪੰਜਾਬੀਆ ਦੀਆ ਨਸਾ ਵਿੱਚ ਇੰਨ੍ਹੇ ਜਿਆਦਾ ਰਚ ਗਏ ਕਿ ਜਿੰਨ੍ਹਾਂ ਨੂੰ ਛੱਡਨਾ ਅਸਭੰਵ ਹੋ ਗਿਆ ਜਿਵੇਂ- ਜਿਵੇਂ ਸਰੀਰ ਨੂੰ ਜਿਆਦਾ ਲੋੜ ਪੈਦੀ ਗਈ ਉਵੇ- ਉਵੇਂ ਨਸ਼ੇ ਵੀ ਜਿਆਦਾ ਜਹਿਰੀਲੇ ਆਉਂਦੇ ਗਏ ਅੱਜ ਕੱਲ ਕਈ ਕਿਸਮ ਦੇ ਨਸ਼ੇ ਆ ਗਏ ਹਨ ਜਿਵੇਂ ਕਿ, ਹੈਰੋਇਨ, ਚਰਸ, ਗੋਲੀਆਂ, ਕੈਪਸੂਲ ਨਸ਼ੇ ਦੇ ਟੀਕੇ ਨਸ਼ੀਲੀਆਂ ਦਵਾਈਆਂ ਜਦ ਕਿ ਪਹਿਲਾ , ਤੰਬਾਕੂ ਡੋਡੇ, ਸ਼ਰਾਬ, ਗਾਂਜਾ, ਅਫੀਮ, ਅਤੇ ਭੁੱਕੀ ਆਦਿ ਸੀ ਪਰ ਪੰਜਾਬ ਵਿੱਚ ਜਿਸ ਨੇ ਜਿਆਦਾ ਤਬਾਹੀ ਮਚਾਈ ਉਹ ਹੈ ਚਿੱਟਾ ਪਹਿਲਾ ਚਿੱਟੇ ਦਾ ਧੂਵਾ ਪੀਤਾ ਜਾਦਾ ਸੀ ਪਰ ਅੱਜ ਕਲ ਇਸ ਨੂੰ ਪਾਣੀ ਵਿੱਚ ਘੋਲ ਕੇ ਇਸ ਦਾ ਟੀਕਾ ਲਾਇਆ ਜਾਦਾ ਹੈ। ਇਹ ਇਕ ਹੀ ਸਰਿੰਜ ਨਾਲ ਕਈ ਜਣੇ ਲਗਾ ਲੈਂਦੇ ਹਨ। ਜਿਸ ਕਰਕੇ ਕਾਲਾ ਪੀਲੀਆ ਤੇ ਐਚ ਆਈ ਵੀ ਜਿਹੀ ਬਿਮਾਰੀ ਦੇ ਸਿਕਾਰ ਹੋ ਰਹੇ ਹਨ। ਜਿੰਨ੍ਹਾਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾਦੀ ਹੈ। ਹਿੱਪੀ ਸੂਫੀ ਤੇ ਫਕੀਰ ਲੋਕ ਜਿਵੇਂ ਆਮ ਨਾਲੋ ਵੱਖਰੇ ਚਲਦੇ ਸੀ ਤੇ ਆਮ ਲੋਕਾ ਨੂੰ ਟਿੱਚ ਜਾਣਦੇ ਸੀ। ਇਸ ਤਰ੍ਹਾਂ ਹੀ ਇਹ ਨਸ਼ਈ ਲੋਕ ਵੀ ਵੱਖਰੇ ਹੀ ਚਲਦੇ ਹਨ। ਇਸ ਧੂੰਏ ਵਾਲੀਆ ਫਿਲਮਾ ਤੇ ਮਸਤੀ ਵਿੱਚ ਭੰਗ ਆਦ ਪੀਦੇਂ ਨਸ਼ਈ ਲੋਕਾ ਦੇ ਵੇਖਾ- ਵਿਖਾਈ ਇਸ ਤਰਾਂ ਚਿਲਮ ਦੇ ਧੂੰਏਂ ਨਾਲ ਢਿੱਡ ਦੀ ਅੱਗ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਹਨ ਗਾਹਾਂ ਜਾਕੇ ਇਹੋ ਚੋਰੀਆਂ ਕਰਦੇ ਆ ਜਦੋ ਨਸ਼ਾ ਨਹੀ ਮਿਲਦਾ ਇੱਕ ਤਾਜ਼ਾ ਰਿਪੋਰਟ ਵਿੱਚ, ਡਬਲਯੂ ਐਚ ਓ ਨੇ ਨਾਬਾਲਗਾਂ ਨੂੰ ਉਹਨਾਂ ਫਿਲਮਾਂ ਤੋਂ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ ਜਿੱਥੇ ਅਭਿਨੇਤਾ ਸਿਗਰਟ ਪੀਂਦੇ ਨਜ਼ਰ ਆਉਂਦੇ ਹਨ। ਪਿਛਲੇ ਸਮਿਆਂ ਵਿੱਚ ਪੰਜਾਬ ਵਿਚੋਂ ਨਸ਼ੇ ਨੂੰ ਖਤਮ ਕਿਵੇਂ ਕਰੀਏ,ਇਸ ਬਾਰੇ ਸਾਰਾ ਪੰਜਾਬੀ ਭਾਈਚਾਰਾ ਗੰਭੀਰ ਵਿਚਾਰ ਚਰਚਾ ਕਰਦੇ ਪਏ ਹਨ।ਜਿਹੜੀ ਜਵਾਨੀ ਕਦੇ ਅੱਡੀ ਮਾਰ ਧੂੜ ਉਡਾਉਂਦੀ ਸੀ ਤੇ ਉਡਣੇ ਸਪ ਵਾਂਗੂੰ ਫੁਰਤੀਲੀ ਸੀ ਹੱਕਾ ਲਈ ਲੜਦੀ ਸੀ। ਉਸਦਾ ਆਪਣਾ ਹਾਲ ਹੁਣ ਟੁਰਨ ਤੇ ਲੜਖੜਾਂ ਰਿਹਾ ਹੈ ਵਿਦਵਾਨ,ਲੇਖਕ,ਕਵੀ ,ਨੌਜਵਾਨ, ਰਾਜਨੀਤੀਵਾਨ, ਸਮਾਜਿਕ ਕਾਰਕੂਨ , ਔਰਤਾਂ, ਵਿਦਿਆਰਥੀ, ਦੁਕਾਨਦਾਰ, ਮਜ਼ਦੂਰ, ਕਿਸਾਨ ,ਗੱਲ ਕੀ ਹਰ ਤਬਕਾ ਇਸ ਬਾਰੇ ਚਿੰਤਾ ਦਾ ਪ੍ਰਗਟਾਵਾ ਕਰ ਰਿਹਾ ਹੈ। ਪਰ ਇਹ ਲੜਾਈ ਸਰਬਸੰਮਤੀ ਨਾਲ ਨਹੀਂ ਲੜੀ ਜਾ ਰਹੀ ਸਿਆਣੇ ਬਣੋ ਲੋਕੋ ਇਨ੍ਹਾਂ ਨੂੰ ਸਮਝਾਉ ਕਿ ਥੋੜੇ ਸਮੇ ਦੀ ਲੋਰ ਵਿਚ ਸਾਰੀ ਜਿੰਦਗੀ ਨਾ ਖਰਾਬ ਕਰੋ। ਪੰਜਾਬੀ ਵੀਰ ਇੱਕਜੁੱਟ ਹੋ ਇਸ ਜੰਗ ਵਿੱਚ ਕੁੱਦ ਪਏ ਤਾਂ ਜਿੱਤ ਹੋਵੇਗੀ ਹੀ ਹੋਵੇਗੀ।



ਅਮੀਰ ਸਿੰਘ ਜੋਸਨ
ਮੋ. 94179 15875

ਆਈਆਈਟੀ ਜੇਈਈ ਮੇਨ ਅਤੇ ਨੀਟ ਯੂਜੀ ਦੋਵਾਂ ਦੀ ਇੱਕੋ ਸਮੇਂ ਤਿਆਰੀ ਕਿਵੇਂ ਕਰੀਏ?(2)

ਇਸ ਲਈ ਇਸ ਨੂੰ ਚੰਗੀ ਯਾਦਦਾਸ਼ਤ ਦੀ ਲੋੜ ਹੈ। ਅਕਾਰਗਨਿਕ ਰਸਾਇਣ ਤੁਹਾਨੂੰ ਗਤੀ ਦਿੰਦਾ ਹੈ; ਆਰਗੈਨਿਕ ਕੈਮਿਸਟਰੀ ਬਹੁਤ ਸਕੋਰਿੰਗ ਹੈ। ਜੇਈਈ ਮੇਨ ਵਿੱਚ ਗਣਿਤ ਲੰਮਾ ਹੋ ਸਕਦਾ ਹੈ। ਇਸ ਵਿੱਚ ਹਰ ਕਿਸਮ ਦੇ ਸਵਾਲ ਹਨ - ਆਸਾਨ, ਮੱਧਮ, ਅਤੇ ਸਖ਼ਤ। ਸਪੀਡ ਇੱਕ ਮਹੱਤਵਪੂਰਨ ਕਾਰਕ ਹੈ, ਇਸ ਲਈ ਜੇਈਈ ਮੇਨ ਗਣਿਤ ਦੇ ਪੇਪਰ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਤੁਹਾਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਨੀਟ ਵਿੱਚ 200 ਸਵਾਲ ਹਨ, ਜਿਨ੍ਹਾਂ ਵਿੱਚੋਂ 180 ਸਵਾਲਾਂ ਦੇ ਜਵਾਬ ਦਿੱਤੇ ਜਾਣੇ ਹਨ। ਚੰਗੇ ਅੰਕ ਹਾਸਲ ਕਰਨ ਲਈ ਇਮਤਿਹਾਨ ਵਿੱਚ ਪੁੱਛੇ ਜਾਣ ਵਾਲੇ ਸਭ ਤੋਂ ਨਾਜ਼ੁਕ ਵਿਸ਼ਿਆਂ ਨੂੰ ਤਰਜੀਹ ਦਿਓ। ਵਿਸ਼ਿਆਂ ਦੀ ਤੁਹਾਡੀ ਮੌਲਿਕ ਅਤੇ ਸੰਕਲਪਿਕ ਸਮਝ ਤੁਹਾਨੂੰ ਇਮਤਿਹਾਨ ਦੇ ਜ਼ਰੀਏ ਬਣਾ ਸਕਦੀ ਹੈ। ਬਾਇਓਲੋਜੀ ਵਿੱਚ ਵੱਧ ਤੋਂ ਵੱਧ ਭਾਰ ਹੁੰਦਾ ਹੈ ਕਿਉਂਕਿ ਇਸ ਵਿੱਚ 90 ਪ੍ਰਸ਼ਨ ਹੁੰਦੇ ਹਨ, ਜਿਨ੍ਹਾਂ ਵਿੱਚੋਂ 40-50 ਬੋਟਨੀ ਅਤੇ ਬਾਕੀ 40-50 ਜੀਵ ਵਿਗਿਆਨ ਤੋਂ ਆਉਂਦੇ ਹਨ। ਨੀਟ ਦਾਖਲਾ ਪ੍ਰੀਖਿਆ ਲਈ ਸਰੀਰ ਵਿਗਿਆਨ ਅਤੇ ਮਨੁੱਖੀ ਸਰੀਰ ਵਿਗਿਆਨ ਬਰਾਬਰ ਮਹੱਤਵਪੂਰਨ ਵਿਸ਼ੇ ਹਨ। ਬਾਇਓਟੈਕਨਾਲੋਜੀ ਇੱਕ ਹੋਰ ਸਕੋਰਿੰਗ ਵਿਸ਼ਾ ਹੈ। ਹਾਲਾਂਕਿ, ਕੈਮਿਸਟਰੀ ਸੈਕਸ਼ਨ ਭੌਤਿਕ ਵਿਗਿਆਨ ਅਤੇ ਜੀਵ ਵਿਗਿਆਨ ਨਾਲੋਂ ਸਭ ਤੋਂ ਵੱਧ ਸਕੋਰਿੰਗ ਹੈ। ਭੌਤਿਕ ਵਿਗਿਆਨ ਦਾ ਚੰਗੀ ਤਰ੍ਹਾਂ ਅਧਿਐਨ ਕਰਨਾ ਚਾਹੀਦਾ ਹੈ। ਵਿਸ਼ਿਆਂ ਦੀ ਮੈਪਿੰਗ ਨੀਟ ਅਤੇ ਜੇਈਈ ਪ੍ਰੀਖਿਆ ਦੀ ਤਿਆਰੀ ਲਈ ਸਾਵਧਾਨੀਪੂਰਵਕ ਤਿਆਰੀ ਅਤੇ ਵਿਸ਼ੇ ਦੀ ਡੂੰਘੀ ਸਮਝ ਦੀ ਲੋੜ ਹੁੰਦੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ, ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਦੋਵਾਂ ਪ੍ਰੀਖਿਆਵਾਂ ਵਿੱਚ ਪ੍ਰਸ਼ਨਾਂ ਦੇ ਵੱਖ-ਵੱਖ ਮੁਸ਼ਕਲ ਪੱਧਰਾਂ ਦੇ ਨਾਲ ਆਮ ਹਨ। ਤੁਸੀਂ ਸਮਾਨ ਵਿਸ਼ਿਆਂ ਨੂੰ ਜੋੜ ਸਕਦੇ ਹੋ ਅਤੇ ਐਨਸੀਈਆਰਟੀ ਕਿਤਾਬ ਨਾਲ ਅਧਿਐਨ ਕਰਨਾ ਸ਼ੁਰੂ ਕਰ ਸਕਦੇ ਹੋ, ਫਿਰ ਡੂੰਘੀ ਸਮਝ ਲਈ ਵਾਧੂ ਹਵਾਲਾ ਕਿਤਾਬਾਂ ਲਈ ਜਾਓ। ਵਿਦਿਆਰਥੀ ਅਕਸਰ ਲੰਬੇ ਵਿਸ਼ੇ ਲਈ ਵਿਸ਼ਾਲ ਜਾਣਕਾਰੀ ਅਤੇ ਮੂਲ ਸੰਕਲਪ ਸਮਝ ਨੂੰ ਸੰਗਠਿਤ ਕਰਨ ਅਤੇ ਬਰਕਰਾਰ ਰੱਖਣ ਲਈ ਸੰਘਰਸ਼ ਕਰਦੇ ਹਨ। ਇੱਕ ਵਿਆਪਕ ਅਤੇ ਨਵੀਨਤਾਕਾਰੀ ਪ੍ਰੋਗਰਾਮ ਉਹਨਾਂ ਨੂੰ ਗੁੰਝਲਦਾਰ ਸੰਕਲਪਾਂ ਅਤੇ ਵਿਸਤ੍ਰਿਤ ਜਾਣਕਾਰੀ ਨੂੰ ਆਸਾਨੀ ਨਾਲ ਸਮਝਣ ਵਿੱਚ ਮਦਦ ਕਰਦਾ ਹੈ। ਆਸਾਨ ਅਤੇ ਆਮ ਵਿਸ਼ਿਆਂ ਨਾਲ ਸ਼ੁਰੂ ਕਰੋ, ਫਿਰ ਤਾਜ਼ਗੀ ਅਤੇ ਲਾਭਕਾਰੀ ਹੋਣ 'ਤੇ ਗੁੰਝਲਦਾਰ ਵਿਸ਼ਿਆਂ 'ਤੇ ਜਾਓ। ਮੌਕ ਟੈਸਟ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਹੱਲ ਕਰੋ ਮੌਕ ਟੈਸਟ ਸੀਰੀਜ਼ ਅਤੇ ਪਿਛਲੇ ਸਾਲਾਂ ਦੇ ਸਵਾਲ ਤੁਹਾਨੂੰ ਪ੍ਰੀਖਿਆ ਦੇ ਪੈਟਰਨ ਅਤੇ ਕਿਸਮਾਂ ਤੋਂ ਜਾਣੂ ਕਰਵਾਉਂਦੇ ਹਨ। ਤੁਸੀਂ ਆਪਣੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਵੀ ਕਰ ਸਕਦੇ ਹੋ ਅਤੇ ਕਮਜ਼ੋਰ ਖੇਤਰਾਂ ਦਾ ਮੁਲਾਂਕਣ ਕਰ ਸਕਦੇ ਹੋ। ਇਹ ਤੁਹਾਨੂੰ ਸਮੇਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਅਤੇ ਤੁਹਾਡੀ ਗਤੀ ਅਤੇ ਸ਼ੁੱਧਤਾ ਵਿੱਚ ਸੁਧਾਰ ਕਰਨ ਵਿੱਚ ਵੀ ਮਦਦ ਕਰੇਗਾ। ਇਹ ਉਹਨਾਂ ਅਧਿਆਵਾਂ/ਵਿਸ਼ਿਆਂ ਨੂੰ ਵੀ ਉਜਾਗਰ ਕਰਦਾ ਹੈ ਜਿਹਨਾਂ ਲਈ ਵਾਧੂ ਧਿਆਨ ਅਤੇ ਅਭਿਆਸ ਦੀ ਲੋੜ ਹੁੰਦੀ ਹੈ। ਯਕੀਨੀ ਬਣਾਓ ਕਿ ਤੁਸੀਂ ਜੇਈਈ ਅਤੇ ਨੀਟ ਦਾਖਲਾ ਪ੍ਰੀਖਿਆਵਾਂ ਲਈ ਹਾਜ਼ਰ ਹੋਣ ਤੋਂ ਪਹਿਲਾਂ ਕਾਫ਼ੀ ਮੌਕ ਟੈਸਟ ਲੜੀ ਅਤੇ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰ ਲਿਆ ਹੈ। ਸਟੱਡੀ ਟਾਈਮਟੇਬਲ ਤਿਆਰ ਕਰੋ ਇੱਕੋ ਸਮੇਂ ਜੇਈਈ ਅਤੇ ਨੀਟ ਦੀ ਤਿਆਰੀ ਇੱਕ ਕੁਸ਼ਲ ਸਮਾਂ-ਸਾਰਣੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਸਮਾਂ-ਸਾਰਣੀ ਇੱਕ ਸਾਂਝੇ ਸਿਲੇਬਸ ਨੂੰ ਪੂਰਾ ਕਰਨ ਲਈ ਸਮਾਂ ਨਿਰਧਾਰਤ ਕਰਦੀ ਹੈ ਅਤੇ ਗਣਿਤ ਅਤੇ ਬਾਇਓ ਦੇ ਅਧਿਐਨ ਲਈ ਵੱਖਰਾ ਸਮਾਂ ਨਿਰਧਾਰਤ ਕਰਦੀ ਹੈ। ਸਿੱਖੇ ਹੋਏ ਅਧਿਆਵਾਂ ਦੇ ਰੋਜ਼ਾਨਾ ਸੰਸ਼ੋਧਨ ਅਤੇ ਸੰਕਲਪਿਕ ਵਿਸ਼ਿਆਂ ਨੂੰ ਪੜ੍ਹਨ ਲਈ ਆਪਣਾ ਸਮਾਂ ਪ੍ਰਬੰਧਿਤ ਕਰੋ। ਸਿਹਤਮੰਦ ਰਹਿਣ ਲਈ ਸਹੀ ਨੀਂਦ ਅਤੇ ਖਾਣ-ਪੀਣ ਦੀਆਂ ਆਦਤਾਂ ਦੇ ਨਾਲ ਰੋਜ਼ਾਨਾ ਜੀਵਨ ਚੱਕਰ ਦਾ ਪਾਲਣ ਕਰੋ। ਨਿਯਮਤ ਸੰਸ਼ੋਧਨ ਕਿਸੇ ਵੀ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਲਈ ਰੀਵਿਜ਼ਨ ਮਹੱਤਵਪੂਰਨ ਹੈ! ਜਦੋਂ ਤੁਸੀਂ ਇੱਕੋ ਸਮੇਂ ਦੋ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹੋ, ਤਾਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਬਹੁਤ ਸਾਰੀ ਜਾਣਕਾਰੀ ਅਤੇ ਇੱਕ ਵੱਖਰੇ ਸਿਲੇਬਸ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖੇਗੀ। ਸਭ ਤੋਂ ਵਧੀਆ ਅਭਿਆਸ ਪਹਿਲਾਂ ਤੋਂ ਸਿੱਖੇ ਗਏ ਵਿਸ਼ਿਆਂ ਨੂੰ ਨਿਯਮਿਤ ਤੌਰ 'ਤੇ ਸੋਧਣਾ ਹੈ ਜੋ ਤੁਹਾਨੂੰ ਨਵੀਂ ਧਾਰਨਾ ਦੀ ਸਮਝ 'ਤੇ ਮਜ਼ਬੂਤ ??ਪਕੜ ਦਿੰਦੇ ਹਨ। ਪੁਰਾਣੇ ਵਿਸ਼ਿਆਂ ਨੂੰ ਲਗਾਤਾਰ ਸੋਧਣ ਲਈ ਨੀਟ ਅਤੇ ਜੇਈਈ ਪ੍ਰੀਖਿਆ ਦੇ ਪ੍ਰਸ਼ਨਾਂ ਨੂੰ ਨਿਯਮਿਤ ਤੌਰ 'ਤੇ ਹੱਲ ਕਰੋ। ਆਪਣੀ ਸਮਾਂ-ਸਾਰਣੀ ਵਿੱਚ ਸੰਸ਼ੋਧਨ ਲਈ ਇੱਕ ਸਮਰਪਿਤ ਸਮਾਂ ਸੈਟ ਕਰੋ ਅਤੇ ਤੁਰੰਤ ਯਾਦ ਕਰਨ ਲਈ ਆਪਣੇ ਸੰਖੇਪ ਨੋਟਸ, ਫਾਰਮੂਲੇ ਅਤੇ ਸਮੀਕਰਨਾਂ ਨੂੰ ਸੋਧੋ। ਮਾਹਰ ਮਾਰਗਦਰਸ਼ਨਵਿਦਿਆਰਥੀਆਂ ਨੂੰ ਜੇਈਈ ਅਤੇ ਨੀਟ ਪ੍ਰਵੇਸ਼ ਪ੍ਰੀਖਿਆਵਾਂ ਲਈ ਇਕੱਠੇ ਹੋਣ ਲਈ ਸਖ਼ਤ ਮਿਹਨਤ, ਲਗਨ ਅਤੇ ਜਤਨ ਦੀ ਲੋੜ ਹੁੰਦੀ ਹੈ। ਉਹ ਵਿਸ਼ਾਲ ਸਿਲੇਬਸ ਨਾਲ ਹਾਵੀ ਹੋ ਸਕਦੇ ਹਨ ਅਤੇ ਦੁਨਿਆਵੀ ਅਧਿਐਨ ਦੇ ਨਮੂਨਿਆਂ ਨਾਲ ਥੱਕ ਜਾਂਦੇ ਹਨ। ਕੋਚਿੰਗ ਜਾਂ ਔਨਲਾਈਨ ਕਲਾਸਾਂ ਨਿਯਮਿਤ ਤੌਰ 'ਤੇ ਮੌਕ ਟੈਸਟ ਸੀਰੀਜ਼ ਦਿੰਦੀਆਂ ਹਨ ਅਤੇ ਸਮਾਰਟ ਟਿਪਸ ਅਤੇ ਟ੍ਰਿਕਸ, ਅਧਿਐਨ ਕਰਨ ਦੇ ਚੱਕਰ ਅਤੇ ਸਹੀ ਰਵੱਈਆ ਸਿਖਾਉਂਦੀਆਂ ਹਨ, ਜੋ ਕਿ ਚਾਹਵਾਨਾਂ ਨੂੰ ਲਗਾਤਾਰ ਲੰਬੇ ਘੰਟੇ ਅਧਿਐਨ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਤੁਸੀਂ ਦੂਜੇ ਵਿਦਿਆਰਥੀਆਂ ਵਿੱਚ ਆਪਣੇ ਪ੍ਰਦਰਸ਼ਨ ਦੇ ਪੱਧਰ ਨੂੰ ਮਾਪ ਸਕਦੇ ਹੋ ਅਤੇ ਤੁਹਾਡੀ ਕਮੀ 'ਤੇ ਕੰਮ ਕਰ ਸਕਦੇ ਹੋ। ਲਪੇਟਣਾ ਜੇਕਰ ਤੁਸੀਂ ਗਣਿਤ ਅਤੇ ਜੀਵ ਵਿਗਿਆਨ ਵਿੱਚ ਚੰਗੇ ਹੋ, ਤਾਂ ਤੁਸੀਂ ਪੀਸੀਐਮਬੀ ਲੈ ਸਕਦੇ ਹੋ ਅਤੇ ਦੋਵੇਂ ਪ੍ਰੀਖਿਆਵਾਂ ਲਈ ਇੱਕੋ ਸਮੇਂ ਤਿਆਰੀ ਕਰ ਸਕਦੇ ਹੋ। ਇਸ ਤੋਂ ਇਲਾਵਾ, ਜੇਈਈ ਅਤੇ ਨੀਟ ਪ੍ਰੀਖਿਆਵਾਂ ਦੀ ਇੱਕੋ ਸਮੇਂ ਤਿਆਰੀ ਕਰਨਾ ਇੱਕ ਬਹੁਤ ਵੱਡਾ ਫਾਇਦਾ ਹੈ ਕਿਉਂਕਿ ਉਹ ਇੱਕੋ ਜਿਹੇ ਵਿਸ਼ਿਆਂ ਨੂੰ ਸਾਂਝਾ ਕਰਦੇ ਹਨ- ਸਿਵਾਏ, ਗਣਿਤ ਅਤੇ ਜੀਵ ਵਿਗਿਆਨ। ਇਹ ਤੁਹਾਡੇ ਲਈ, ਦੋਵਾਂ ਖੇਤਰਾਂ ਵਿੱਚ ਕਰੀਅਰ ਦੇ ਮੌਕਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਵੀ ਖੋਲ੍ਹਦਾ ਹੈ। ਹਾਲਾਂਕਿ, ਜੇਕਰ ਤੁਸੀਂ ਅਜੇ ਤੱਕ ਇਹ ਫੈਸਲਾ ਨਹੀਂ ਕੀਤਾ ਹੈ ਕਿ ਕਿੱਥੇ ਜਾਣਾ ਹੈ, ਤਾਂ ਤੁਸੀਂ ਸ਼ੁਰੂ ਵਿੱਚ ਸਾਰੇ ਚਾਰ ਵਿਸ਼ਿਆਂ - ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ ਅਤੇ ਗਣਿਤ 'ਤੇ ਧਿਆਨ ਕੇਂਦਰਤ ਕਰਦੇ ਹੋ। ਸਿੱਖਣ ਦੇ ਦੌਰਾਨ, ਤੁਸੀਂ ਆਪਣੇ ਝੁਕਾਅ ਬਾਰੇ ਯਕੀਨੀ ਹੋਵੋਗੇ ਜਾਂ ਜੇਈਈ ਅਤੇ ਐਨਈਈਟੀ ਦੋਵੇਂ ਇੱਕੋ ਸਮੇਂ ਲੈਣ ਦਾ ਫੈਸਲਾ ਕਰ ਸਕਦੇ ਹੋ।

(ਸਮਾਪਤ)

ਵਿਜੈ ਗਰਗ
ਮੋ. 9465682110

ਗਦਰੀ ਬਾਬੇ ਦੇ ਪਿੰਡ ਭਕਨਾ ਵਿੱਚ ਇਨਕਲਾਬੀ ਪਰੋਗਰਾਮ ਕਰਵਾਇਆ ਗਿਆ

ਭਕਨਾ ਕਲਾ, 21 ਜਨਵਰੀ, (ਜਸਬੀਰ ਸਿੰਘ) - ਕੱਲ ਸ਼ਾਮ ਨੂੰ ਗਦਰੀ ਯੋਧੇ ਬਾਬਾ ਸੋਹਣ ਸਿੰਘ ਭਕਨਾ ਜੀ ਦੇ ਪਿੰਡ ਭਕਨਾ ਵਿਖੇ ਨੌਜਵਾਨ ਭਾਰਤ ਸਭਾ ਵੱਲੋਂ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ ਇਸ ਪ੍ਰੋਗਰਾਮ ਨੂੰ ਪਿੰਡ ਦੇ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਕਿਤਾਬਾਂ ਦੀ ਪ੍ਰਦਰਸ਼ਨੀ ਦੌਰਾਨ ਲੋਕਾਂ ਨੇ ਖਾਸ ਤੌਰ ਉੱਤੇ ਗਦਰੀ ਸੂਰਬੀਰ ਕਿਤਾਬ, ਗਦਰੀ ਯੋਧਿਆਂ ਦੀ ਤਸਵੀਰ ਵੱਲ ਧਿਆਨ ਦਿੱਤਾ ਪ੍ਰੋਗਰਾਮ ਦੀ ਸ਼ੁਰੂਆਤ ਸਾਥੀ ਰਿਪਲਪ੍ਰੀਤ ਨੇ ਸੰਤ ਰਾਮ ਉਦਾਸੀ ਦੀ ਕਵਿਤਾ 'ਲੋਕੋ ਬਾਜ ਆ ਜਾਓ ਝੂਠੇ ਲੀਡਰਾਂ ਤੋਂ' ਨਾਲ ਕੀਤੀ ਗਈ ਇਸ ਤੋਂ ਬਾਅਦ ਇਨਕਲਾਬੀ ਗੀਤ 'ਸੋਨੇ ਦੀ ਸਵੇਰ ਜਦੋਂ ਆਓ ਹਾਣੀਆਂ' ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਇਸ ਤੋਂ ਬਾਅਦ ਗੁਰਸ਼ਰਨ ਭਾਅ ਜੀ ਦਾ ਲਿਖਿਆ ਨੁੱਕੜ ਨਾਟਕ 'ਹਵਾਈ ਗੋਲੇ' ਖੇਡਿਆ ਗਿਆ ਇਸ ਤੋਂ ਬਾਅਦ ਸਾਥੀ ਰਵਿੰਦਰ ਦੁਆਰਾ ਗਦਰੀ ਯੋਧਿਆਂ ਦੀਆਂ ਕੁਰਬਾਨੀਆਂ ਉਹਨਾਂ ਦੇ ਸੁਪਨਿਆਂ ਬਾਰੇ ਗੱਲ ਕਰਦੇ ਹੋਏ ਅੱਜ ਜਥੇਬੰਦ ਹੋ ਕੇ ਆਪਣੇ ਮਸਲੇ ਹੱਲ ਕਰਨ ਅਤੇ ਸਮਾਜ ਬਦਲਣ ਦੀ ਗੱਲ ਕੀਤੀ ਪ੍ਰੋਗਰਾਮ ਦੀ ਸਮਾਪਤੀ 'ਮਸ਼ਾਲਾਂ ਬਾਲ ਕੇ ਚੱਲਣਾ' ਇਨਕਲਾਬੀ ਗੀਤ ਨਾਲ਼ ਕੀਤੀ ਗਈ ਇਸ ਪ੍ਰੋਗਰਾਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਸਾਥੀ ਗੁਰਪ੍ਰੀਤ ਵੱਲੋਂ ਨਿਭਾਈ ਗਈ, ਅਤੇ ਇਨਕਲਾਬੀ ਗੀਤਾਂ ਦੀ ਪੇਸ਼ਕਾਰੀ ਗਾਵਿਸ਼ ਦੁਆਰਾ ਕੀਤੀ ਗਈ ਪ੍ਰੋਗਰਾਮ ਤੋਂ ਪਹਿਲਾਂ ਬਾਬਾ ਸੋਹਨ ਸਿੰਘ ਭਕਨਾ ਜੀ ਦੀ ਯਾਦਗਾਰ ਉੱਤੇ ਜਾ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਲੋੜਵੰਦ ਪਰਿਵਾਰਾਂ ਵਿੱਚ ਜਾ ਕੇ ਲੱਡੂ ਤੇ ਦੀਵੇ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਵਧਾਈ ਦਿੱਤੀ: ਸ਼ੁਭਮ ਸ਼ਰਮਾ

ਧੂਰੀ, 21 ਜਨਵਰੀ, (ਹਰਨੇਕ ਸਿੰਘ ਪੇਧਨੀ)- ਸ਼ੁਭਮ ਸ਼ਰਮਾ ਸ਼ੁਭੀ ਜਰਨਲ ਸੈਕਟਰੀ ਯੂਥ ਕਾਂਗਰਸ ਧੂਰੀ ਵੱਲੋਂ ਸ਼੍ਰੀ ਰਾਮ ਲੱਲਾ ਜੀ ਦੀ ਪ੍ਰਾਣ ਪ੍ਰਤੀਸ਼ਠਾ ਦੀ ਖੁਸ਼ੀ ਵਿੱਚ ਸਮੂਹ ਧੂਰੀ ਦੇ ਲੋੜਵੰਦ ਪਰਿਵਾਰਾਂ ਵਿੱਚ ਜਾ ਕੇ ਲੱਡੂ ਤੇ ਦੀਵੇ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਵਧਾਈ ਦਿੱਤੀ ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਨੇ ਕਿਹਾ ਸਾਡੇ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਸ੍ਰੀ ਰਾਮ ਪ੍ਰਭੂ ਦਾ ਆਗਮਨ ਹੋਇਆ ਹੈ ਉਹ ਭਾਗਾਂ ਵਾਲੀਆਂ ਰੂਹਾਂ ਹਨ ਜਿਨਾਂ ਨੂੰ ਉਹਨਾਂ ਦੇ ਦੀਦਾਰ ਹੋਣਗੇ ਅਤੇ ਉਤਸਵ ਮਨਾਣ ਦਾ ਮੌਕਾ ਮਿਲਿਆ ਹੈ।

ਚੇਅਰਮੈਨ ਬਲਬੀਰ ਸਿੰਘ ਪੰਨੂ ਵੱਲੋਂ ਪਿੰਡ ਖਾਨ ਫੱਤੇ ਵਿਖੇ ਜਲ ਸਪਲਾਈ ਟੈਂਕੀ ਦਾ ਉਦਘਾਟਨ

ਬਟਾਲਾ, 21 ਜਨਵਰੀ, (ਡਾ. ਮਲਵਿੰਦਰ ਸਿੰਘ, ਸ਼ਰਮਾ, ਸ਼ੇਖਰ)- ਸ ਬਲਬੀਰ ਸਿੰਘ ਪੰਨੂ, ਚੇਅਰਮੈਨ ਪਨਸਪ ਪੰਜਾਬ ਵੱਲੋਂ ਪਿੰਡ ਖਾਨ ਫੱਤੇ ਵਿਖੇ ਜਲ ਸਪਲਾਈ ਟੈਂਕੀ ਦਾ ਉਦਘਾਟਨ ਕੀਤਾ ਗਿਆ ਇਸ ਮੌਕੇ ਦੀਨਾਨਗਰ ਵਿਧਾਨ ਸਭਾ ਹਲਕੇ ਦੇ ਇੰਚਾਰਜ ਸ਼ਮਸ਼ੇਰ ਸਿੰਘ, ਅਮਰਜੀਤ ਕੌਰ ਬਲਾਕ ਸੰਮਤੀ ਚੇਅਰਮੈਨ ਬਟਾਲਾ, ਜ਼ਿਲ੍ਹਾ ਪ੍ਰਧਾਨ ਐਸਸੀ ਵਿੰਗ ਆਮ ਪਾਰਟੀ ਦਵਿੰਦਰ ਸਿੰਘ, ਬਲਾਕ ਪ੍ਰਧਾਨ ਪਲਵਿੰਦਰ ਸਿੰਘ, ਐਡਵੋਕੇਟ ਮਨਜੀਤ ਸਿੰਘ, ਸਰਪੰਚ ਸੁਰਜੀਤ ਸਿੰਘ , ਸਰਪੰਚ ਮਨਜਿੰਦਰ ਸਿੰਘ, ਸਰਪੰਚ ਸਿਕੰਦਰ ਸਿੰਘ ਬਾਲੇਵਾਲ, ਮੈਂਬਰ ਪੰਚਾਇਤ ਲਵੀਜਾ , ਮੈਂਬਰ ਪੰਚਾਇਤ ਬੇਵੀ, ਮੈਂਬਰ ਪੰਚਾਇਤ ਜਸਪਾਲ, ਵਸਣ , ਮੰਗਾ ਮਸੀਹ, ਪਰੋਫੈਸਰ ਸੁਖਬੀਰ ਸਿੰਘ ਤੇ ਵਿਰਗਟ ਮਸੀਹੀ ਆਦਿ ਹਾਜਰ ਸਨ ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਸੂਬੇ ਦੇ ਲੋਕਾਂ ਨੂੰ ਬੇਹਤਰ ਸੇਵਾਵਾਂ ਮੁਹੱਈਆ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਲੈ ਕੇ ਬਹੁਤ ਚਿੰਤਤ ਹੈ ਅਤੇ ਪੇਂਡੂ ਖੇਤਰਾਂ ਵਿੱਚ ਛੱਪੜਾਂ ਦੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਲਈ ਯਤਨ ਕੀਤੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਪਿਛਲੇ 35-40 ਸਾਲਾਂ ਦੌਰਾਨ ਪਿੰਡਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ ਵਿੱਚ ਕਾਫੀ ਕਮੀ ਆਈ ਹੈ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਅਤੇ ਮੀਂਹ ਦੇ ਪਾਣੀ ਦੀ ਵਰਤੋਂ ਤੇ ਜ਼ੋਰ ਦੇਣ ਲਈ ਸਰਕਾਰ ਨਿਰੰਤਰ ਯਤਨ ਕਰ ਰਹੀ ਹੈ ਉਨ੍ਹਾਂ ਅੱਗੇ ਕਿਹਾ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਿਖੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਉਹ ਵਚਨਬੱਧ ਹਨ।

ਪੰਜਾਬ ਸਰਕਾਰ 22 ਜਨਵਰੀ ਨੂੰ ਛੁੱਟੀ ਦਾ ਐਲਾਨ ਕਰੇ ਅਤੇ ਸ਼ਰਾਬ ਅਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕਰੇ-ਰਜਨੀਸ਼ ਧੀਮਾਨ

ਫੋਟੋ-ਅਮਰੀਕ ਸਿੰਘ ਪ੍ਰਿੰਸ

ਲੁਧਿਆਣਾ, 21 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ)- ਅਯੁੱਧਿਆ ਵਿੱਚ ਬਣੇ ਰਾਮ ਮੰਦਿਰ ਵਿੱਚ ਸਾਡੇ ਆਰਾਧੇ ਦੇਵ ਭਗਵਾਨ ਸ਼੍ਰੀ ਰਾਮ ਦੀ ਮੂਰਤੀ ਪ੍ਰਾਣ ਪ੍ਰਤਿਸ਼ਠਾ ਹੋਣ ਜਾ ਰਹੀ ਹੈ ਇਸ ਦਿਨ ਨੂੰ ਲੈ ਕੇ ਪੂਰੇ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਵਿੱਚ ਵੀ ਪੂਰਾ ਉਤਸ਼ਾਹ ਹੈ ਇਸ ਦਿਹਾੜੇ ਨੂੰ ਸ਼ਰਧਾ ਨਾਲ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਇਸ ਲਈ ਸਮੂਹ ਭਾਰਤ ਵਾਸੀਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ 22 ਜਨਵਰੀ ਨੂੰ ਪੰਜਾਬ ਵਿੱਚ ਛੁੱਟੀ ਦਾ ਐਲਾਨ ਕਰਕੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ ਅਤੇ ਮੀਟ ਦੀਆਂ ਦੁਕਾਨਾਂ ਵੀ ਬੰਦ ਰੱਖਣ ਦੇ ਹੁਕਮ ਜਾਰੀ ਕਰੇ ਇਹ ਮੰਗ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਜਾਰੀ ਕੀਤੀ ਇੱਕ ਪ੍ਰੈਸ ਰਿਲੀਜ਼ ਵਿੱਚ ਕਹੀਂ ਰਜਨੀਸ਼ ਧੀਮਾਨ ਨੇ ਕਿਹਾ ਕਿ ਸੈਂਕੜੇ ਸਾਲਾਂ ਦੀ ਤਪੱਸਿਆ ਅਤੇ ਲੱਖਾਂ ਰਾਮ ਭਗਤਾਂ ਦੀ ਸ਼ਹਾਦਤ ਸਦਕਾ ਅੱਜ ਪੂਰੇ ਦੇਸ਼ ਵਿਚ ਖੁਸ਼ੀ ਅਤੇ ਉੱਲਾਸ ਦਾ ਮਾਹੌਲ ਹੈ ਅਤੇ ਇਸ ਮਾਹੌਲ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਵੀ ਅੱਧੇ ਦਿਨ ਦੀ ਛੁੱਟੀ ਦਾ ਐਲਾਨ ਕੀਤਾ ਹੈ ?ਉਸੇ ਤਰ੍ਹਾਂ ਪੰਜਾਬ ਸਰਕਾਰ ਵੀ ਪੰਜਾਬ ਵਿੱਚ ਵਸਦੇ ਸਮੂਹ ਰਾਮ ਭਗਤਾਂ ਦੀਆਂ ਭਾਵਨਾਵਾਂ ਅਤੇ ਆਸਥਾ ਨੂੰ ਧਿਆਨ ਵਿੱਚ ਰੱਖਦਿਆਂ ਛੁੱਟੀ ਦਾ ਐਲਾਨ ਕਰਕੇ ਸ਼ਰਾਬ ਅਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕਰੇ ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਰਾਮ ਭਗਤਾਂ ਦੀ ਇਸ ਮੰਗ ਨੂੰ ਅਣਗੌਲਿਆ ਕੀਤਾ ਹੈ ਫਿਰ ਸਪੱਸ਼ਟ ਹੋ ਜਾਵੇਗਾ ਕਿ ਆਮ ਆਦਮੀ ਪਾਰਟੀ ਸਨਾਤਨ ਵਿਰੋਧੀ ਪਾਰਟੀ ਹੈ ਅਤੇ ਇਸ ਨੂੰ ਜਨਤਾ ਦੀਆਂ ਭਾਵਨਾਵਾਂ ਦਾ ਕੋਈ ਸਤਿਕਾਰ ਨਹੀਂ ਹੈ ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਡਾ ਕਨਿਕਾ ਜਿੰਦਲ, ਜ਼ਿਲ੍ਹਾ ਮੀਤ ਪ੍ਰਧਾਨ ਮਹੇਸ਼. ਸ਼ਰਮਾ, ਮਨੀਸ਼ ਚੋਪੜਾ ਲੱਕੀ, ਹਰਸ਼ ਸ਼ਰਮਾ, ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਸ਼ੀਨੂ ਚੁੱਘ, ਜਨਰਲ ਸਕੱਤਰ ਸੀਮਾ ਸ਼ਰਮਾ, ਜੋਤੀ ਸ੍ਰੀਵਾਸਤਵ, ਮੀਤ ਪ੍ਰਧਾਨ ਸੰਤੋਸ਼ ਅਰੋੜਾ, ਸੀਮਾ ਵਰਮਾ,ਸਕੱਤਰ ਨਵਲ ਜੈਨ ਆਦਿ ਹਾਜ਼ਰ ਸਨ।

ਸ੍ਰੀ ਵਿਸ਼ਵਕਰਮਾ ਮੰਦਰ ਖਰੜ 'ਚ ਅੱਜ ਸਮਾਗਮ ਹੋਵੇਗਾ

ਖਰੜ, 21 ਜਨਵਰੀ (ਮਲਕੀਤ ਸਿੰਘ ਸੈਣੀ)- ਬਡਾਲਾ ਰੋਡ ਖਰੜ ਸਥਿਤ ਸ੍ਰੀ ਵਿਸ਼ਵਕਰਮਾ ਮੰਦਰ ਖਰੜ ਵਿਚ 22 ਜਨਵਰੀ ਨੂੰ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਧਾਰਮਿਕ ਸਮਾਗਮ ਹੋਵੇਗਾ ਜਿਸ ਵਿਚ ਬੀਬੀਆਂ ਦੇ ਜਥੇ ਵਲੋਂ ਕੀਰਤਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆ ਪਰਵੀਨ ਧੀਮਾਨ ਨੇ ਦਸਿਆ ਕਿ ਮੰਦਰ ਵਿਚ ਸ਼ਾਮੀ 7 ਵਜੇ ਭਗਵਾਨ ਰਾਮ ਜੀ ਦੇ ਸਵਾਗਤ ਲਈ ਦੀਪਮਾਲਾ ਕੀਤੀ ਜਾਵੇਗੀ ਅਤੇ 1100 ਦੀਵੇ ਜਗਾਏ ਜਾਣਗੇ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਮਾਗਮ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ।

ਟਰਾਈਡੈਂਟ ਗਰੁੱਪ ਨੇ ਰਾਮ ਲੱਲਾ ਦੀ ਪ੍ਰਾਣ ਪ੍ਰਸ਼ਿਠਤਾ ਦੀ ਖੁਸ਼ੀ ਵਿਚ ਆਪਣੇ ਦਫ਼ਤਰਾਂ 'ਚ ਕੀਤੀ ਛੁੱਟੀ

ਬਰਨਾਲਾ, 21 ਜਨਵਰੀ (ਜਗਸੀਰ ਸਿੰਘ ਧਾਲੀਵਾਲ ਸਹਿਜੜਾ) ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮ ਸ਼੍ਰੀ ਰਾਜਿੰਦਰ ਗੁਪਤਾ ਨੇ 22 ਜਨਵਰੀ ਅਯੁੱਧਿਆ ਵਿਚ ਭਗਵਾਨ ਰਾਮ ਲੱਲਾ ਦੀ ਪ੍ਰਾਣ ਪ੍ਰਸ਼ਿਠਤਾ ਦੀ ਖੁਸ਼ੀ ਵਿਚ ਪੂਰੇ ਦੇਸ਼ ਵਿਚ ਆਪਣੇ ਕਾਰਪੋਰੇਟ ਦਫ਼ਤਰ ਵਿਚ ਛੁੱਟੀ ਕਰਨ ਦਾ ਐਲਾਨ ਕੀਤਾ ਹੈ ਇਸ ਸਬੰਧੀ ਜਗ ਬਾਣੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ 500 ਸਾਲਾਂ ਤੋਂ ਬਾਅਦ ਇਹ ਖੁਸ਼ੀ ਦਾ ਮੌਕਾ ਆਇਆ ਹੈ ਸਾਨੂੰ ਇਹ ਖੁਸ਼ੀ ਸਭ ਨੂੰ ਰਲ ਮਿਲ ਕੇ ਮਨਾਉਣੀ ਚਾਹੀਦੀ ਹੈ ਅਤੇ ਆਪਣੇ ਘਰ ਵਿਚ ਦੀਪਮਾਲਾ ਕਰਨੀ ਚਾਹੀਦੀ ਹੈ ਜਦੋਂ ਭਗਵਾਨ ਰਾਮ 14 ਸਾਲਾਂ ਬਾਅਦ ਬਨਵਾਸ ਕੱਟ ਕੇ ਅਯੁੱਧਿਆ ਵਿਚ ਆਏ ਸਨ ਤਾਂ ਇਸ ਖੁਸ਼ੀ ਵਿਚ ਸਾਡੇ ਵਲੋਂ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਪਰ ਹੁਣ ਰਾਮ ਭਗਵਾਨ 500 ਸਾਲਾਂ ਬਾਅਦ ਆਪਣੇ ਮਹਿਲ ਵਿਚ ਆ ਰਹੇ ਹਨ ਇਸ ਖੁਸ਼ੀ ਵਜੋਂ ਟਰਾਈਡੈਂਟ ਗਰੁੱਪ ਦੇ ਸਾਰੇ ਕਾਰਪੋਰੇਟ ਦਫ਼ਤਰ ਉਹ ਚਾਹੇ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਹੋਣ, ਜਿਸ ਤਰ੍ਹਾਂ ਲੁਧਿਆਣਾ, ਚੰਡੀਗੜ੍ਹ, ਮੁੰਬਈ, ਦਿੱਲੀ ਅਤੇ ਦੇਸ਼ ਦੇ ਹੋਰ ਵੱਖ-ਵੱਖ ਹਿੱਸਿਆਂ ਵਿਚ ਕੰਪਨੀ ਦੇ ਦਫ਼ਤਰਾਂ ਵਿਚ ਛੁੱਟੀ ਰਹੇਗੀ ਪਰ ਯੂਨਿਟਾਂ ਵਿਚ ਪ੍ਰੋਡੈਕਟਸ਼ ਦਾ ਕੰਮ ਜਾਰੀ ਰਹੇਗਾ।

ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਵਿਰਕ ਦਾ ਵਤਨ ਪਰਤਣ ਤੇ ਨਿੱਘਾ ਸੁਆਗਤ

ਕਪੂਰਥਲਾ, 21 ਜਨਵਰੀ, (ਇੰਦਰਜੀਤ)- ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਵਿਰਕ ਦਾ ਵਤਨ ਪਰਤਣ ਤੇ ਸ਼੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਏਅਰਪੋਰਟ ਅੰਮ੍ਰਿਤਸਰ ਵਿਖੇ ਨਿੱਘਾ ਸੁਆਗਤ ਕੀਤਾ ਗਿਆ ਭਾਈ ਦਲਜੀਤ ਸਿੰਘ ਆਪਣੇ ਜੱਦੀ ਪਿੰਡ ਸੈਫਲਾਬਾਦ ਵਿਖੇ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਸਿੰਘਾਂ ਸਿੰਘਣੀਆਂ ਅਤੇ ਮਾਤਾ ਗੁਜਰ ਕੌਰ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੀ ਯਾਦ 'ਚ ਸੁਪਰੀਮ ਸਿੱਖ ਸੋਸਾਇਟੀ ਨਿਊਜ਼ੀਲੈਂਡ ਵਲੋਂ ਸੰਤ ਬਾਬਾ ਲੀਡਰ ਸਿੰਘ ਜੀ ਦੀ ਅਗਵਾਈ ਹੇਠ 29 ਜਨਵਰੀ ਦਿਨ ਸੋਮਵਾਰ ਨੂੰ ਗੁਰਦਵਾਰਾ ਗੁਰਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਸੈਫਲਾਬਾਦ ਵਿਖੇ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਕਰਵਾਏ ਜਾ ਰਹੇ 10 ਵੇਂ ਗੁਰਮਤਿ ਸਮਾਗਮ ਵਿੱਚ ਸ਼ਾਮਲ ਹੋਣਗੇ ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਪ੍ਰਧਾਨ ਦਲਜੀਤ ਸਿੰਘ ਵਿਰਕ ਨੇ ਦੱਸਿਆ ਸਮਾਗਮ ਨੂੰ ਲੈਕੇ ਨੂੰ ਲੈ ਕੇ ਦੇਸ਼ ਵਿਦੇਸ਼ ਦੀਆਂ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਸਮਾਗਮ ਦੌਰਾਨ ਪੰਥ ਦੇ ਮਹਾਨ ਰਾਗੀ ਢਾਡੀ ਕਥਾ ਵਾਚਕ ਜਿਨ੍ਹਾਂ 'ਚ ਗਿਆਨੀ ਪਿੰਦਰਪਾਲ ਸਿੰਘ ਕਥਾਵਾਚਕ, ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਜਥੇ. ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਕਾਲ ਤਖਤ, ਜਥੇ. ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤਖਤ ਸ੍ਰੀ ਕੇਸਗੜ ਸਾਹਿਬ, ਜਥੇ. ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ, ਗਿਆਨੀ ਸਰੂਪ ਸਿੰਘ ਕੰਡਿਆਣਾ ਢਾਡੀ ਜਥਾ, ਗਿਆਨੀ ਗੁਰਮੁਖ ਸਿੰਘ ਐਮ. ਏ. ਕਵੀਸ਼ਰ ਤੇ ਭਾਈ ਸੁਖਜਿੰਦਰ ਸਿੰਘ ਮੋਨੀ ਹਜ਼ੂਰੀ ਰਾਗੀ ਗੁਰਦਵਾਰਾ ਗੁਰਸਰ ਸਾਹਿਬ ਆਦਿ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ ਸੰਗਤਾਂ ਨੂੰ ਹਾਜ਼ਰੀ ਭਰ ਕੇ ਹਰਿ ਜਸ ਸੁਣ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਇਸ ਮੌਕੇ ਤੇ ਸੰਗਤਾਂ ਵਾਸਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ

ਹਰ ਕੋਈ ਆਪਣੇ-ਆਪਣੇ ਤਰੀਕੇ ਨਾਲ ਅਯੁੱਧਿਆ ਵਿੱਚ ਭਗਵਾਨ ਸ਼੍ਰੀ ਰਾਮ ਲਾਲਾ ਦਾ ਜੀਵਨ ਜਸ਼ਨ ਮਨਾਉਣ ਵਿੱਚ ਰੁੱਝਿਆ-ਮਹਿੰਦਰ ਪਾਲ ਪ੍ਰਧਾਨ ਪ੍ਰਜਾਪਤ

ਮੋਗਾ, 21 ਜਨਵਰੀ (ਲਛਮਣ ਜੀਤ ਸਿੰਘ ਪੁਰਬਾ)- ਹਰ ਕੋਈ ਆਪਣੇ-ਆਪਣੇ ਤਰੀਕੇ ਨਾਲ ਅਯੁੱਧਿਆ ਵਿੱਚ ਭਗਵਾਨ ਸ਼੍ਰੀ ਰਾਮ ਲਾਲਾ ਦਾ ਜੀਵਨ ਜਸ਼ਨ ਮਨਾਉਣ ਵਿੱਚ ਰੁੱਝਿਆ ਹੋਇਆ ਹੈ ਰਾਮ ਭਗਤਾਂ, ਪੈਰੋਕਾਰਾਂ, ਧਾਰਮਿਕ ਸੰਸਥਾਵਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਪ੍ਰਣ ਉਤਸਵ ਦੇ ਨਾਲ-ਨਾਲ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਰਾਮ ਭਗਤਾਂ ਦੇ ਚਿਹਰਿਆਂ 'ਤੇ ਇਕ ਵੱਖਰੀ ਤਰ੍ਹਾਂ ਦੀ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ ਮੋਗਾ ਦੇ ਪ੍ਰਜਾਪਤ ਸਮਾਜ ਵੱਲੋਂ ਮੋਗਾ ਸ਼ਹਿਰ ਵਿੱਚ ਮੁਫਤ ਦੀਵੇ ਵੰਡੇ ਜਾ ਰਹੇ ਹਨ ਇਸ ਤੋਂ ਪਹਿਲਾਂ ਪ੍ਰਜਾਪਤ ਸਮਾਜ ਵੱਲੋਂ ਸ਼ਹਿਰ ਭਰ ਵਿੱਚ 35 ਹਜ਼ਾਰ ਮੁਫ਼ਤ ਦੀਵੇ ਵੰਡੇ ਗਏ ਇਸੇ ਕੜੀ ਨੂੰ ਅੱਗੇ ਤੋਰਦਿਆਂ ਪ੍ਰਜਾਪਤ ਸਮਾਜ ਦੇ ਚਮਨ ਲਾਲ ਅਤੇ ਸਤਪਾਲ ਨੇ ਅਕਾਲਸਰ ਰੋਡ 'ਤੇ ਪ੍ਰਜਾਪਤ ਇਲਾਕੇ ਦੇ ਬਾਹਰ ਮੁਫਤ ਦੀਵੇ ਵੰਡਣ ਲਈ ਸਟਾਲ ਲਗਾਇਆ ਹੈ ਹਰ ਲੰਘਣ ਵਾਲੇ ਯਾਤਰੀ ਸਮੇਤ ਕੋਈ ਵੀ ਸ਼ਹਿਰ ਵਾਸੀ ਇਸ ਥਾਂ ਤੋਂ ਦੀਵੇ ਲੈ ਸਕਦਾ ਹੈ ਸੁਸਾਇਟੀ ਦੀ ਤਰਫੋਂ ਦੀਵੇ ਵੰਡਣ ਦੇ ਨਾਲ-ਨਾਲ ਪ੍ਰਸ਼ਾਦ ਵੀ ਵੰਡਿਆ ਜਾ ਰਿਹਾ ਹੈ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਵਿੱਕੀ ਸਿਤਾਰਾ ਨੇ ਇਸ ਕਾਰਜ ਲਈ ਪ੍ਰਜਾਪਤ ਸਮਾਜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਲਾਲਾ ਪ੍ਰਾਣ ਉਤਸਵ ਦੀਆਂ ਖੁਸ਼ੀਆਂ ਦੇਸ਼ ਭਰ ਦੇ ਨਾਲ-ਨਾਲ ਪੂਰੀ ਦੁਨੀਆ ਵਿੱਚ ਪਾਈਆਂ ਜਾ ਰਹੀਆਂ ਹਨ ਵਿਦੇਸ਼ਾਂ 'ਚ ਵਸੇ ਭਾਰਤੀ ਆਪਣੇ ਪੱਧਰ 'ਤੇ ਧਾਰਮਿਕ ਸਮਾਗਮ ਅਤੇ ਜਲੂਸ ਕੱਢ ਰਹੇ ਹਨ ਚਮਨ ਲਾਲ ਅਤੇ ਸੱਤਿਆਪਾਲ 7 ਨੇ ਦੱਸਿਆ ਕਿ ਪਹਿਲਾਂ ਦੀਵਾਲੀ, ਗੁਰੂਪੁਰਵਾ ਅਤੇ ਹੋਰ ਖੁਸ਼ੀ ਦੇ ਮੌਕਿਆਂ 'ਤੇ ਦੀਵੇ ਬਣਾਏ ਅਤੇ ਵੇਚੇ ਜਾਂਦੇ ਸਨ ਪਰ ਇਸ ਵਾਰ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਦੀਵੇ ਬਣਾਏ ਗਏ ਹਨ ਇਸ ਵਾਰ ਦੀਵੇ ਵੇਚਣ ਦੀ ਬਜਾਏ ਮੁਫ਼ਤ ਵੰਡੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਭਗਵਾਨ ਸ਼੍ਰੀ ਰਾਮ ਦੇ ਆਗਮਨ ਦੀ ਉਡੀਕ ਵਿੱਚ ਲੰਗਰ ਅਤੇ ਹੋਰ ਚੀਜ਼ਾਂ ਬਣਾ ਕੇ ਆਪਣਾ ਯੋਗਦਾਨ ਪਾ ਰਿਹਾ ਹੈ ਸਮਾਜ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਉਨ੍ਹਾਂ ਕਿਹਾ ਕਿ 22 ਜਨਵਰੀ ਦਾ ਦਿਨ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੋਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਵਾਂ ਸੁਨੇਹਾ ਦੇਵੇਗਾ ਇਸ ਮੌਕੇ ਸਤਪਾਲ, ਚਮਨ ਲਾਲ, ਰਾਜ ਕੁਮਾਰ ਕੁਕਲੀ, ਬਿੱਟੂ, ਨਵਦੀਪ ਸ਼ਰਮਾ, ਜਗਦੀਸ਼ ਲਾਲ, ਰਾਮ ਕ੍ਰਿਸ਼ਨ, ਮਹਿੰਦਰ ਪਾਲ ਪ੍ਰਧਾਨ ਪ੍ਰਜਾਪਤ ਤੋਂ ਇਲਾਵਾ ਹੋਰ ਹਾਜ਼ਰ ਸਨ।

ਸ਼੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਦੀ ਖੁਸ਼ੀ ਵਿੱਚ ਤਲਵੰਡੀ ਸਾਬੋ ਦੇ ਸਨਾਤਨੀ ਭਾਈਚਾਰੇ ਨੇ ਜੈਕਾਰਿਆਂ ਦੀ ਗੂੰਜ ਵਿੱਚ ਕੱਢੀ ਸ਼ੋਭਾ ਯਾਤਰਾ

ਤਲਵੰਡੀ ਸਾਬੋ, 21 ਜਨਵਰੀ (ਕਮਲਦੀਪ ਬਾਂਸਲ/ਰਾਮ ਰੇਸ਼ਮ ਸ਼ਰਨ)- ਤ੍ਰੇਤਾ ਯੁਗ ਦੇ ਅਵਤਾਰ ਮਰਿਆਦਾ ਪੁਰਸ਼ੋਤਮ ਸ਼੍ਰੀ ਰਾਮ ਚੰਦਰ ਜੀ ਦੇ ਅਯੋਧਿਆ ਵਿਖੇ ਬਣ ਰਹੇ ਵਿਸ਼ਾਲ ਮੰਦਰ ਵਿਖੇ ਪ੍ਰਾਣ ਪ੍ਰਤਿਸ਼ਠਾ ਤੋਂ ਪਹਿਲਾਂ ਜਿੱਥੇ ਪੂਰੇ ਦੇਸ਼ ਭਰ ਅੰਦਰ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ ਤੇ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਤੇ ਸ਼ੋਭਾ ਯਾਤਰਾ ਕੱਢੀਆਂ ਜਾ ਰਹੀਆਂ ਹਨ,ਉੱਥੇ ਤਲਵੰਡੀ ਸਾਬੋ ਵਿਖੇ ਹਿੰਦੂ ਭਾਈਚਾਰੇ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ, ਜਿਸ ਵਿੱਚ ਭਗਤ ਪੈਦਲ ਅਤੇ ਆਪਣੇ ਆਪਣੇ ਵਹੀਕਲਾ ਤੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਨਗਰ ਦੀਆਂ ਕੀਰਤਨ ਮੰਡਲੀਆਂ ਦੀਆਂ ਮਹਿਲਾ ਸਮੇਤ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਇਸ ਸ਼ੋਭਾ ਯਾਤਰਾ ਦਾ ਆਰੰਭ ਜੈ ਦੁਰਗਾ ਪ੍ਰਾਚੀਨ ਮੰਦਰ ਮੇਨ ਬਜ਼ਾਰ ਤੋਂ ਕੀਤਾ ਗਿਆ ਤੇ ਜੈ ਦੁਰਗਾ ਮਾਈਸਰ ਮੰਦਰ ਵਿਖੇ ਸ਼ੋਭਾ ਯਾਤਰਾ ਦਾ ਸੁਆਗਤ ਕਰਦਿਆਂ ਹੋਰ ਵੀ ਭਗਤ ਇਕੱਤਰ ਹੋਏ ਤੇ ਇਹ ਸ਼ੋਭਾ ਯਾਤਰਾ ਨਗਰ ਦੀਆਂ ਵੱਖ-ਵੱਖ ਗਲੀਆਂ, ਮੁਹੱਲਿਆਂ ਵਿੱਚ, ਜਨਤਕ ਥਾਵਾਂ ਤੋਂ ਹੁੰਦੀ ਹੋਈ ਮੇਨ ਬਜਾਰਾ ਵਿਚ ਪਹੁੰਚੀ ਸ਼ੋਭਾ ਯਾਤਰਾ 'ਚ ਜੈ ਸ੍ਰੀ ਰਾਮ ਦੇ ਨਾਅਰਿਆਂ ਨਾਲ ਖੂਬ ਰੰਗ ਗੂੰਜਿਆ ਦੁਕਾਨਦਾਰਾਂ ਵੱਲੋਂ ਸੁਆਗਤ ਵਿੱਚ ਪਟਾਕੇ ਚਲਾਏ ਗਏ ਸ਼ਰਧਾਬਾਨਾ ਵੱਲੋਂ ਜਗਾ ਜਗਾ ਤੇ ਲੰਗਰ ਲਗਾਏ ਗਏ ਇਸ ਮੌਕੇ ਪ੍ਰਬੰਧਕਾਂ ਨੇ ਇਹ ਵੀ ਦੱਸਿਆ ਕਿ ਸ਼੍ਰੀ ਰਾਮ ਮੰਦਰ ਅਯੁੱਧਿਆ ਵਿਖੇ ਪ੍ਰਾਣ ਪ੍ਰਤਿਸ਼ਠਾ ਮੌਕੇ ਮੰਦਰਾਂ ਵਿੱਚ ਸਮਾਗਮ ਕਰਵਾਏ ਜਾਣਗੇ ਤੇ ਅੱਜ ਦਾ ਦਿਨ ਦੀਵਾਲੀ ਵਾਂਗ ਮਨਾਇਆ ਜਾਵੇਗਾ।

ਧਨੌਲਾ ਅੰਦਰ ਰਾਮ ਭਗਤਾਂ ਵੱਲੋਂ ਸੋਭਾ ਯਾਤਰਾ ਦਾ ਆਯੋਜਨ ਸੈਂਕੜੇ ਸ਼ਰਧਾਲੂਆਂ ਨੇ ਕੀਤੀ ਸ਼ਮੂਲੀਅਤ

ਲੋਕਾਂ ਨੇ ਲੰਗਰ ਲਗਾਕੇ ਰਾਮ ਭਗਤਾਂ ਦਾ ਕੀਤਾ ਸਵਾਗਤ

ਧਨੌਲਾ, 21 ਜਨਵਰੀ (ਸੁਖਰਾਜ ਚਹਿਲ)- ਸ੍ਰੀ ਆਦਿ ਸ਼ਕਤੀ ਰਾਮਲੀਲਾ ਕਲੱਬ ਧਨੌਲਾ ਵੱਲੋਂ ਨਗਰ ਦੀਆਂ ਸਮੂਹ ਧਾਰਮਿਕ ਸੰਸਥਾਵਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਜਤਿੰਦਰ ਸਦਿਉੜਾ, ਰਜਿੰਦਰ ਕੁਮਾਰ ਗਰਗ, ਰਾਜ ਕੁਮਾਰ ਰਾਜੂ, ਰੁਪਿੰਦਰ ਰੂਬੀ, ਧਰਮਿੰਦਰ ਕੰਢੇ ਆਦਿ ਦੀ ਅਗਵਾਈ ਹੇਠ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ ਜਿਸ ਵਿੱਚ ਸਮੁੱਚੇ ਨਗਰ ਦੇ ਲੋਕਾਂ ਨੇ ਆਪਸੀ ਭਾਈਚਾਰਕ ਸਾਂਝ ਦੀ ਮਿਸਾਲ ਕਾਇਮ ਕਰਦਿਆਂ ਹੋਇਆ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਭਾਗ ਲਿਆ ਸ੍ਰੀ ਸੀਤਾ ਰਾਮ ਮੰਦਰ ਤੋਂ ਸ਼ੁਰੂ ਹੋਈ ਇਹ ਸ਼ੋਭਾ ਯਾਤਰਾ ਸਦਰ ਬਾਜ਼ਾਰ ਵਿੱਚੋਂ ਦੀ ਗੁਜ਼ਰਦੀ ਹੋਈ ਵੱਖ ਵੱਖ ਪੜਾਵਾਂ 'ਤੇ ਪਹੁੰਚੀ ਤਾਂ ਸ੍ਰੀ ਰਾਮ ਭਗਤਾਂ ਅਤੇ ਅਗਰਵਾਲ ਸਮਾਜ ਦੇ ਲੋਕਾਂ ਨੇ ਭਰਵਾਂ ਸਵਾਗਤ ਕੀਤਾ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਸ੍ਰੀ ਰਾਮ ਭਗਤਾਂ ਦੇ ਲਈ ਸਭ ਧਰਮਾਂ ਦੇ ਲੋਕਾਂ ਵੱਲੋਂ ਸ਼ਰਧਾ ਭਾਵਨਾ ਨਾਲ ਸਮਾਜ ਸੇਵੀਆਂ ਡਾਕਟਰ ਸ਼ੰਕਰ ਬਾਂਸਲ, ਰਮਿੰਦਰ ਸਿੰਘ ਰਾਮਾ,ਵਪਾਰ ਮੰਡਲ ਦੇ ਪ੍ਰਧਾਨ ਰਮਨ ਵਰਮਾ, ਉੱਘੇ ਕਾਰੋਬਾਰੀ ਸੇਠ ਟੋਨੀ ਕੁਮਾਰ ਕਾਲੇਕੇ, ਅਸ਼ੋਕ ਕੁਮਾਰ ਕਾਲਾਕੇ, ਸੰਜੂ ਸ਼ਿਵਾ ਟੈਲੀਕਾਮ, ਮਹਿਕ ਸਟੂਡੀਓ, ਗਗਨਦੀਪ ਵਰਮਾ, ਬਿੱਟੂ ਗੋਇਲ, ਭੂਸ਼ਨ ਕੁਮਾਰ, ਨੈਸੀ ਗਰਗ ਆਦਿ ਵੱਲੋਂ ਲੰਗਰ ਲਗਾਕੇ ਰਾਮ ਭਗਤਾ ਦਾ ਸਵਾਗਤ ਕੀਤਾ ਗਿਆ ਉੱਥੇ ਹੀ ਭਾਈਚਾਰਕ ਸਾਂਝ ਦੀ ਵਿਲੱਖਣ ਉਦਾਹਰਨ ਪੇਸ਼ ਕਰਦਿਆਂ "ਸਾਹ ਸਤਨਾਮ ਜੀ ਗਰੀਨ ਵੈਲਫੇਅਰ ਫੋਰਸ ਡੇਰਾ ਸੱਚਾ ਸੌਦਾ ਸਿਰਸਾ (ਇਕਾਈ ਧਨੌਲਾ)" ਦੇ ਸੇਵਾਦਾਰਾਂ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਦਾ ਨਿੱਘਾ ਸਵਾਗਤ ਕੀਤਾ ਗਿਆ ਵੱਖੋ ਵੱਖਰੇ ਪੜਾਵਾ ਤੋਂ ਲੰਘਦੀ ਹੋਈ ਸ਼ੋਭਾ ਯਾਤਰਾ ਬਾਅਦ ਦੁਪਹਿਰ ਸੀਤਾ ਰਾਮ ਮੰਦਰ ਧਨੌਲਾ ਪਹੁੰਚ ਕੇ ਸਮਾਪਤ ਹੋਈ ਇਸ ਸਮੇਂ ਸਾਬਕਾ ਚੇਅਰਮੈਨ ਜੀਵਨ ਕੁਮਾਰ ਬਾਂਸਲ, ਕੌਂਸਲ ਮੀਤ ਪ੍ਰਧਾਨ ਰਜਨੀਸ਼ ਕੁਮਾਰ ਬਾਂਸਲ, ਸਾਬਕਾ ਕੌਂਸਲਰ ਮਨੀਸ਼ ਕੁਮਾਰ ਬਾਂਸਲ, ਕੌਂਸਲਰ ਗੋਰਵ ਬਾਂਸਲ, ਕੌਂਸਲਰ ਅਜੇ ਕੁਮਾਰ ਗਰਗ, ਕੌਂਸਲਰ ਸੁਖਵਿੰਦਰ ਸਿੰਘ ਮੁੰਦਰੀ, ਡਾਕਟਰ ਚਿਮਨ ਲਾਲ, ਅਗਰਵਾਲ ਦੇ ਚੇਅਰਮੈਨ ਬਿਲਾਸ ਰਾਏ ਗਰਗ, ਸਮਾਜਸੇਵੀਆ ਨਰਿੰਦਰ ਮੋਹਨ ਕਾਲਾ, ਰਮੇਸ਼ ਕੁਮਾਰ ਕਿਤਾਬਾ ਵਾਲੇ, ਬੋਨੀ ਬਾਂਸਲ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਕਾਲਾ, ਵਿੱਕੀ ਦਾਨਗੜ੍ਹੀਆ, ਅਨਿਲ ਸੇਠੀ ਬਾਂਸਲ, ਰਾਧੇ ਸ਼ਿਆਮ ਕਾਕਾ, ਜਨਕ ਦਾਸ ਬਾਵਾ, ਬੱਬੂ ਬਾਵਾ, ਜਗਸੀਰ ਬਾਵਾ, ਮੀਤ ਪ੍ਰਧਾਨ ਜਸਪਾਲ ਦਾਸ ਪਾਲੀ ਸਾਧ, ਵਿੱਕੀ ਚੌਧਰੀ, ਰਕੇਸ਼ ਕੁਮਾਰ ਭਾੜਿਆ ਵਾਲੇ, ਬੂਟਾ ਸਿੰਘ ਕੈਂਥ, ਲਛਮਣ ਸਿੰਘ ਲੱਛਾ, ਨੱਥਾ ਰਾਮ ,ਵਿਨੋਦ ਕੁਮਾਰ ਬੌਧੀ, ਸੰਕਰ ਕੁਮਾਰ, ਰਮੇਸ਼ਵਰ ਦਾਸ, ਅਸ਼ੋਕ ਕੁਮਾਰ ਭੱਠੇ ਵਾਲੇ ਆਦਿ ਹਾਜ਼ਰ ਸਨ।

ਹਦੀਆਬਾਦ ਫਗਵਾੜਾ ਵਿਖੇ ਅਯੁਧਿਆ 'ਚ ਹੋਣ ਵਾਲੇ ਮੂਰਤੀ ਸਥਾਪਨਾ ਸਮਾਗਮ ਨੂੰ ਸਮਰਪਿਤ ਸ਼ੋਭਾ ਯਾਤਰਾ ਅੱਜ

ਫਗਵਾੜਾ, 21 ਜਨਵਰੀ, (ਸ਼ਿਵ ਕੋੜਾ)- ਸ੍ਰੀ ਸਵਾਮੀ ਸ਼ੰਕਰ ਨਾਥ ਪਰਬਤ ਚੈਰੀਟੇਬਲ ਐਂਡ ਵੈਲਫੇਅਰ ਟਰੱਸਟ ਹਦੀਆਬਾਦ ਫਗਵਾੜਾ ਵੱਲੋਂ ਅਯੁੱਧਿਆ ਦੇ ਨਵੇਂ ਬਣੇ ਸ੍ਰੀ ਰਾਮ ਜਨਮ ਭੂਮੀ ਮੰਦਿਰ 'ਚ ਸੋਮਵਾਰ ਨੂੰ ਹੋਣ ਵਾਲੀ ਪ੍ਰਾਣ ਪ੍ਰਤਿਸ਼ਠਾ ਦੇ ਸਬੰਧ ਵਿੱਚ ਸਮੂਹ ਰਾਮ ਭਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ 21 ਜਨਵਰੀ ਦਿਨ ਐਤਵਾਰ ਨੂੰ ਸ਼ੰਕਰ ਨਾਥ ਪਰਬਤਮੱਠ (ਪਾਠਸ਼ਾਲਾ) ਹਦੀਆਬਾਦ ਫਗਵਾੜਾ ਤੋਂ ਕੀਤਾ ਜਾ ਰਿਹਾ ਹੈ ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਦੁਪਹਿਰ 12 ਵਜੇ ਭਗਵਾਨ ਰਾਮ ਦੇ ਜੈਕਾਰਿਆਂ ਨਾਲ ਸ਼ੋਭਾ ਯਾਤਰਾ ਦਾ ਸ਼ੁੱਭ ਆਰੰਭ ਹੋਵੇਗਾ ਜੋ ਕਿ ਨਕੋਦਰ ਚੌਂਕ, ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ, ਗੁਰਦਿੱਤਾ ਚੌਂਕ, ਗਲਰਸ ਸਕੂਲ ਦੇ ਪਿਛਲੇ ਪਾਸੇ ਅਤੇ ਮੇਨ ਬਜ਼ਾਰ ਤੋਂ ਹੁੰਦੀ ਹੋਈ ਵਾਪਸ ਮੂਲ ਸਥਾਨ 'ਤੇ ਸਮਾਪਤ ਹੋਵੇਗੀ ਇਸ ਸ਼ੋਭਾਯਾਤਰਾ ਦਾ ਵੱਖ-ਵੱਖ ਥਾਵਾਂ 'ਤੇ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ ਰਾਮ ਭਗਤਾਂ ਦੀ ਸੇਵਾ ਲਈ ਵੱਖ-ਵੱਖ ਪ੍ਰਕਾਰ ਦੇ ਲੰਗਰ ਪ੍ਰਸ਼ਾਦ ਦੇ ਸਟਾਲ ਵੀ ਲਗਾਏ ਜਾਣਗੇ ਸ਼ੋਭਾਯਾਤਰਾ ਦੌਰਾਨ ਭਗਵਾਨ ਰਾਮ ਦੇ ਜੀਵਨ ਨਾਲ ਸਬੰਧਤ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੀਆਂ ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਰਾਮਲਲਾ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਪੁਰਜ਼ੋਰ ਅਪੀਲ ਕਰਦਿਆਂ ਦੱਸਿਆ ਕਿ ਸ਼ੋਭਾ ਯਾਤਰਾ ਤੋਂ ਪਹਿਲਾਂ ਸਵੇਰੇ 11 ਵਜੇ ਸੰਕੀਰਤਨ ਅਤੇ ਸ਼ਾਮ 5.30 ਵਜੇ ਭਜਨ ਸੰਧਿਆ ਦਾ ਪ੍ਰੋਗਰਾਮ ਹੋਵੇਗਾ ਜਿਸ ਤੋਂ ਬਾਅਦ ਭੰਡਾਰੇ ਦੀ ਸੇਵਾ ਅਟੁੱਟ ਵਰਤਾਈ ਜਾਵੇਗੀ।

ਪੀ.ਸੀ.ਐਮ.ਐਸ.ਡੀ ਕਾਲਜ ਫ਼ਾਰ ਵੂਮੈਨ ਨੇ ਰਾਸ਼ਟਰੀ ਯੁਵਾ ਦਿਵਸ ਮਨਾਇਆ

ਜਲੰਧਰ 21 ਜਨਵਰੀ (ਜੇ.ਐੱਸ. ਸੋਢੀ) ਪੀ.ਸੀ.ਐਮ.ਐਸ.ਡੀ ਕਾਲਜ ਫ਼ਾਰ ਵੂਮੈਨ ਵਿਖੇ ਐਨ ਐਸ ਐਸ ਯੂਨਿਟ, ਸਵਾਮੀ ਵਿਵੇਕਾਨਦਾ ਸਟੱਡੀਜ਼ ਸੈਂਟਰ ਅਤੇ ਫਾਈਨ ਆਰਟਸ ਵਿਭਾਗ ਨੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਜੀ ਦੀ ਯੋਗ ਅਗਵਾਈ ਹੇਠ ਰਾਸ਼ਟਰੀ ਯੁਵਾ ਦਿਵਸ ਮਨਾਇਆ ਇਹ ਸਮਾਗਮ ਸਵਾਮੀ ਵਿਵੇਕਾਨੰਦ ਦੇ ਆਦਰਸ਼ਾਂ ਅਤੇ ਸਿੱਖਿਆਵਾਂ ਨੂੰ ਸ਼ਰਧਾਂਜਲੀ ਸੀ, ਜਿਸ ਵਿੱਚ ਰਾਸ਼ਟਰ ਨਿਰਮਾਣ ਵਿੱਚ ਨੌਜਵਾਨਾਂ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਗਿਆ ਅਜੋਕੀ ਨੌਜਵਾਨ ਪੀੜ੍ਹੀ ਦੀ ਸੋਚ ਨੂੰ ਸਵਾਮੀ ਵਿਵੇਕਾਨੰਦ ਜੀ ਦੀ ਵਿਚਾਰਧਾਰਾ ਅਨੁਸਾਰ ਜੋੜਨ ਅਤੇ ਢਾਲਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਸ਼ਾਮਿਲ ਸਨ ਇਸ ਮੌਕੇ ਐਨ.ਐਸ.ਐਸ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਸੁਨੀਤਾ ਭੱਲਾ ਅਤੇ ਸ੍ਰੀਮਤੀ ਮਨਮੀਤ ਕੌਰ ਨੇ ਚਰਚਾ ਕੀਤੀ ਕਿ ਕਿਵੇਂ ਅੱਜ ਦੀ ਨੌਜਵਾਨ ਪੀੜ੍ਹੀ ਸਵਾਮੀ ਜੀ ਦੀ ਗਤੀਸ਼ੀਲ ਸ਼ਖ਼ਸੀਅਤ ਤੋਂ ਸੇਧ ਲੈ ਕੇ ਆਪਣੀ ਸੋਚ ਦਾ ਵਿਕਾਸ ਕਰ ਸਕਦੀ ਹੈ ਤਾਂ ਜੋ ਲਚਕੀਲੇਪਣ, ਦਇਆ ਅਤੇ ਨਿਰਸਵਾਰਥ ਸੇਵਾ ਦੀਆਂ ਕਦਰਾਂ ਕੀਮਤਾਂ ਨੂੰ ਅਪਣਾਇਆ ਜਾ ਸਕੇ ਸਵਾਮੀ ਵਿਵੇਕਾਨਦਾ ਸਟੱਡੀਜ਼ ਸੈਂਟਰ ਦੇ ਮੈਂਬਰ, ਡਾ. (ਸ਼੍ਰੀਮਤੀ) ਨੀਨਾ ਮਿੱਤਲ, ਸ਼੍ਰੀਮਤੀ ਕਵਲਜੀਤ ਕੌਰ, ਡਾ. (ਸ਼੍ਰੀਮਤੀ) ਇੰਦੂ ਤਿਆਗੀ ਅਤੇ ਸ਼੍ਰੀਮਤੀ ਅਨੀਤਾ ਨੇ ਵੀ ਇਸ ਸਮਾਗਮ ਨੂੰ ਦੇਖਿਆ ਇਸ ਮੌਕੇ ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਸੀਨੀਅਰ ਮੀਤ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਮੈਨੇਜਮੈਂਟ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਜੀ ਨੇ ਨੌਜਵਾਨਾਂ ਦੀ ਭਾਵਨਾ ਨੂੰ ਪਾਲਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਐਨਐਸਐਸ ਅਤੇ ਸਵਾਮੀ ਵਿਵੇਕਾਨਦਾ ਅਧਿਐਨ ਕੇਂਦਰ ਦੋਵਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਦਲਵਿੰਦਰ ਸਿੰਘ ਘੁੰਮਣ ਦੇ ਛੋਟੇ ਭਰਾ ਇਕਬਾਲ ਸਿੰਘ ਘੁੰਮਣ ਤੁੱਲੀ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 23 ਨੂੰ

ਲੁਧਿਆਣਾ 21 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ) ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਅਕਾਲੀ ਆਗੂ ਸ ਦਲਵਿੰਦਰ ਸਿੰਘ ਘੁੰਮਣ ਅਤੇ ਕੁਲਜਿੰਦਰ ਸਿੰਘ ਘੁੰਮਣ (ਪਿੰਕਾ ਪ੍ਰਧਾਨ) ਦੇ ਛੋਟੇ ਭਰਾ ਅਤੇ ਹਰਕੀਰਤ ਸਿੰਘ, ਹਰਮਨਜੀਤ ਸਿੰਘ, ਅਤੇ ਗੁਰਪ੍ਰੀਤ ਸਿੰਘ ਦੇ ਪਿਤਾ ਇਕਬਾਲ ਸਿੰਘ ਘੁੰਮਣ ਤੁੱਲੀ ਜਿਹਨਾਂ ਦਾ ਪਿਛਲੇ ਦਿਨੀਂ ਦਿਹਾਂਤ ਹੋਗਿਆ ਸੀ ਉਹਨਾਂ ਨਮਿਤ ਰੱਖੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 23 ਜਨਵਰੀ ਦਿਨ ਮੰਗਲਵਾਰ ਨੂੰ ਗੁਰਦੁਆਰਾ ਸ੍ਰੀ ਤਖਤਖੰਡ ਸਾਹਿਬ ਸਿੰਘ ਸਭਾ ਸਰੂਪ ਨਗਰ ਸਲੇਮ ਟਾਬਰੀ ਵਿਖੇ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਹੋਵੇਗੀ।

ਪ੍ਰਾਣ ਪ੍ਰਤਿਸ਼ਠਾ ਸਮਾਰੋਹ ਨੂੰ ਲੈਕੇ ਰਾਮਮਈ ਹੋਇਆ ਬਰੇਟਾ, ਥਾਂ-ਥਾਂ ਤੇ ਲੱਗਣਗੇ ਲੰਗਰ

ਬਰੇਟਾ, 21 ਜਨਵਰੀ, (ਨਰੇਸ਼ ਕੁਮਾਰ ਰਿੰਪੀ, ਰਾਮ ਸਿੰਘ ਖੁਡਾਲ)- ਅਯੁਧਿਆ ਵਿਖੇ ਸ਼੍ਰੀ ਰਾਮ ਜੀ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਨੂੰ ਲੈ ਕੇ ਬਰੇਟਾ ਦਾ ਮਾਹੌਲ ਰਾਮਮਈ ਹੋ ਗਿਆ ਹੈ ਸਾਰੇ ਮੰਦਰਾ ਅਤੇ ਸ਼ਹਿਰ ਨੂੰ ਰੰਗ ਬਰੰਗੀਆਂ ਰੋਸ਼ਨੀਆ ਨਾਲ ਸਜਾਇਆ ਜਾ ਰਿਹਾ ਹੈ ਸਥਾਨਕ ਮਾਈਸਰਖਾਨਾ ਲੰਗਰ ਕਮੇਟੀ ਵੱਲੋਂ ਦੁਰਗਾ ਮੰਦਰ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਅਤੇ ਰਾਮ ਕੀਰਤਨ ਕੀਤਾ ਜਾ ਰਿਹਾ ਹੈ ਸਥਾਨਕ ਅਨਾਜ ਮੰਡੀ ਵਿਖੇ ਸਥਿਤ ਗਊਸ਼ਾਲਾ ਭਵਨ ਵਿਖੇ ਸ਼੍ਰੀ ਰਾਮਾਇਣ ਜੀ ਪਾਠ ਦੇ ਭੋਗ ਵੀ ਸੋਮਵਾਰ ਨੂੰ ਪਾਏ ਜਾਣ ਉਪਰੰਤ ਛੋਲੇ ਪੂਰੀ ਦਾ ਲੰਗਰ ਲਗਾਇਆ ਜਾਵੇਗਾ ਇਸ ਮੌਕੇ ਕੱਢੀ ਜਾ ਰਹੀ ਸ਼ੋਭਾ ਯਾਤਰਾ ਦਾ ਥਾਂ ਥਾਂ ਤੇ ਫੁੱਲਾ ਦੀ ਵਰਖਾ ਨਾਲ ਸਵਾਗਤ ਕੀਤਾ ਜਾਵੇਗਾ ਅਤੇ ਸ਼ੋਭਾ ਯਾਤਰਾ ਮੌਕੇ ਥਾਂ ਥਾਂ ਤੇ ਲੱਡੂ, ਜਲੇਬੀਆਂ, ਪਕੌੜਿਆਂ ਅਤੇ ਖੀਰ ਦੇ ਲੰਗਰ ਲਗਾਏ ਜਾਣਗੇ ਇਸ ਤੋਂ ਇਲਾਵਾ ਇਥੋ ਦੇ ਹਲਵਾਈਆਂ ਨੂੰ ਵਧਿਆ ਆਰਡਰ ਮਿਲ ਰਹੇ ਹਨ ਜਿਹਨਾਂ ਦੀਆਂ ਤਿਆਰੀਆਂ ਜੋਰਾ ਤੇ ਚੱਲ ਰਹੀਆਂ ਹਨ ਇਹਨਾਂ ਸਮਾਰੋਹਾਂ ਸਬੰਧੀ ਚੱਲ ਰਹੀ ਪ੍ਰਭਾਤ ਫੇਰੀ ਅੱਜ ਪੰਜਵੇ ਦਿਨ ਬਰੇਟਾ ਪਿੰਡ ਵਿਖੇ ਕੱਢੀ ਗਈ ਜਿਥੇ ਇਸਦਾ ਸਵਾਗਤ ਬ੍ਰਾਹਮਣ ਸਮਾਜ ਵੱਲੋਂ ਫੁੱਲਾ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ।

ਅਕਬਰ ਬਾਦਸ਼ਾਹ ਦੇ 'ਤਖ਼ਤ-ਏ-ਅਕਬਰੀ' 'ਤੇ ਕਵੀਆਂ ਲਾਇਆ ਕਵੀ ਦਰਬਾਰ

ਫਤਿਹਗੜ੍ਹ ਚੂੜੀਆਂ, 21 ਜਨਵਰੀ, (ਜਸ਼ਨਪ੍ਰੀਤ ਸਿੰਘ ਪੂਰੇਵਾਲ)- ਮੁਗਲ ਬਾਦਸ਼ਾਹ ਅਕਬਰ ਦੇ ਤਖਤ, ਤਖਤੇ-ਏ-ਅਕਬਰੀ ਕਲਾਨੌਰ ਵਿਖੇ ਭਾਸ਼ਾ ਵਿਭਾਗ ਵੱਲੋਂ ਜਿਲਾ ਭਾਸ਼ਾ ਅਫਸਰ ਗੁਰਦਾਸਪੁਰ/ ਅੰਮ੍ਰਿਤਸਰ ਡਾ. ਪਰਮਜੀਤ ਸਿੰਘ ਕਲਸੀ ਦੀ ਅਗਵਾਈ ਹੇਠ ਕਵੀ ਦਰਬਾਰ ਕਰਵਾਇਆ ਗਿਆ ਇਸ ਮੌਕੇ ਪੰਜਾਬੀ ਸਾਹਿਤ ਅਕਾਡਮੀ ਦੇ ਸਾਬਕਾ ਜਨਰਲ ਸਕੱਤਰ ਡਾ.ਅਨੂਪ ਸਿੰਘ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਾਰਜਕਾਰਨੀ ਮੈਂਬਰ ਹਰਪਾਲ ਸਿੰਘ ਨਾਗਰਾ ਨੇ ਤਖਤ-ਏ- ਅਕਬਰੀ ਦੀ ਇਤਿਹਾਸਿਕ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਗਲ ਬਾਦਸ਼ਾਹ ਹਮਾਂਯੂ ਦੀ ਮੌਤ ਤੋਂ ਬਾਅਦ ਅਕਬਰ ਨੂੰ ਹਿੰਦੋਸਤਾਨ ਦਾ ਬਾਦਸ਼ਾਹ ਘੋਸ਼ਿਤ ਕੀਤਾ ਗਿਆ ਸੀ ਉਸ ਵੇਲੇ ਅਕਬਰ (ਉਮਰ 13 ਸਾਲ 4ਮਹੀਨੇ) ਕਲਾਨੌਰ ਵਿਖੇ ਸੀ ਇਸ ਮੌਕੇ ਬੈਰਮ ਖਾਂ ਨੇ ਕਲਾਨੌਰ ਵਿਖੇ ਹੀ ਇਕ ਪੱਕਾ ਚਬੂਤਰਾ ਬਣਾਕੇ 14 ਫ਼ਰਵਰੀ 1556 ਨੂੰ ਅਕਬਰ ਦੀ ਤਾਜਪੋਸ਼ੀ ਕੀਤੀ ਜਿਸ ਨੂੰ ਤਖਤ-ਏ-ਅਕਬਰੀ ਵਜੋਂ ਜਾਣਿਆਂ ਜਾਂਦਾ ਹੈ ਇਸ ਮੌਕੇ ਜਿਲਾ ਭਾਸ਼ਾ ਅਫਸਰ ਡਾ. ਪਰਮਜੀਤ ਸਿੰਘ ਕਲਸੀ ਨੇ ਕਿਹਾ ਕਿ ਜਿਲਾ ਗੁਰਦਾਸਪੁਰ ਦੇ ਕਲਾਨੌਰ ਕਸਬੇ ਦਾ ਇਹ ਇਤਿਹਾਸਿਕ ਸਥਾਨ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਅਤੇ ਇਸ ਨੂੰ ਆਮ ਲੋਕਾਂ ਤੇ ਸੈਲਾਨੀਆਂ ਦੇ ਵੇਖਣ ਯੋਗ ਸਥਾਨਾਂ ਵਿੱਚ ਸ਼ਾਮਿਲ ਕਰਵਾਉਣ ਅਤੇ ਟੂਰਿਸਟ ਹੱਬ ਵਜੋਂ ਵਿਕਸਤ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਜਾਵੇਗੀ ਕਾਮਰੇਡ ਰਘਬੀਰ ਸਿੰਘ ਪਕੀਵਾ ਨੇ ਜਿਲਾ ਭਾਸ਼ਾ ਅਫਸਰ ਡਾ. ਕਲਸੀ ਅਤੇ ਲੇਖਕਾਂ ਦਾ ਧੰਨਵਾਦ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਲਾਨੌਰ ਵਿਖੇ ਸਥਿੱਤ ਇਸ ਇਤਿਹਾਸਿਕ ਸਥਾਨ ਤਖਤੇ-ਏ-ਅਕਬਰੀ ਨੂੰ ਜਾਣ ਵਾਲੀ ਸੜਕ ਨੂੰ ਖੁਲ੍ਹਿਆਂ ਕਰਕੇ ਇਸ ਦੀ ਮੁਰੰਮਤ ਕੀਤੀ ਜਾਵੇ ਅਤੇ ਇਸ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਇਸ ਮੌਕੇ ਸਾਬਕਾ ਜਿਲਾ ਅਫਸਰ ਹਰਪਾਲ ਸਿੰਘ ਸੰਧਾਂਵਾਲੀਆ, ਡਾ. ਅਨੂਪ ਸਿੰਘ, ਗੁਰਮੀਤ ਸਿੰਘ ਬਾਜਵਾ,ਮਨਜੀਤ ਸਿੰਘ ਵੱਸੀ, ਸੁਰਿੰਦਰ ਸਿੰਘ ਨਿਮਾਣਾ, ਸਟੇਟ ਐਵਾਰਡੀ ਗੁਰਮੀਤ ਸਿੰਘ ਭੋਮਾ, ਸੁਲਤਾਨ ਭਾਰਤੀ, ਅਨਿਲ ਵਰਮਾ ਅਤੇ ਰਮੇਸ਼ ਕੁਮਾਰ ਜਾਨੂ ਨੇ ਵੀ ਰਚਨਾਵਾਂ ਪੇਸ਼ ਕੀਤੀਆਂ ਇਸ ਤਰਾਂ ਮੁਗਲ ਬਾਦਸ਼ਾਹ ਅਕਬਰ ਦੇ ਇਤਿਹਾਸਿਕ ਸਥਾਨ ਤਖਤੇ - ਏ-ਅਕਬਰੀ ਵਿਖੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ।

ਪ੍ਰੀਵਾਰ ਦੀ ਸੁੱਖ ਸ਼ਾਂਤੀ ਲਈ ਨੀਲਮ ਜੌਲੀ ਨੇ ਮਾਤਾ ਰਾਣੀ ਦਾ ਜਾਗਰਨ ਕਰਵਾਇਆ

ਸਮਾਣਾ, 21 ਜਨਵਰੀ, (ਸ਼ਾਮ ਬਜਾਜ)- ਨੀਲਮ ਜੌਲੀ ਪਤਨੀ ਸਵਰਗੀ ਪ੍ਰੇਮ ਪਾਲ ਜੌਲੀ ਨੇ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਮਾਤਾ ਦਾ ਜਾਗਰਣ ਕਰਵਾਇਆ ਨੀਲਮ ਜੌਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੇ ਦੋ ਸਪੁੱਤਰ ਰੂਬੀ ਜੌਲੀ ਅਤੇ ਅੰਕਸ ਜੌਲੀ ਆਸਟਰੇਲੀਆ ਵਿਖੇ ਪੀ ਆਰ ਹਨ ਅਤੇ ਉਹ ਵੀ ਆਸਟਰੇਲੀਆ ਵਿਖੇ ਪੀ ਆਰ ਹੈ ਉਹ ਕੁਝ ਸਮੇਂ ਲਈ ਇੰਡੀਆ ਵਿੱਚ ਆਪਣੇ ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ ਨੂੰ ਮਿਲਣ ਲਈ ਆਏ ਹਨ ਉਨਾਂ ਨੇ ਆਪਣੇ ਘਰ ਨੂੰ ਪਵਿੱਤਰ ਕਰਨ ਅਤੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਮਾਤਾ ਰਾਣੀ ਦਾ ਜਾਗਰਣ ਕਰਵਾਇਆ ਹੈ ਮਾਤਾ ਰਾਣੀ ਦੇ ਚਰਨਾਂ 'ਚ ਅਰਦਾਸ ਬੇਨਤੀ ਕੀਤੀ ਹੈ ਕਿ ਮਾਤਾ ਰਾਣੀ ਉਹਨਾਂ ਦੇ ਪਰਿਵਾਰ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇ ਇਸ ਮੌਕੇ ਮਾਂ ਸਰਸਵਤੀ ਕੀਰਤਨ ਐਂਡ ਜਾਗਰਨ ਮੰਡਲ ਦੇ ਪ੍ਰਬੰਧਕ ਤੀਰਥ ਮੇਨਕਾ ਅਤੇ ਰਿੰਪੀ ਮੇਨਕਾ ਵੱਲੋਂ ਸਾਰੀ ਰਾਤ ਮਾਤਾ ਦੀਆਂ ਭੇਟਾਂ ਗਾਇਣ ਕੀਤੀਆਂ ਅਤੇ ਮਾਤਾ ਦੇ ਜਗਰਾਤੇ ਬਾਬਤ ਵਿਸਥਾਰ ਪੂਰਵਕ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ ਇਸ ਇਸ ਮੌਕੇ ਰੂਬੀ ਜੌਲੀ ,ਅੰਕੁਸ਼ ਜੌਲੀ ,ਕਮਲਦੀਪ ਕੌਰ ,ਸੰਦੀਪ ਕੌਰ, ਰੂਪਮ ਮੈਣੀ ਉਰਫ ਈਸ਼ਾ ਕੁਲਦੀਪ ਸਿੰਘ ਜੌਲੀ ਨੰਬਰਦਾਰ, ਆਸ਼ੂ ਜੌਲੀ, ਵਿਕਰਮ ਮੈਣੀ, ਵਿਜੇ ਜੌਲੀ, ਤੋਂ ਇਲਾਵਾ ਵੱਡੀ ਟੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਸਰਪੰਚ ਪ੍ਰਤਾਪ ਸਿੰਘ ਕੋਟਲੀ ਵੱਲੋਂ ਥਾਣਾ ਮੁਖੀ ਵਲਟੋਹਾ ਸੁਨੀਤਾ ਰਾਣੀ ਦਾ ਸਨਮਾਨ

ਭਿੱਖੀਵਿੰਡ, 21 ਜਨਵਰੀ, (ਨੀਟੂ ਅਰੋੜਾ ਜਗਤਾਰ ਸਿੰਘ)- ਪੁਲਿਸ ਥਾਣਾ ਵਲਟੋਹਾ ਦਾ ਸਬ ਇੰਸਪੈਕਟਰ ਸੁਨੀਤਾ ਰਾਣੀ ਵੱਲੋ ਚਾਰਜ ਸੰਭਾਲ ਲਿਆ ਗਿਆ ਹੈ ਅਤੇ ਉਹਨਾਂ ਦੀ ਅਗਵਾਈ ਹੇਠ ਥਾਣਾ ਵਲਟੋਹਾ ਦੀ ਸਮੁੱਚੀ ਪੁਲਿਸ ਪਾਰਟੀ ਆਪਣੀ ਡਿਊਟੀ ਨਿਭਾਉਣ ਲਈ ਪੂਰੀ ਤਰ੍ਹਾਂ ਮੁਸਤੈਦ ਨਜ਼ਰ ਆ ਰਹੀ ਹੈ ਹੈ ਬੀਤੇ ਦਿਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਪੰਚ ਪ੍ਰਤਾਪ ਸਿੰਘ ਕੋਟਲੀ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ ਅਤੇ ਭਰੋਸਾ ਦਵਾਇਆ ਗਿਆ ਕਿ ਪਿੰਡ ਕੋਟਲੀ ਵਸਾਵਾ ਸਿੰਘ ਦੀ ਸਮੂਹ ਪੰਚਾਇਤ ਅਤੇ ਪਿੰਡ ਵਾਸੀ ਗਲਤ ਅਨਸਰਾਂ ਖਿਲਾਫ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਲਈ ਉਹਨਾਂ ਦਾ ਸਹਿਯੋਗ ਕਰਨਗੇ ਇਸ ਮੌਕੇ ਤੇ ਥਾਣਾ ਵਲਟੋਹਾ ਦੇ ਮੁਖੀ ਸਬ ਇੰਸਪੈਕਟਰ ਸੁਨੀਤਾ ਰਾਣੀ ਨੇ ਸਰਪੰਚ ਪ੍ਰਤਾਪ ਸਿੰਘ ਕੋਟਲੀ ਅਤੇ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਸਐਸਪੀ ਤਰਨ ਤਾਰਨ ਅਤੇ ਡੀਐਸਪੀ ਭਿੱਖੀਵਿੰਡ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਈ ਜਾਵੇਗੀ ਅਤੇ ਥਾਣਾ ਵਲਟੋਹਾ ਦੀ ਹਦੂਦ ਅੰਦਰ ਆਉਂਦੇ ਇਲਾਕੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਪੁਲਿਸ ਥਾਣੇ ਅੰਦਰ ਇਨਸਾਫ ਦੀ ਮੰਗ ਕਰਨ ਆਏ ਹਰੇਕ ਸ਼ਿਕਾਇਤ ਕਰਤਾ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਬਿਨਾਂ ਦੇਰੀ ਉਹਨਾਂ ਦੀ ਮੁਸ਼ਕਿਲ ਦਾ ਹੱਲ ਕੱਢਿਆ ਜਾਵੇਗਾ ਅਮਨ ਕਾਨੂੰਨ ਭੰਗ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਉਹਨਾਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਇਸ ਮੌਕੇ ਤੇ ਥਾਣੇ ਦੇ ਮੁੱਖ ਮੁਨਸ਼ੀ ਪ੍ਰਭਜੀਤ ਸਿੰਘ, ਪ੍ਰਧਾਨ ਬਲਦੇਵ ਸਿੰਘ ਕੋਟਲੀ, ਅਮਰਪ੍ਰੀਤ ਸਿੰਘ, ਜਤਿੰਦਰ ਪਾਲ ਸਿੰਘ, ਚੰਦ ਸਿੰਘ , ਹਰਜੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ

ਬਟਾਲਾ, 21 ਜਨਵਰੀ, (ਡਾ. ਮਲਵਿੰਦਰ ਸਿੰਘ, ਸ਼ਰਮਾ, ਸ਼ੇਖਰ)- 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਅੱਜ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਤਲਵੰਡੀ ਸਾਬੋ ਦੇ ਦਰਸ਼ਨਾਂ ਲਈ ਬੱਸ ਰਵਾਨਾ ਕੀਤੀ ਗਈ ਇਸ ਮੌਕੇ ਤਰੁਨ ਕਲਸੀ, ਸੁਖਦੇਵ ਸਿੰਘ ਵਾਰਡ ਇੰਚਾਰਜ, ਰਾਜਨ ਭੱਟੀ ਇੰਸਪੈਕਟਰ ਪੰਜਾਬ ਰੋਡਵੇਜ਼,ਨਿਸ਼ਾਨ ਸਿੰਘ ਚੀਮਾ, ਡਾ ਏਕਮਦੀਪ ਸਿੰਘ, ਗੁਰਮੇਲ ਸਿੰਘ, ਮਾਈਕਲ ਮਸੀਹ, ਸੁਖਦੀਪ ਸਿੰਘ, ਰਾਜਕੁਮਾਰ, ਪਵਨ ਕੁਮਾਰ,ਮਲਕੀਤ ਸਿੰਘ, ਗਗਨ ਬਟਾਲਾ ਅਤੇ ਸੰਗਤਾਂ ਮੌਜੂਦ ਸਨ ਇਸ ਮੌਕੇ ਯਾਤਰੀਆਂ ਦੀ ਬੱਸ ਨੂੰ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਕੀਤਾ ਗਿਆ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਸੰਬੰਧੀ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ 'ਮੁੱਖ ਮੰਤਰੀ ਤੀਰਥ ਯਾਤਰਾਂ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਸੰਗਤਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ ਅੱਜ ਬੱਸ ਵਿੱਚ ਗਏ ਸ਼ਰਧਾਲੂਆਂ ਵਿੱਚ ਪੂਰੀ ਖ਼ੁਸ਼ੀ ਤੇ ਉਤਸ਼ਾਹ ਸੀ ਤੇ ਉਨਾਂ ਪੰਜਾਬ ਸਰਕਾਰ ਵਲੋਂ ਕੀਤੇ ਇਸ ਉਪਰਾਲੇ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਹੈ ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਸੰਗਤਾਂ ਨੂੰ ਇੱਕ-ਇੱਕ ਕਿੱਟ ਵੀ ਪੰਜਾਬ ਸਰਕਾਰ ਵਲੋਂ ਮੁਹੱਈਆ ਕਰਵਾਈ ਗਈ ਹੈ, ਜਿਸ ਵਿੱਚ ਲੋੜੀਦਾ ਸਮਾਨ ਹੈ ਉਨਾਂ ਦੱਸਿਆ ਕਿ ਯਾਤਰੀਆਂ ਦੇ ਆਉਣ-ਜਾਣ, ਰਸਤੇ ਵਿੱਚ ਚਾਹ ਤੇ ਖਾਣੇ ਅਤੇ ਰਾਤ ਠਹਿਰਣ ਆਦਿ ਦਾ ਸਮੁੱਚਾ ਪ੍ਰਬੰਧ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਹੈ ਤਾਂ ਜੋ ਯਾਤਰੀ ਨੂੰ ਕਿਸੇ ਤਰਾਂ ਦੀ ਪਰੇਸ਼ਾਨੀ ਨਾ ਆਵੇ ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵਲੋਂ ਸ਼ਰਧਾਲੂਆਂ ਦਾ ਮੈਡੀਕਲ ਚੈੱਕਅੱਪ ਵੀ ਕੀਤਾ ਗਿਆ ਦੱਸਣਯੋਗ ਹੈ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਬੱਸ ਰਾਹੀਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸਾਲਾਸਰ ਧਾਮ, ਮਾਤਾ ਚਿੰਤਪੁਰਨੀ, ਮਾਤਾ ਵੈਸ਼ਨੂੰ ਦੇਵੀ, ਮਾਤਾ ਜਵਾਲਾ ਜੀ ਵਰਗੇ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ।

ਚੰਡੀਗੜ੍ਹ ਤਾਮਿਲ ਸੰਗਮ ਦੁਆਰਾ ਚੰਡੀਗੜ੍ਹ ਵਿੱਚ ਪੋਂਗਲ ਦਾ ਤਿਉਹਾਰ ਮਨਾਇਆ

ਚੰਡੀਗੜ੍ਹ, 21 ਜਨਵਰੀ, (ਰਾਜ ਕੁਮਾਰ ਵਰਮਾ)- ਚੰਡੀਗੜ੍ਹ ਤਾਮਿਲ ਸੰਗਮ ਦੁਆਰਾ ਆਯੋਜਿਤ ਚੰਡੀਗੜ੍ਹ ਵਿੱਚ ਇੱਕ ਜੀਵੰਤ ਪੋਂਗਲ ਦਾ ਤਿਉਹਾਰ ਮਨਾਇਆ ਗਿਆ ਭਾਰਤੀ ਭਵਨ, ਸੈਕਟਰ 30 ਚੰਡੀਗੜ੍ਹ ਵਿਖੇ ਹੋਏ ਇਸ ਸਮਾਗਮ ਵਿੱਚ ਸ਼੍ਰੀ ਬਨਵਾਰੀਲਾਲ ਪੁਰੋਹਿਤ, ਪੰਜਾਬ ਦੇ ਰਾਜਪਾਲ ਅਤੇ ਪ੍ਰਸ਼ਾਸਕ ਯੂ.ਟੀ. ਚੰਡੀਗੜ੍ਹ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਰਾਜਪਾਲ ਪੁਰੋਹਿਤ ਨੇ ਸੱਭਿਆਚਾਰਕ ਪਰੰਪਰਾਵਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਲਈ ਪੋਂਗਲ ਵਰਗੇ ਤਿਉਹਾਰ ਮਨਾਉਣ ਦੀ ਮਹੱਤਤਾ ਨੂੰ ਉਜਾਗਰ ਕੀਤਾ ਉਨ੍ਹਾਂ ਨੇ ਸੱਭਿਆਚਾਰਕ ਸਮਾਗਮਾਂ ਅਤੇ ਸ਼ਹਿਰ ਦੀ ਸੁੰਦਰਤਾ ਵਿੱਚ ਯੋਗਦਾਨ ਪਾਉਣ ਲਈ ਚੰਡੀਗੜ੍ਹ ਤਾਮਿਲ ਸੰਗਮ ਦੀ ਸ਼ਲਾਘਾ ਕੀਤੀ ਤਾਮਿਲਨਾਡੂ ਦੇ ਰਾਜਪਾਲ ਰਹਿੰਦਿਆਂ, ਉਸਨੇ ਦਵਾਈ, ਕਾਨੂੰਨ ਅਤੇ ਅਕਾਦਮਿਕ ਖੇਤਰਾਂ ਵਿੱਚ ਤਾਮਿਲਾਂ ਦੇ ਮਹੱਤਵਪੂਰਨ ਯੋਗਦਾਨ ਦੀ ਵੀ ਸ਼ਲਾਘਾ ਕੀਤੀ ਚੰਡੀਗੜ੍ਹ ਤਾਮਿਲ ਸੰਗਮ ਦੁਆਰਾ ਆਯੋਜਿਤ ਇਸ ਜਸ਼ਨ ਨੇ ਵੱਖ-ਵੱਖ ਦਿਲਚਸਪ ਗਤੀਵਿਧੀਆਂ ਰਾਹੀਂ ਤਾਮਿਲਨਾਡੂ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ ਤਾਮਿਲਨਾਡੂ ਦੇ ਤੱਤ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਇੱਕ ਮਨਮੋਹਕ ਭਰਤਨਾਟਿਅਮ ਪ੍ਰਦਰਸ਼ਨ ਪੇਸ਼ ਕੀਤਾ ਗਿਆ ਸੀ ਜਿਸ ਨੇ ਤਿਉਹਾਰਾਂ ਵਿੱਚ ਰਵਾਇਤੀ ਸ਼ਾਨ ਸ਼ਾਮਲ ਕੀਤਾ ਸੀ ਕਲਾਕਾਰਾਂ ਨੇ ਕੁਸ਼ਲਤਾ ਨਾਲ ਤਾਮਿਲਨਾਡੂ ਦੀਆਂ ਸੱਭਿਆਚਾਰਕ ਸੂਖਮਤਾਵਾਂ ਅਤੇ ਕਲਾਤਮਕ ਪ੍ਰਗਟਾਵਾਂ ਨੂੰ ਪੇਸ਼ ਕੀਤਾ ਇਸ ਸਮਾਗਮ ਨੇ ਨਾ ਸਿਰਫ਼ ਪੋਂਗਲ ਦੇ ਵਾਢੀ ਦੇ ਤਿਉਹਾਰ ਦੀ ਨਿਸ਼ਾਨਦੇਹੀ ਕੀਤੀ ਸਗੋਂ ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਅਤੇ ਭਾਈਚਾਰੇ ਦੇ ਮੈਂਬਰਾਂ ਵਿੱਚ ਏਕਤਾ ਨੂੰ ਮਜ਼ਬੂਤ ਕਰਨ ਲਈ ਇੱਕ ਪਲੇਟਫਾਰਮ ਵਜੋਂ ਵੀ ਕੰਮ ਕੀਤਾ ਚੰਡੀਗੜ੍ਹ ਤਾਮਿਲ ਸੰਗਮ ਸ਼੍ਰੀ ਦਾ ਧੰਨਵਾਦ ਕਰਦਾ ਹੈ ਬਨਵਾਰੀਲਾਲ ਪੁਰੋਹਿਤ ਨੂੰ ਇਸ ਯਾਦਗਾਰੀ ਸਮਾਰੋਹ ਦੀ ਸਫ਼ਲਤਾ ਲਈ ਇਸ ਮੌਕੇ ਦੀ ਸ਼ੁਭਕਾਮਨਾਵਾਂ ਦੇਣ ਅਤੇ ਯੋਗਦਾਨ ਪਾਉਣ ਲਈ।

ਪੂਰੇ ਪੰਜਾਬ ਵਿੱਚ ਤੇਰਾਂ ਟੋਲ ਪਲਾਜੇ ਕੀਤੇ ਦੋ ਘੰਟੇ ਲਈ ਬੰਦ

ਕੁਰਾਲੀ, ਮਾਜਰੀ, 21 ਜਨਵਰੀ, (ਡਾ, ਰਣਜੋਧ ਸਿੰਘ)- ਕੌਮੀ ਇਨਸਾਫ ਮੋਰਚਾ ਮੋਹਾਲੀ ਵੱਲੋਂ ਅੱਜ ਪੂਰੇ ਪੰਜਾਬ ਦੇ ਵਿੱਚ ਤਕਰੀਬਨ ਪੰਜਾਬ ਦੇ 13 ਟੋਲ ਪਲਾਜ਼ਿਆਂ ਨੂੰ ਦੋ ਘੰਟਿਆਂ ਲਈ ਟੋਲ ਫਰੀ ਕਰਨ ਦਾ ਐਲਾਨ ਕੀਤਾ ਗਿਆ ਸੀ ਇਸੇ ਤਹਿਤ ਲੋਕ ਹਿਤ ਮਿਸ਼ਨ ਬੜੌਦੀ ਟੋਲ ਪਲਾਜ਼ਾ ਵੱਲੋਂ ਅੱਜ ਬੜੌਦੀ ਟੋਲ ਪਲਾਜ਼ਾ ਨੂੰ 12 ਵਜੇ ਤੋਂ ਲੈ ਕੇ 2 ਵਜੇ ਤੱਕ ਟੋਲ ਫਰੀ ਕੀਤਾ ਗਿਆ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਆਗੂ ਸੁਖਦੇਵ ਸਿੰਘ ਸੁੱਖਾ ਕੰਸਾਲਾਂ ਨੇ ਦੱਸਿਆ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਇਨਸਾਨ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਇਨਸਾਫ ਲਈ,ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਇਨਸਾਫ ਲਈ ਅਤੇ ਲਾਪਤਾ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦਾ ਇਨਸਾਫ ਲੈਣ ਲਈ ਅੱਜ ਕੌਮੀ ਇਨਸਾਫ਼ ਮੋਰਚਾ ਮੋਹਾਲੀ ਵੱਲੋਂ 12 ਵਜੇ ਤੋਂ 2 ਵਜੇ ਤੱਕ ਪੰਜਾਬ ਦੇ ਟੋਲ ਪਲਾਜ਼ਾ ਬੰਦ ਕਰਨ ਦੀ ਕਾਲ ਦਿੱਤੀ ਗਈ ਸੀ ਜਿਸ ਦੇ ਮੱਦੇਨਜਰ ਅੱਜ ਲੋਕ ਹਿੱਤ ਮਿਸ਼ਨ ਟੋਲ ਪਲਾਜ਼ਾ ਬੜੌਦੀ ਵੱਲੋਂ ਅਤੇ ਹੋਰ ਕਿਸਾਨ ਜਥੇਬੰਦੀਆਂ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਇਕੱਠੇ ਹੋ ਕੇ ਬੜੌਦੀ ਟੋਲ ਪਲਾਜ਼ਾ ਦੋ ਘੰਟਿਆਂ ਲਈ ਫ੍ਰੀ ਕਰਵਾਇਆ ਗਿਆ ਹੈ ਪੂਰੇ ਸ਼ਾਂਤ ਮਈ ਢੰਗ ਨਾਲ ਇਹ ਸਭ ਕੀਤਾ ਗਿਆ ਹੈ ਜਿਸ ਵਿੱਚ ਪ੍ਰਸ਼ਾਸਨ ਵੱਲੋਂ ਵੀ ਆਪਣੀ ਬਣਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ ਹੈ ਰੋਹਨ ਰਾਜਦੀਪ ਕੰਪਨੀ ਦੇ ਕਰਮਚਾਰੀਆਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ ਇਸ ਮੌਕੇ ਕੌਮੀ ਇਨਸਾਫ਼ ਮੋਰਚਾ ਮੋਹਾਲੀ ਵੱਲੋਂ ਪਾਲ ਸਿੰਘ ਫਰਾਂਸ ਨੇ ਪਹੁੰਚੀਆਂ ਹੋਈਆਂ ਸੰਗਤਾਂ ਨੂੰ ਸੰਬੋਧਨ ਕੀਤਾ ਇਸ ਤੋਂ ਇਲਾਵਾ ਬਾਬਾ ਭੁਪਿੰਦਰ ਸਿੰਘ ਮਾਜਰਾ ਵਾਲਿਆਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਸੁੱਖਾ ਕੰਸਾਲਾਂ ਨੇ ਕਿਹਾ ਕਿ ਉਹ ਆਪਣੀ ਅਵਾਜ਼ ਸਰਕਾਰ ਤੱਕ ਪਹੁੰਚਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਅੱਜ ਦੇ ਇਸ ਸੰਘਰਸ਼ ਦੀ ਅਵਾਜ਼ ਕਿਤੇ ਨਾ ਕਿਤੇ ਸਰਕਾਰ ਤੱਕ ਜਰੂਰ ਪਹੁੰਚੀ ਹੋਵੇਗੀ ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਅਜੇ ਵੀ ਉਨ੍ਹਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਇਸ ਮੌਕੇ ਉਨ੍ਹਾਂ ਨਾਲ ਇਲਾਕੇ ਦੀਆਂ ਨਾਮਵਰ ਕਿਸਾਨ ਜਥੇਬੰਦੀਆਂ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਵਿੱਚ ਗੁਰਮੀਤ ਸਿੰਘ ਛਾਂਟੂ , ਰਵਿੰਦਰ ਸਿੰਘ ਬਜੀਦਪੁਰ, ਹਰਨੇਕ ਸਿੰਘ ਮਾਵੀ,ਬਾਬਾ ਭੁਪਿੰਦਰ ਸਿੰਘ ਮਾਜਰਾ,ਹਰਜੀਤ ਸਿੰਘ ਪੱਪੀ,ਜਰਨੈਲ ਸਿੰਘ ਗੋਸਲਾਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ , ਰਾਜਦੀਪ ਸਿੰਘ ਪਡਿਆਲਾ ਕਿਸਾਨ ਯੂਨੀਅਨ ਰਾਜੇਵਾਲ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਉਤਸ਼ਾਹ ਨਾਲ 23, 24 ਫਰਵਰੀ ਨੂੰ ਮਨਾਇਆ ਜਾਵੇਗਾ

ਫਿਲੌਰ, 21 ਜਨਵਰੀ, (ਹੈਰੀ)- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਉਤਸਵ ਸ਼੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵੱਲੋਂ 23, 24 ਫਰਵਰੀ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਇਸ ਸਬੰਧੀ ਸਬ ਡਵੀਜ਼ਨ ਫਿਲੌਰ ਦੀਆਂ ਸਮੂਹ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ ਸ੍ਰੀ ਗੁਰੂ ਰਵਿਦਾਸ ਭਵਨ ਫਿਲੌਰ ਵਿਖੇ ਆਯੋਜਿਤ ਕੀਤੀ ਗਈ ਇਸ ਮੌਕੇ ਉਨ੍ਹਾਂ 23 ਫਰਵਰੀ ਨੂੰ ਪੰਜਾਬ ਪੱਧਰ ਤੇ ਕੱਢੀ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਅਤੇ ਸਾਰੀਆਂ ਦੇ ਵਿਚਾਰ ਸੁਣੇ ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਸ਼ੋਭਾ ਯਾਤਰਾ ਵਿੱਚ ਵੱਧ ਚੜ੍ਹਕੇ ਭਾਗ ਲੈਣ ਲਈ ਅਪੀਲ ਕੀਤੀ ਅਤੇ ਸ਼ਾਂਤ ਮਈ ਢੰਗ ਨਾਲ ਸ਼ੋਭਾ ਯਾਤਰਾ ਦੌਰਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਸਿਮਰਨ ਕਰਨ ਲਈ ਵੀ ਬੇਨਤੀ ਕੀਤੀ ਉਨ੍ਹਾਂ ਪ੍ਰਸ਼ਾਸਨ ਪਾਸੋਂ ਵੀ ਮੰਗ ਕੀਤੀ ਕਿ ਸ਼ੋਭਾ ਯਾਤਰਾ ਨੂੰ ਮੁੱਖ ਰੱਖਦਿਆਂ ਰੂਟ ਦੇ ਹਿਸਾਬ ਨਾਲ ਪੁਖਤਾ ਪ੍ਰਬੰਧਾਂ ਨੂੰ ਮੁਕੰਮਲ ਕਰਵਾ ਦਿੱਤਾ ਜਾਵੇ ਤਾਂ ਜੋ ਯਾਤਰਾ ਦੌਰਾਨ ਸੰਗਤਾਂ ਨੂੰ ਕਿਸੇ ਕਿਸਮ ਦੀ ਦਿਕੱਤ ਪੇਸ਼ ਨਾ ਆਵੇ ਉਨ੍ਹਾਂ ਪੁਲਿਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸ਼ੋਭਾ ਯਾਤਰਾ ਦੌਰਾਨ ਹੁਲੜਬਾਜੀ ਕਰਨ ਵਾਲਿਆਂ ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਪਿੰਡ ਵਲਟੋਹਾ ਦਾ ਹੋਣਹਾਰ ਬੱਚਾ ਨੇਕਪ੍ਰੀਤ ਸਿੰਘ ਸਿਤਾਰਾ ਡੀਡੀ ਪੰਜਾਬੀ ਦੇ ਪ੍ਰੋਗਰਾਮ ਦੇ ਗ੍ਰੈਂਡ ਫਾਈਨਲ ਵਿੱਚ ਪਹੁੰਚਿਆ

ਭਿੱਖੀਵਿੰਡ, 21 ਜਨਵਰੀ, (ਨੀਟੂ ਅਰੋੜਾ ਜਗਤਾਰ ਸਿੰਘ)- ਪਿੰਡ ਵਲਟੋਹਾ ਦੇ ਮਸ਼ਹੂਰ ਢਾਡੀ ਪਰਿਵਾਰ ਨਾਲ ਸੰਬੰਧਿਤ ਬੱਚਾ ਉਸਤਾਦ ਢਾਡੀ ਦੇਸਾ ਸਿੰਘ ਦਲੇਰ ਦਾ ਪੋਤਰਾ ਅਤੇ ਮਸ਼ਹੂਰ ਢਾਡੀ ਸਵਿੰਦਰ ਸਿੰਘ ਸਿਤਾਰਾ ਦਾ ਹੋਣਹਾਰ ਬੇਟਾ ਨੇਕਪ੍ਰੀਤ ਸਿੰਘ ਸਿਤਾਰਾ ਉਮਰ 11 ਸਾਲ ਜੋ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਸਲ ਉਤਾੜ ਦਾ ਵਿਦਿਆਰਥੀ ਹੈ ਨੇ ਡੀ ਡੀ ਪੰਜਾਬੀ ਵੱਲੋਂ ਸ਼ੁਰੂ ਕੀਤੇ ਗਏ ਪ੍ਰੋਗਰਾਮ(ਕਿਸ ਮੇ ਕਿਤਨਾ ਹੈ ਦਮ) ਵਿੱਚੋਂ ਚਾਰ ਰਾਉਂਡ ਪਾਸ ਕਰਕੇ ਗ੍ਰੈਂਡ ਫਾਈਨਲ ਵਿੱਚ ਪਹੁੰਚ ਕੇ ਪਿੰਡ ਵਲਟੋਹਾ ਅਤੇ ਸਰਹੱਦੀ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਆਸ ਕਰਦੇ ਹਾਂ ਕਿ ਕਾਕਾ ਨੇਕਪ੍ਰੀਤ ਸਿੰਘ ਸਿਤਾਰਾ ਫਾਈਨਲ ਜਿੱਤ ਕੇ ਇਲਾਕੇ ਦਾ ਨਾਂ ਰੋਸ਼ਨ ਕਰੇਗਾ ਇਸ ਤੋਂ ਪਹਿਲਾਂ ਵੀ ਇਹ ਬੱਚਾ ਪੀ ਟੀ ਸੀ ਪੰਜਾਬੀ ਦੇ ਪ੍ਰੋਗਰਾਮ ਵਾਈਸ ਆਫ ਪੰਜਾਬ ਦੇ ਛੋਟੇ ਚੈਂਪੀਅਨ ਸੈਸ਼ਨ 9 ਵਿੱਚ ਭਾਗ ਲੈ ਚੁੱਕਾ ਹੈ ਅਤੇ ਮੈਗਾ ਐਡੀਸ਼ਨ ਤੱਕ ਪਹੁੰਚਿਆ ਸੀ।

ਬਾਰ ਐਸੋਏਸ਼ਨ ਰੋਪੜ ਵੱਲੋਂ ਸਰਬਤ ਦੇ ਭਲੇ ਦੀ ਅਰਦਾਸ ਸਮਾਗਮ ਅੱਜ ਪ੍ਰਧਾਨ ਮਨਦੀਪ ਮੋਦਗਿਲ ਅਤੇ ਸਮੂਹ ਵਕੀਲ ਮੈਬਰ ਸਾਹਿਬਾਨ

ਸ੍ਰੀ ਅਨੰਦਪੁਰ ਸਾਹਿਬ, 21 ਜਨਵਰੀ, (ਜੇਕੇ ਅਨੰਦਪੁਰੀ)- ਸਰਬਤ ਦੇ ਭਲੇ ਦੀ ਅਰਦਾਸ ਅਤੇ ਚੜ੍ਹਦੀ ਕਲਾ ਦੇ ਲਈ ਇੱਕ ਸਮਾਗਮ ਸਮੂਹ ਵਕੀਲ ਭਾਈਚਾਰਾ ਬਾਰ ਐਸੋਸੀਏਸ਼ਨ ਰੋਪੜ ਦੇ ਸਮੂਹ ਅਹੁਦੇਦਾਰ ਅਤੇ ਮੈਬਰ ਸਾਹਿਬਾਨ ਦੇ ਸਹਿਯੋਗ ਦੇ ਨਾਲ ਵਿਸ਼ੇਸ਼ ਸਮਾਗਮ ਰੋਪੜ ਦੀ ਕੋਟ ਕਮਪਲੈਕਸ ਵਿੱਚ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪਾਠ ਦੇ ਭੋਗ ਤੋਂ ਬਾਅਦ ਧਾਰਮਿਕ ਰਿਤੀ ਰਵਾਜਾ ਨਾਲ ਪੂਜਨ ਅਤੇ ਲੰਗਰ ਲਗਵਾਇਆ ਜਾ ਰਿਹਾ ਹੈ ਜ਼ਿਕਰਯੋਗ ਹੈ ਕਿ ਕੋਟ ਕੰਪਲੈਕਸ ਦੇ ਸਮੂਹ ਮੈਂਬਰ ਸਾਹਿਬਾਨ ਜਿਸ ਵਿੱਚ ਵਕੀਲ ਭਾਈਚਾਰਾ ਅਹੁਦੇਦਾਰ ਮੈਬਰਾ ਦੇ ਸਹਿਯੋਗ ਨਾਲ ਚੜ੍ਹਦੀ ਕਲਾ ਦੀ ਅਰਦਾਸ ਨੂੰ ਮੁੱਖ ਰੱਖਦੇ ਹੋਏ ਇਹ ਸਮਾਗਮ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਬਾਰ ਐਸੋਸੀਏਸ਼ਨ ਰੋਪੜ ਦੇ ਪ੍ਰਧਾਨ ਮਨਦੀਪ ਮੋਦਗਿੱਲ ਨੇ ਦੱਸਿਆ ਕਿ ਸਾਂਝੇ ਤੋਰ ਤੇ ਧਾਰਮਿਕ ਉਪਰਾਲੇ ਦਾ ਇਹ ਫੈਸਲਾ ਸਾਰੇ ਲੋਕਾਂ ਦੀ ਫਰਿਆਦ ਅੱਲਾ ਰਾਮ ਵਾਹਿਗੁਰੂ ਈਸ਼ਵਰ ਦੇ ਦਰਗਾਹ ਵਿੱਚ ਜਾਂਦੀ ਹੈ ਜੋ ਕਿ ਆਪਸੀ ਭਾਈਚਾਰੇ ਦਾ ਸਾਂਝੀ ਵਾਰਤਾ ਦਾ ਸੰਦੇਸ਼ ਹੈ ਧਰਮਾਂ ਅਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਵਿਅਕਤੀਗਤ ਰੂਪ ਵਿੱਚ ਸਮਾਜ ਵਿੱਚ ਵਿਚਰਨਾ ਹੀ ਇੱਕ ਚੰਗੇ ਮਨੁੱਖ ਦਾ ਪੇਸ਼ਾ ਹੈ ਹੋਣਾ ਕਿਹਾ ਕਿ ਰਾਮ ਮੰਦਿਰ ਅਯੋਧਿਆ ਦੇ ਉਸਾਰੀ ਦਿਵਸ ਵਜੋਂ ਜੋ ਮੰਦਰ ਦੇ ਪ੍ਰਮਾਣ ਪ੍ਰਤਿਸ਼ਟਾ ਅਯੋਧਿਆ ਵਿੱਚ ਹੋਰ ਰਹੀ ਹੈ ਉਸ ਦੀ ਖੁਸ਼ੀ ਅਤੇ ਸਵਾਗਤ ਪੂਰੇ ਵਿਸ਼ਵ ਵਿੱਚ ਸ਼ਰਧਾ ਤੇ ਸਤਿਕਾਰ ਨਾਲ ਸਵਾਗਤ ਕੀਤਾ ਜਾ ਰਿਹਾ ਹੈ ਜਿਸ ਦੇ ਸੰਬੰਧ ਵਿੱਚ ਰੋਪੜ ਦੇ ਬਾਰ ਐਸੋਏਸ਼ਨ ਦੇ ਸਮੂਹ ਮੈਂਬਰਾਂ ਦੀ ਸਹਿਯੋਗ ਅਤੇ ਸਹਿਮਤੀ ਨਾਲ ਸ੍ਰੀ ਰਾਮ ਮੰਦਿਰ ਦਾ ਵਧਾਈ ਸਮਾਗਮ ਸੋ ਕੱਲ ਮਿਤੀ 22 ਜਨਵਰੀ ਦਿਨ ਸੋਮਵਾਰ ਨੂੰ ਸਮੁੱਚੇ ਵਕੀਲ ਭਾਈਚਾਰੇ ਵੱਲੋਂ ਇਕੱਠੇ ਹੋ ਕੇ ਧਰਮਾਂ ਦਾ ਸਤਿਕਾਰ ਕਰਦੇ ਹੋਏ ਅਰਦਾਸ ਸਮਾਗਮ ਰੱਖਿਆ ਗਿਆ ਹੈ ਜਿਸ ਵਿੱਚ ਭਾਈਚਾਰਕ ਸਾਂਝ ਬਣੀ ਰਹੇ ਅਤੇ ਸਮੁੱਚੇ ਜਗਤ ਦੇ ਕਾਰਜ ਸਿੱਧ ਹੋਣ ਤੇ ਮੁੱਖ ਉਦੇਸ਼ ਨਾਲ ਸਾਝੇ ਤੋਰ ਤੇ ਸਲਾਹ ਅਤੇ ਸਹਿਮਤੀ ਨਾਲ ਇਹ ਸਮਾਗਮ ਉਲੀਕਿਆ ਗਿਆ ਜਿਸ ਵਿੱਚ ਦੁਪਹਿਰ ਨੂੰ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ ਇਸ ਮੌਕੇ ਪ੍ਰਧਾਨ ਮਨਦੀਪ ਮੋਦਗਿਲ ਰਾਜੀਵ ਸਰਮਾ ਘਨੋਲੀ ਵਿਕਰਮ ਭਨੋਟ ਐਗਜੀਕੁਟਿਵ ਮੈਬਰ ਸੰਦੀਪ ਕਪਲਾ ਹਰਮਿੰਦਰ ਸਿੰਘ ਹੇਮੰਤ ਚੋਧਰੀ ਰਾਜੇਸ ਸਰਮਾ ਦਵਿੰਦਰ ਗੋਰਲਾ ਐਰ.ਐਨ.ਮੋਦਗਿਲ ਤੋ ਇਲਾਵਾ ਹੋਰ ਮੈਬਰ ਤੇ ਅਹੁਦੇਦਾਰ ਹਾਜਰ ਸਨ ਉਹਨਾ ਸਾਝੇ ਤੋਰ ਤੇ ਅਪੀਲ ਕੀਤੀ ਕਿ ਇਸ ਧਾਰਮਕ ਸਮਾਗਮ ਵਿਚ ਹਰ ਵਰਗ ਨੂੰ ਸਦਾ ਪੱਤਰ ਹੈ ਜੀ ਤੇ ਦੁਪਹਿਰ ਨੂੰ ਲੰਗਰ ਅਤੁੱਟ ਵਰਤੇਗਾ।

ਮੁਰਸ਼ਦ ਹੀ ਮੁਰਸ਼ਦ ਸੇਵਾ ਸੁਸਾਇਟੀ (ਰਜਿ.) ਵੱਲੋਂ ਭਜਨ ਸ਼ਾਮ ਕਰਵਾਈ ਗਈ

ਲੁਧਿਆਣਾ, 21 ਜਨਵਰੀ, (ਕਰਨੈਲ ਸਿੰਘ ਐੱਮ.ਏ)- ਮੁਰਸ਼ਦ ਹੀ ਮੁਰਸ਼ਦ ਸੇਵਾ ਸੁਸਾਇਟੀ (ਰਜਿ.) ਵੱਲੋਂ ਨਿਊ ਜਨਤਾ ਨਗਰ ਸਥਿਤ ਦਰਬਾਰ ਵਿਖੇ ਭਜਨ ਸ਼ਾਮ ਦਾ ਆਯੋਜਨ ਕੀਤਾ ਗਿਆ ਇਸ ਦੌਰਾਨ ਸ਼ਰਧਾਲੂ ਰਾਤ ਭਰ ਭਜਨ ਗਾਇਕ ਸਤਵਿੰਦਰ ਵਡਾਲੀ ਦੇ ਭਜਨਾਂ 'ਤੇ ਨੱਚਦੇ ਰਹੇ ਸੁਸਾਇਟੀ ਦੇ ਚੇਅਰਮੈਨ ਸੋਨੂੰ ਪਰਮਾਰ ਜੀ ਨੇ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੂੰ ਨਵੇਂ ਸਾਲ ਵਿੱਚ ਸਮਾਜ ਦੇ ਹਿੱਤ ਵਿੱਚ ਕੰਮ ਕਰਨ ਦਾ ਸੁਨੇਹਾ ਦਿੱਤਾ ਇਸ ਮੌਕੇ ਸੂਫੀ ਐਂਕਰ ਹੇਮੰਤ ਵਾਲੀਆ ਨੇ ਆਪਣੀ ਸ਼ਾਇਰੀ ਨਾਲ ਸਭ ਨੂੰ ਮੰਤਰਮੁਗਧ ਕਰ ਦਿੱਤਾ ਇਸ ਮੌਕੇ ਆਈਆਂ ਸੰਗਤਾਂ ਲਈ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਇਸ ਦੌਰਾਨ ਪ੍ਰਧਾਨ ਵਰਿੰਦਰ ਕੁਮਾਰ, ਦੀਪਕ ਕਾਲੀਆ, ਅਰਸ਼ ਮਾਣਕਵਾਲ, ਕਮਲਜੀਤ ਸਿੰਘ ਹਰਬੰਸ ਸਿੰਘ, ਬਰਿੰਦਰ ਬਿੰਨੀ, ਵਿਕਾਸ ਸੁਖਜਿੰਦਰ ਸਿੰਘ, ਮਦਨ ਸੈਣੀ,ਮਨਨ, ਪ੍ਰੀਤ ਸੋਹੀ, ਕਮਲ, ਦਿਨੇਸ਼ ਕੁਮਾਰ, ਸਮਾਰਟੀ, ਸੋਢੀ, ਮਨਜੀਤ ਸਿੰਘ, ਗੈਰੀ ਗਿੱਲ, ਰਵੀ ਡੀ.ਜੇ, ਜਗਦੀਪ ਵਾਲੀਆ, ਸ਼ਰਮਾ, ਵਿਕਾਸ, ਹਰਪ੍ਰੀਤ ਸਿੰਘ ਵਰੁਣ ਬੱਗਾ, ਮਨਦੀਪ, ਜੋਨੀ, ਗਾਂਧੀ, ਜਤਿਨ, ਦਾਰਾ, ਦਿਨੇਸ਼ ਰਾਣਾ,ਕੇਸ਼ਵ, ਸੋਨੂੰ ਹੰਜਨ, ਵਿਸ਼ੂ, ਆਦਿ ਹਾਜ਼ਰ ਸਨ।

ਪੰਜਾਬ ਦੀ ਆਪ ਸਰਕਾਰ ਘਰੇਲੂ ਬਿਜਲੀ ਦੀ ਸਪਲਾਈ ਦੇਣ ਵਿਚ ਫੇਲ੍ਹ- ਰਣਜੀਤ ਸਿੰਘ ਜੀਤੀ 'ਪਡਿਆਲਾ'

ਖਰੜ, 21 ਜਨਵਰੀ, (ਮਲਕੀਤ ਸਿੰਘ ਸੈਣੀ)- ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ 'ਪਡਿਆਲਾ' ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਵਸਨੀਕਾਂ ਨੂੰ ਬਿਜਲੀ ਦੀ ਸਪਲਾਈ ਦੇਣ ਵਿਚ ਹਰ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ ਅਤੇ ਰੋਜ਼ਾਨਾ ਦਿਨ ਅਤੇ ਰਾਤ ਨੂੰ ਬਿਜਲੀ ਸਪਲਾਈ ਦੇ ਵੱਡੇ ਵੱਡੇ ਕੱਟ ਲੱਗ ਰਹੇ ਹਨ। ਉਨ੍ਹਾਂ ਅੱਜ ਇਥੇ ਗੱਲ ਕਰਦਿਆ ਕਿਹਾ ਕਿ ਘਰੇਲੂ ਅਤੇ ਖੇਤੀਬਾੜੀ ਸੈਕਟਰ ਲਈ ਬਿਜਲੀ ਸਰਕਾਰ ਵਲੋਂ ਬਿਜਲੀ ਸਪਲਾਈ ਦੇਣ ਲਈ ਕੱਟ ਲਗਾਏ ਜਾ ਰਹੇ ਹਨ ਜਿਸ ਕਾਰਨ ਕਿਸਾਨਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਕਿ ਕਿਸਾਨਾਂ ਨੂੰ ਇਸ ਸਮੇਂ ਪਸ਼ੂ ਚਾਰਾ ਅਤੇ ਸ਼ਬਜੀਆਂ ਨੂੰ ਪਾਣੀ ਦੇਣ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਬਿਜਲੀ ਦੀ ਦੇ ਕੱਟ ਲੱਗਦੇ ਹਨ ਤਾਂ ਪੈਂਡੂ ਖੇਤਰ ਵਿਚ ਪਾਣੀ ਦੀ ਸਪਲਾਈ ਵਿਚ ਵੱਡੀ ਰੁਕਾਵਟ ਆ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਚੋਣਾਂ ਸਮੇਂ ਪੰਜਾਬ ਦੇ ਲੋਕਾਂ ਨਾਲ ਵਾਇਦੇ ਕੀਤੇ ਪਰ ਬਿਜਲੀ ਦੀ ਸਪਲਾਈ ਤੋਂ ਇੰਝ ਲੱਗਦਾ ਹੈ ਕਿ ਸਰਕਾਰ ਆਪਣੇ ਵਾਇਦੇ ਭੁੱਲ ਕੇ ਹਰ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ।

ਪਾਵਰਕਾਮ ਸੀ ਐਚ ਬੀ ਤੇ ਡਬਲਿਊ ਠੇਕਾ ਕਾਮਿਆਂ ਦੀ ਜਥੇਬੰਦੀ ਵੱਲੋਂ ਸੰਘਰਸ਼ ਦਾ ਐਲਾਨ 23 ਜਨਵਰੀ ਨੂੰ ਪਰਿਵਾਰਾਂ ਸਮੇਤ ਪਟਿਆਲਾ ਪਾਵਰਕਾਮ ਮੁੱਖ ਦਫਤਰ ਅੱਗੇ ਦੇਣਗੇ ਧਰਨਾ

ਬਰੇਟਾ, 21 ਜਨਵਰੀ, (ਨਰੇਸ਼ ਕੁਮਾਰ ਰਿੰਪੀ, ਰਾਮ ਸਿੰਘ ਖੁਡਾਲ)- ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪਾਵਰ ਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਸੰਘਰਸ਼ ਦਾ ਨੋਟਿਸ ਸੌਂਪਿਆ ਗਿਆ ਸੀ ਪਰ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਕੋਈ ਸਾਰ ਨਾ ਲਈ ਜਿਸ ਦੇ ਰੋਸ ਵਜੋਂ ਪਟਿਆਲਾ ਵਿਖੇ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ ਡਵੀਜਨ ਬਰੇਟਾ ਦੇ ਪ੍ਰਧਾਨ ਵਕੀਲ ਸਿੰਘ ਨੇ ਦੱਸਿਆ ਕਿ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਜੋ ਨਵੀਂ ਭਰਤੀ ਕੀਤੀ ਜਾ ਰਹੀ ਹੈ ਉਸ ਭਰਤੀ ਵਿੱਚ ਆਊਟ-ਸੋਰਸਡ ਠੇਕਾ ਕਾਮਿਆਂ ਨੂੰ ਸ਼ਾਮਿਲ ਕਰਨ ਦੀ ਮੰਗ ਕੀਤੀ ਗਈ ਬਿਜਲੀ ਦਾ ਕੰਮ ਕਰਦੇ ਸਮੇਂ ਲਗਾਤਾਰ ਮੌਤ ਦੇ ਮੂੰਹ ਪੈ ਰਹੇ ਅਤੇ ਅਪੰਗ ਹੋ ਰਹੇ ਕਾਮਿਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਪੱਕੀ ਨੌਕਰੀ ਦੀ ਵੀ ਮੰਗ ਕੀਤੀ ਗਈ ਮੈਨੇਜਮੈਂਟ ਵੱਲੋਂ ਲਿਆਂਦੀ ਗਈ ਨਵੀਂ ਪੋਲਸੀ 10 ਲੱਖ ਰੁਪਆ ਬਾਹਰੋਂ ਕੰਪਨੀਆਂ ਰਾਹੀਂ ਇੰਸ਼ੋਰਸ ਕਰਵਾਉਣ ਉੱਤੇ ਚਰਚਾ ਕਰਦੇ ਆਂ ਆਗੂਆਂ ਨੇ ਕਿਹਾ ਕਿ ਜੋ ਬਾਹਰੋਂ ਇਨਸ਼ੋਰਸ ਕੰਪਨੀਆਂ ਵੱਲੋ ਕਰਵਾਈ ਜਾਂਦੀ ਹੈ ਉਹ ਘਾਤਕ ਹਾਦਸਾ ਵਾਪਰਨ ਉਥੇ ਕੰਮ ਆ ਦੇ ਪਰਿਵਾਰਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਕਰਕੇ ਇਨਸ਼ੋਰਸ ਦੀ ਬਜਾਏ ਐਕਸ ਗਰੇਸ਼ੀਆ ਵਿੱਚ ਹੀ 10 ਲੱਖ ਦੀ ਇਨਸ਼ੋਰਸ ਨੂੰ ਕਵਰ ਕਰ ਦਿੱਤਾ ਜਾਵੇ ਤਾਂ ਜੋ ਪਰਿਵਾਰ ਨੂੰ ਆਸਾਨੀ ਨਾਲ ਮੁਆਵਜ਼ਾ ਮਿਲ ਸਕੇ ਬਿਜਲੀ ਦਾ ਕਰੰਟ ਲੱਗਣ ਕਾਰਨ ਲਗਾਤਾਰ ਹਾਦਸੇ ਵਾਪਰ ਰਹੇ ਹਨ ਇਹਨਾਂ ਹਾਦਸਿਆਂ ਨੂੰ ਰੋਕ ਲਗਾਉਣ ਲਈ ਟੀਟੀਆਈ ਰਾਹੀਂ ਟ੍ਰੇਨਿੰਗ ਦਾ ਪ੍ਰਬੰਧ ਕਰਵਾਉਣ ਅਤੇ ਹਾਦਸਾ ਵਾਪਰਨ ਦੀ ਸੂਰਤ ਉੱਤੇ ਈਐਸਆਈ ਤੋਂ ਹਟਾ ਕੇ ਸਿੱਧਾ ਸਰਕਾਰ ਆਪਦੇ ਖਰਚੇ ਰਾਹੀਂ ਅਤੇ ਵਧੀਆ ਹਸਪਤਾਲਾਂ ਰਾਹੀਂ ਇਲਾਜ ਦਾ ਪ੍ਰਬੰਧ ਕਰਨ ਮੰਗ ਕੀਤੀ ਗਈ ਅਤੇ ਠੇਕੇਦਾਰ ਕੰਪਨੀਆਂ ਵੱਲੋਂ ਤੇਲ ਭੱਤੇ ਸਮੇਤ ਮੋਬਾਇਲ ਭੱਤੇ ਅਤੇ ਸਰਕਾਰ ਵੱਲੋਂ ਘੱਟੋ ਘੱਟ ਉਜਰਤਾ ਦੇ ਕੀਤੇ ਜਾਂਦੇ ਨਵੇਂ ਰੇਟ ਰਵਾਈਜ਼ਰ ਵਿੱਚ ਕੰਪਨੀਆਂ ਵੱਲੋਂ ਘਪਲੇ ਕੀਤੇ ਜਾਂਦੇ ਹਨ।

ਜਿਸ ਦਾ ਪੁਰਾਣਾ ਬਕਾਇਆ ਕੰਪਨੀਆਂ ਵੱਲੋਂ ਜਾਰੀ ਨਹੀਂ ਕੀਤਾ ਜਾਂਦਾ ਅਤੇ ਤਮਾਮ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਸੰਘਰਸ਼ ਨੋਟਿਸ ਮੈਨੇਜਮੈਂਟ ਨੂੰ ਸੌਂਪਿਆ ਗਿਆ ਮੰਗਾਂ ਦਾ ਹੱਲ ਨਾ ਹੋਣ ਦੀ ਸੂਰਤ ਵਿੱਚ ਮਿਤੀ 23 ਜਨਵਰੀ 2024 ਨੂੰ ਪਰਿਵਾਰਾਂ ਸਮੇਤ ਪਟਿਆਲਾ ਹੈਡ ਆਫਿਸ ਵਿਖੇ ਲਗਾਤਾਰ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।

ਵੱਡੇ ਮੰਦਰ ਦੇ ਗੱਦੀ ਨਸੀਨ ਮਹੰਤ ਗੋਬਿੰਦ ਦਾਸ ਦੀ ਧਰਮ ਪਤਨੀ ਕ੍ਰਿਸਨਾ ਦੇਵੀ ਦਾ ਦਿਹਾਂਤ

ਮਾਤਾ ਕ੍ਰਿਸਨਾ ਦੇਵੀ ਦੀ ਫ਼ਾਈਲ ਫੋਟੋ

ਕਲਾਨੌਰ, ਵਡਾਲਾ ਬਾਂਗਰ, 21 ਜਨਵਰੀ, (ਬਲਬੀਰ ਸਿੰਘ ਘੁੰਮਣ)- ਕਸਬੇ ਦੇ ਵੱਡੇ ਮੰਦਰ ਦੇ ਮਹੰਤ ਗੋਬਿੰਦ ਦਾਸ ਨੂੰ ਉਸ ਸਮੇਂ ਵੱਡਾ ਸਦਮਾਂ ਪਹੁੰਚਾ ਜਦੋ ਉਹਨਾਂ ਦੀ ਧਰਮ ਪੱਤਨੀ ਕ੍ਰਿਸਨਾ ਦੇਵੀ ਦਾ ਦਿਹਾਂਤ ਹੋ ਗਿਆ ਇਸ ਮੌਕੇ ਮ੍ਰਿਤਕ ਮਾਤਾ ਜੀ ਦੇ ਪੁੱਤਰ ਮੋਹਿਤ ਦਾਸ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਰਾਤ ਨੂੰ ਮਾਤਾ ਜੀ ਹਾਲਤ ਖ਼ਰਾਬ ਹੋ ਗਈ ਤਰੁੰਤ ਗੱਡੀ ਵਿੱਚ ਪਾ ਕੇ ਬਟਾਲੇ ਜਾਣ ਲੱਗੇ ਤਾਂ ਮਾਤਾ ਜੀ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋ ਗਈ ਉਨਾਂ ਨੂੰ ਕਿਸੇ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਮਾਤਾ ਜੀ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ ਇਸ ਮੌਕੇ ਵੱਡੀ ਗਿੱਣਤੀ ਵਿੱਚ ਪਿੰਡ ਤੇ ਇਲਾਕੇ ਦੀਆਂ ਸਖਸੀਅਤਾਂ ਦੀ ਹਾਜ਼ਰੀ ਵਿੱਚ ਮਾਤਾ ਜੀ ਦੇ ਪੰਜ ਭੂਤਕ ਸਰੀਰ ਦਾ ਅੰਤਮ ਸੰਸਕਾਰ ਕੀਤਾ ਗਿਆ ਇਸ ਮੌਕਾ ਧਾਰਮਿਕ ਤੇ ਰਾਜਨੀਤਕ ਹਸਤੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸ੍ਰੀ ਰਾਮ ਮੰਦਰ ਦੇ ਉਦਘਾਟਨ ਨੂੰ ਮੁੱਖ ਰੱਖ ਕੇ ਫੂਡ ਕੋਰਟ 'ਤੇ ਸ੍ਰੀ ਰਮਾਇਣ ਜੀ ਦੇ ਪਾਠ ਅਰੰਭ

ਅਮਲੋਹ, 21 ਜਨਵਰੀ (ਗਿੰਨੀ ਸੂਦ)-ਸਮਾਜ ਸੇਵੀ ਸੁਭਾਸ਼ ਜੋਸ਼ੀ ਨੇ ਸ਼ਹਿਰ ਅਤੇ ਪ੍ਰੀਵਾਰ ਸਮੇਤ ਸ੍ਰੀ ਰਾਮ ਮੰਦਰ ਦੇ 22 ਜਨਵਰੀ ਨੂੰ ਉਦਘਾਟਨ ਸਮਾਰੋਹ ਨੂੰ ਮੁੱਖ ਰੱਖ ਕੇ ਅੱਜ ਫੂਡ ਕੋਰਟ 'ਤੇ ਸ੍ਰੀ ਰਮਾਇਣ ਜੀ ਦੇ ਪਾਠ ਦਾ ਅਰੰਭ ਕਰਵਾਇਆ ਗਿਆ ਜਿਸ ਦਾ 22 ਜਨਵਰੀ ਨੂੰ 9 ਵਜੇ ਭੋਗ ਉਪਰੰਤ ਹਲਵੇ ਦੇ ਪ੍ਰਸ਼ਾਦ ਦਾ ਅਤੁੱਟ ਲੰਗਰ ਚਲਾਇਆ ਜਾਵੇਗਾ। ਸ੍ਰੀ ਜੋਸ਼ੀ ਨੇ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਭਗਵਾਨ ਸ੍ਰੀ ਰਾਮ ਚੰਦਰ ਦਾ ਅਸੀਰਵਾਦ ਲਣ ਲਈ ਪ੍ਰੋਗਰਾਮ ਵਿਚ ਸਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਦੇ ਸਰਪਰਸਤ ਪ੍ਰੇਮ ਚੰਦ ਸ਼ਰਮਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਦੇਵ ਸੇਢਾ, ਕੁਲਦੀਪ ਮੋਦੀ, ਜੀਵਨ ਕੁਮਾਰ ਜੋਸ਼ੀ, ਪ੍ਰਥਮ ਜੋਸ਼ੀ, ਤਰੁੱਣ ਜੋਸ਼ੀ, ਕਰਨ ਜੋਸ਼ੀ, ਸੁਦੇਸ਼ ਕੁਮਾਰੀ ਜੋਸ਼ੀ, ਸੀਮਾ ਜੋਸ਼ੀ, ਕੋਮਲ ਜੋਸ਼ੀ, ਰਾਮ ਕੁਮਾਰ, ਰੁਪਿੰਦਰ ਜਿੰਦਲ, ਰਜ਼ਨੀਸ਼ ਡੱਲਾ, ਪੰਡਤ ਜਗਦੰਬੇ ਪ੍ਰਸ਼ਾਦ ਅਤੇ ਪੰਡਤ ਰਵੀ ਸ਼ਰਮਾ ਆਦਿ ਮੌਜੂਦ ਸਨ। ਪੰਡਤ ਜਗਦੰਬੇ ਪ੍ਰਸ਼ਾਦ ਨੇ ਮੰਤਰਾਂ ਦੇ ਉਚਾਰਨ ਨਾਲ ਪੂਜਾ ਦੀ ਰਸਮ ਕਰਵਾਈ।

ਮੋਹਾਲੀ ਫੇਜ਼-11 ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਜਲਦੀ ਹੱਲ ਹੋਵੇਗੀ: ਰਿਸ਼ਵ ਜੈਨ

ਮੋਹਾਲੀ, 21 ਜਨਵਰੀ, (ਗੁਰਵਿੰਦਰ ਸਿੰਘ)- ਮੋਹਾਲੀ ਨਗਰ ਨਿਗਮ ਦੇ ਸਾਬਕਾ ਸੀਨੀਅਰ ਡਿਪਟੀ ਮੇਅਰ ਰਿਸ਼ਵ ਜੈਨ ਵੱਲੋਂ ਅੱਜ ਫੇਜ਼-11 ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ 34 ਲੱਖ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪਾਣੀ ਦੇ ਟੈਂਕ ਦੇ ਕੰਮ ਦਾ ਉਦਘਾਟਨ ਕੀਤਾ ਗਿਆ ਇਸ ਮੌਕੇ ਉਹਨਾਂ ਕਿਹਾ ਕਿ ਇਸ ਟੈਂਕ ਦੇ ਤਿਆਰ ਹੋਣ ਨਾਲ ਫੇਜ਼ 11 ਦੀ ਬਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਤੋਂ ਕਾਫ਼ੀ ਰਾਹਤ ਮਿਲੇਗੀ ਉਨ੍ਹਾਂ ਦੱਸਿਆ ਕਿ 34 ਲੱਖ ਦੀ ਲਾਗਤ ਨਾਲ ਬਣਨ ਵਾਲੇ ਇਸ ਟੈਂਕ ਦੀ ਸਮਰਥਾ 1 ਲੱਖ ਲੀਟਰ ਦੀ ਹੋਵੇਗੀ ਅਤੇ ਇਸ ਵਿੱਚ 47 ਹਾਰਸਪਾਵਰ ਦੀ ਮੋਟਰ ਅਤੇ 62.5 ਕਿਲੋਵਾਟ ਦਾ ਜਰਨੇਟਰ ਲਗਾਇਆ ਜਾਵੇਗਾ ਇਸ ਮੌਕੇ ਸ਼ਹੀਦ ਭਗਤ ਸਿੰਘ ਆਰਗੇਨਾਈਜੇਸ਼ਨ ਆਫ਼ ਇੰਡੀਆ ਦੇ ਜ਼ਿਲ੍ਹਾ ਪ੍ਰਧਾਨ ਗੁਰੀ ਬੈਦਵਾਨ, ਹਰਪਾਲ ਸਿੰਘ ਸੋਢੀ, ਚਮਨ ਲਾਲ, ਅਵਤਾਰ ਸਿੰਘ, ਪਵਨਦੀਪ ਸਿੰਘ, ਰਾਜ ਕੁਮਾਰ ਸ਼ਾਹੀ, ਰਮਨ, ਮਾ. ਦਿਲਬਰ ਸਿੰਘ, ਪਰਮਜੀਤ ਕੌਰ, ਕੁਲਦੀਪ ਕੌਰ, ਕਮਲਜੀਤ ਕੌਰ, ਗੁਰਮੀਤ ਕੌਰ ਕੁੱਕੂ, ਦਵਿੰਦਰ ਕੌਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਪੁਲਿਸ ਕਰਿੰਦੇ ਦੇ ਕਾਤਲ ਨੂੰ ਕਾਬੂ ਕਰਨ ਵਿੱਚ ਹੋਈ ਸ.ਫਲ

ਪਾਤੜਾਂ, 21 ਜਨਵਰੀ, (ਜਸਵਿੰਦਰ ਜਿਊਣਪੁਰਾ)- ਪੰਜਾਬ ਹਰਿਆਣਾ ਸਰਹੱਦ ਉੱਤੇ ਪੈਂਦੇ ਪਿੰਡ ਚਿੱਚੜਵਾਲਾ ਵਿਖੇ ਸ਼ਰਾਬ ਦੇ ਠੇਕੇ ਦੇ ਕਰਿੰਦੇ ਦੇ ਹੋਏ ਕਤਲ ਦੇ ਮਾਮਲੇ ਨੂੰ ਪੁਲਿਸ ਨੇ 18 ਘੰਟਿਆਂ ਵਿੱਚ ਸੁਲਝਾਉਂਦਿਆਂ ਕਥਿਤ ਦੋਸ਼ੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਪੁਲਿਸ ਨੇ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੀ ਗਈ ਨਾਈ ਦੀ ਕੈਂਚੀ ਮ੍ਰਿਤਕ ਦਾ ਮੋਬਾਈਲ ਫੋਨ ਅਤੇ ਸਿਮ ਕਾਰਡ ਬਰਾਮਦ ਕਰ ਲਿਆ ਹੈ ਜਾਣਕਾਰੀ ਦਿੰਦਿਆਂ ਪੁਲਿਸ ਕਪਤਾਨ ਆਪਰੇਸ਼ਨ ਪਟਿਆਲਾ ਸੌਰਵ ਜਿੰਦਲ, ਡੀਐਸਪੀ ਪਾਤੜਾਂ ਦਲਜੀਤ ਸਿੰਘ ਵਿਰਕ ਅਤੇ ਥਾਣਾ ਮੁਖੀ ਸ਼ੁਕਰਾਣਾ ਯਸ਼ਪਾਲ ਸ਼ਰਮਾ ਨੇ ਦੱਸਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਦੇ ਦੋਸ਼ਾਂ ਤਹਿਤ ਕਾਬੂ ਕੀਤਾ ਗਿਆ ਕਥਿਤ ਦੋਸ਼ੀ ਅਸ਼ੋਕ ਕੁਮਾਰ ਉਰਫ ਸ਼ੋਕੀ ਪੁੱਤਰ ਮੁਖਤਿਆਰ ਰਾਮ ਵਾਸੀ ਚਿੱਚੜਵਾਲਾ ਪਾਤੜਾਂ ਦੇ ਨਵਾਂ ਬਜਾਰ ਵਿੱਚ ਰੈਡੀਮੇਡ ਕੱਪੜੇ ਦੀ ਦੁਕਾਨ ਉੱਤੇ ਕੰਮ ਕਰਨ ਲਈ ਲੱਗਾ ਹੋਇਆ ਹੈ ਉਹ ਸ਼ਾਮ ਨੂੰ ਰੋਜਾਨਾ ਸ਼ਰਾਬ ਪੀਣ ਦਾ ਆਦੀ ਸੀ ਜੋ ਰੋਜਾਨਾ ਪਿੰਡ ਚਿੱਚੜਵਾਲਾ ਵਿਖੇ ਖਰਕਾਂ ਰੋਡ ਪਰ ਪੈਂਦੇ ਸ਼ਰਾਬ ਦੇ ਠੇਕੇ ਪਰ ਸ਼ਰਾਬ ਪੀਣ ਜਾਂਦਾ ਸੀ ਜਿਥੇ ਮ੍ਰਿਤਕ ਕਰਿੰਦੇ ਅਨੀਕੇਤ ਕੁਮਾਰ ਸਿੰਘ ਪੁੱਤਰ ਸੰਜੇ ਕੁਮਾਰ ਸਿੰਘ ਵਾਸ਼ੀ ਡੰਗਰਾਹਾ ਥਾਣਾ ਮਹਿਸੀ ਜਿਲਾ ਮੋਤੀਹਾਰੀ (ਬਿਹਾਰ) ਉਮਰ ਕਰੀਬ 26 ਸਾਲ ਨਾਲ ਜਾਣ ਪਹਿਚਾਣ ਹੋ ਗਈ ਸੀ ਜਿਸ ਕਾਰਣ ਦੋਸ਼ੀ ਅਸ਼ੋਕ ਨੇ ਅਨਿਕੇਤ ਦੇ ਕਹਿਣ ਤੇ ਉਸ ਨੂੰ ਆਪਣੀ ਦੁਕਾਨ ਤੋਂ 2 ਪੈਂਟਾ ਜੀਨਸ ਅਤੇ ਦੋ ਸ਼ਰਟਾਂ ਆਪਣੇ ਪੈਸਿਆਂ ਦੀਆਂ ਲਿਆ ਕੇ ਦਿੱਤੀਆ ਸਨ ਇਸ ਤੋਂ ਇਲਾਵਾ ਦੋਨਾਂ ਦਾ ਆਪਸ ਵਿੱਚ ਪੈਸਿਆ ਦਾ ਲੈਣ ਦੇਣ ਵੀ ਹੋ ਗਿਆ ਸੀ ਉਹਨਾਂ ਦੱਸਿਆ ਕਿ ਪੁੱਛਗਿਛ ਦੌਰਾਨ ਕਥਿਤ ਦੋਸ਼ੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਉਸਨੇ ਅਨੀਕੇਤ ਕੁਮਾਰ ਸਿੰਘ ਤੋਂ ਕੁੱਲ 3600 ਰੁਪਏ ਲੈਣੇ ਸੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅਸ਼ੋਕ ਮੰਨਿਆ ਹੈ ਕਿ ਉਹ ਮ੍ਰਿਤਕ ਅਨੀਕੇਤ ਤੋ ਉਧਾਰ ਲਏ ਪੈਸੇ ਵਾਪਸ ਮੰਗਦਾ ਸੀ, ਜਿਸ ਕਰਕੇ ਇਹਨਾਂ ਦੋਨਾ ਦੀ 16 ਜਨਵਰੀ ਦੀ ਸ਼ਾਮ ਨੂੰ ਆਪਸ ਵਿੱਚ ਤੂੰ-ਤੂੰ ਮੈਂ ਮੈਂ ਹੀ ਹੋਈ ਸੀ ਜੋ ਇਸੇ ਰੰਜਿਸ ਦੇ ਚੱਲਦੇ ਹੋਏ ਦੋਸ਼ੀ ਅਸ਼ੋਕ ਕੁਮਾਰ ਨੇ 17 ਜਨਵਰੀ ਨੂੰ ਸ਼ਾਮ ਨੂੰ ਵਕਤ ਕਰੀਬ ਸਾਢੇ ਸੱਤ ਵਜੇ ਆਪਣੇ ਕੰਮ ਤੋਂ ਵਾਪਸ ਆ ਕੇ ਪਹਿਲਾ ਪਿੰਡ ਵਿੱਚ ਆਪਣੇ ਘਰ ਦੇ ਸਾਹਮਣੇ ਹੇਅਰ ਡਰੇਸਰ ਦੀ ਦੁਕਾਨ ਤੋਂ ਵਾਲ ਸੈਟ ਕਰਨ ਦੇ ਬਹਾਨੇ ਦੁਕਾਨ ਵਿੱਚ ਵੜ ਕੇ ਨਾਈ ਦੀ ਦੁਕਾਨ ਤੇ ਕਟਿੰਗ ਕੈਂਚੀ ਚੁੱਕ ਕੇ ਆਪਣੀ ਪੇਟ ਦੀ ਜੇਬ ਵਿਚ ਪਾ ਲਈ ਤੇ ਠੇਕੇ ਤੇ ਸ਼ਰਾਬ ਪੀਣ ਲਈ ਚਲਾ ਗਿਆ ਉਥੋਂ ਦਾਰੂ ਪੀਣ ਤੋਂ ਬਾਦ ਤਕਰੀਬਨ 09-00 ਵਜੇ ਰਾਤ ਨੂੰ ਧੁੰਦ ਕਾਫੀ ਜਿਆਦਾ ਸੀ ਰਸਤਾ ਸੁੰਨਸਾਨ ਸੀ ਦੋਸ਼ੀ ਅਸ਼ੋਕ ਕੁਮਾਰ ਦੀ ਦਾਰੂ ਪੀਣ ਤੋ ਬਾਦ ਅਨੀਕੇਤ ਨਾਲ ਪੈਸਿਆ ਸਬੰਧੀ ਬਹਿਸ ਹੋ ਗਈ ਅਤੇ ਦੋਸ਼ੀ ਅਸੋਕ ਕੁਮਾਰ ਉਕਤ ਨੇ ਕਟਿੰਗ ਕੈਂਚੀ ਪਹਿਲਾਂ ਠੇਕੇ ਅੰਦਰ ਅਨੀਕੇਤ ਦੀ ਗਰਦਨ ਤੇ ਮਾਰੀ ਉਸ ਤੋ ਬਾਦ ਵਾਲਾ ਤੋਂ ਫੜ ਕੇ ਘੜੀਸ ਕੇ ਅਨਿਕੇਤ ਨੂੰ ਠੇਕੇ ਦੇ ਪਿੱਛੇ ਲਿਜਾ ਕੇ ਕਈ ਵਾਰ ਦੁਬਾਰਾ ਕੈਂਚੀ ਨਾਲ ਉਸਦੀ ਗਰਦਨ ਤੇ ਕੀਤੇ ਤੇ ਮ੍ਰਿਤਕ ਅਨੀਕੇਤ ਨੂੰ ਮਾਰਨ ਤੇ ਬਾਦ ਉਸਦਾ ਫੋਨ ਚੁੱਕ ਕੇ ਆਪਣੇ ਨਾਲ ਲੈ ਗਿਆ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੀ ਗਈ ਕੈਂਚੀ ਮ੍ਰਿਤਕ ਦਾ ਮੋਬਾਈਲ ਫੋਨ ਅਤੇ ਸਿਮ ਕਾਰਡ ਕਥਿਤ ਦੋਸ਼ੀ ਅਸ਼ੋਕ ਕੁਮਾਰ ਦੇ ਘਰ ਉਸਦੇ ਬੈੱਡ ਵਿੱਚੋਂ ਬਰਾਮਦ ਕਰ ਲਿਆ ਗਿਆ ਹੈ।

ਦਲਿਤਾਂ ਅਤੇ ਬੇਜ਼ਮੀਨੇ ਲੋਕਾਂ ਦੀਆਂ ਮੰਗਾਂ ਸੰਬੰਧੀ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਦਿੱਤਾ ਮੰਗ ਪੱਤਰ

ਸੰਗਰੂਰ 21 ਜਨਵਰੀ (ਅਵਤਾਰ ਛਾਜਲੀ ਜਸਪਾਲ ਸਿੰਘ ਜਿੰਮੀ) 13ਫਰਬਰੀ ਨੂੰ ਐਸ ਡੀ ਐਮ ਦਫਤਰਾਂ ਅੱਗੇ ਧਰਨੇ ਲਾਉਣ ਦਾ ਐਲਾਨ! ਇਸ ਮੌਕੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਅਤੇ ਗੁਰਚਰਨ ਸਿੰਘ ਘਰਾਚੋ ਨੇ ਦੱਸਿਆ ਕਿ ਅੱਜ ਪੰਜਾਬ ਭਰ ਵਿੱਚ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸਾਂਝੇ ਸੱਦੇ ਤਹਿਤ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਗਏ ਹਨ ਇਸੇ ਲੜੀ ਤਹਿਤ ਡਿਪਟੀ ਕਮਿਸ਼ਨਰ ਸੰਗਰੂਰ ਦੇ ਨਾਮ ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ ਨੂੰ ਮੰਗ ਪੱਤਰ ਦਿੰਦਿਆਂ ਭੂਮੀ ਸੁਧਾਰ ਕਾਨੂੰਨ 1972 ਨੂੰ ਲਾਗੂ ਕਰਕੇ ਉਸ ਮੁਤਾਬਿਕ 17-5 ਏਕੜ ਤੋਂ ਉੱਪਰਲੀ ਜ਼ਮੀਨ ਦਲਿਤਾਂ ਅਤੇ ਬੇਜ਼ਮੀਨੇ ਕਿਸਾਨਾਂ ਵਿੱਚ ਵੰਡਣ, ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਹੱਕ ਦੇਣ, ਪੰਚਾਇਤੀ ਜਮੀਨ ਦਾ 33% ਹਿੱਸਾ ਦਲਿਤਾਂ ਨੂੰ ਘੱਟ ਰੇਟ 'ਤੇ ਪੱਕੇ ਤੌਰ ਤੇ ਦੇਣ, ਨਜੂਲ ਸੋਸਾਇਟੀ ਦੀਆਂ ਜਮੀਨਾਂ ਦੇ ਮਾਲਕੀ ਹੱਕ ਦੇਣ ਅਤੇ ਪੇਂਡੂ ਧਨਾਡ ਚੌਧਰੀਆਂ ਦੇ ਨਜਾਇਜ਼ ਕਬਜ਼ੇ ਹਟਾਏ ਜਾਣ, ਲੋੜਵੰਦ ਪਰਿਵਾਰਾਂ ਨੂੰ ਪੰਜ ਪੰਜ ਮਰਲੇ ਪਲਾਟ ਅਤੇ ਉਸਾਰੀ ਲਈ ਪੰਜ ਲੱਖ ਰੁਪਏ ਗ੍ਰਾਂਟ ਜਾਰੀ ਕਰਵਾਉਣ ਸਮੇਤ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਵਿੱਚ ਦਲਿਤਾਂ ਅਤੇ ਬੇਜ਼ਮੀਨਿਆਂ ਨੂੰ ਮੈਂਬਰ ਬਣਾ ਕੇ ਮਿਲਦੀਆਂ ਸਾਰੀਆਂ ਸਹੂਲਤਾਂ ਦੇਣ ਦੀ ਮੰਗ ਕੀਤੀ ਗਈ ਉਹਨਾਂ ਕਿਹਾ ਕਿ ਦਲਿਤਾਂ ਅਤੇ ਬੇਜ਼ਮੀਨੇ ਲੋਕਾਂ ਵੱਲੋਂ ਜਿੱਥੇ ਅੱਜ ਗੁਰਬਤ ਦੀ ਜ਼ਿੰਦਗੀ ਬਤੀਤ ਕੀਤੀ ਜਾ ਰਹੀ ਹੈ ਉੱਥੇ ਦੂਜੇ ਪਾਸੇ ਵੱਡੇ ਭੂਮੀਪਤੀਆਂ ਕੋਲ ਸੈਂਕੜੇ ਏਕੜ ਜਮੀਨਾਂ ਹਨ ਉਹਨਾਂ ਕਿਹਾ ਕਿ ਜਥੇਬੰਦੀ ਵੱਲੋਂ ਇਸ ਵਿਤਕਰੇ ਖਿਲਾਫ ਆਉਣ ਵਾਲੇ ਦਿਨਾਂ ਵਿੱਚ ਤਿੱਖੀ ਲੜਾਈ ਲੜੀ ਜਾਵੇਗੀ ਅਤੇ ਉਹਨਾਂ ਐਲਾਨ ਕੀਤਾ ਕਿ ਇਹਨਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ 13 ਫਰਵਰੀ ਨੂੰ ਐਸ ਡੀ ਐਮ ਦਫਤਰਾਂ ਅੱਗੇ ਪੰਜਾਬ ਭਰ ਵਿੱਚ ਧਰਨੇ ਮੁਜਾਹਰੇ ਕੀਤੇ ਜਾਣਗੇ ਇਸ ਮੌਕੇ ਉਪਰੋਕਤ ਤੋਂ ਬਿਨਾਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਸ਼ਿੰਗਾਰਾ ਸਿੰਘ ਹੇੜੀਕੇ, ਗੋਰਾ ਖੇੜੀ ਸਤਨਾਮ ਹੇੜੀਕੇ, ਗਗਨਦੀਪ ਸ਼ਾਦੀਹਰੀ ਰਾਮਕਰਨ ਬਟੜੀਆਨਾ ਆਦਿ ਹਾਜਰ ਸਨ।

ਪੰਜਾਬ ਦੀ ਜਾਨਦਾਰ ਵਿਰਾਸਤ ਨੂੰ ਸਮਝਣਾ ਪਵੇਗਾ- ਸਾਨੂੰ ਆਪਣੇ ਇਤਿਹਾਸਕ ਨਾਇਕਾ ਤੋਂ ਪ੍ਰੇਰਿਤ ਵੀ ਹੋਣਾ ਪਵੇਗਾ- ਡਾ.ਕੁਲਦੀਪ ਸਿੰਘ ਦੀਪ ਗਦਰੀ ਬਾਰੇ ਵਿਚਾਰਧਾਰਕ ਮੰਚ ਵਲੋਂ 'ਗਦਰੀ ਬਾਰੇ ਕੌਣ ਸਨ' ਵਿਸ਼ੇ 'ਤੇ ਕਰਵਾਇਆ ਸੈਮੀਨਾਰ

ਖਰੜ, 21 ਜਨਵਰੀ, (ਮਲਕੀਤ ਸਿੰਘ ਸੈਣੀ)- ਗਦਰੀ ਬਾਬੇ ਵਿਚਾਰਧਾਰਕ ਮੰਚ ਖਰੜ ਵਲੋਂ ਸ੍ਰੀ ਗੁਰੂ ਰਵੀਦਾਸ ਭਵਨ ਖਰੜ ਵਿਖੇ 'ਗਦਰੀ ਬਾਬੇ ਕੌਣ ਸਨ' ਸੈਮੀਨਾਰ ਨੂੰ ਸੰਬੋਧਨ ਕਰਦਿਆ ਪ੍ਰਗਤੀਸ਼ੀਲ ਲੇਖਕ ਅਤੇ ਚਿੰਤਕ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਮੌਜੂਦਾ ਸਮੇਂ ਮਨੁੱਖੀ ਬੌਧਿਕ ਵਿਕਾਸ ਦੀਆਂ ਸਮੱਸਿਆਵਾਂ ਬਹੁਤ ਵੱਡੀਆਂ ਹਨ, ਜਿਨ੍ਹਾਂ ਨੂੰ ਸਮਝਣ ਲਈ ਸਾਨੂੰ ਪੰਜਾਬ ਦੀ ਜਾਨਦਾਰ ਵਿਰਾਸਤ ਨੂੰ ਸਮਝਣਾ ਪਵੇਗਾ, ਸਾਨੂੰ ਆਪਣੇ ਇਤਿਹਾਸਕ ਨਾਇਕਾ ਤੋਂ ਪ੍ਰੇਰਿਤ ਵੀ ਹੋਣਾ ਪਵੇਗਾ। ਉਨ੍ਹਾਂ ਆਪਣੇ ਭਾਸ਼ਨ ਵਿਚ ਅੰਗਰੇਜ਼ਾਂ ਵਲੋ ਕੀਤੇ ਕਬਜ਼ੇ, 1857 ਦੇ ਗਦਰ ਦੀ ਗੱਲ ਕੀਤੀ, ਭਾਈ ਮਹਾਰਾਜ ਸਿੰਘ ਜਿਹੇ ਨਾਇਕਾਂ ਦੇ ਬਲੀਦਾਨ, ਕੂਕਾ ਲਹਿਰ ਦੌਰਾਨ ਮਲੇਰਕੋਟਲਾ ਦੀ ਧਰਤੀ ਤੇ ਅੰਗਰੇਜ਼ ਹੁਕਮਰਾਨਾ ਵਲੋਂ 70 ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦੇ ਇਤਿਹਾਸਕ ਸਾਕੇ ਦੀ ਬੱਬਰ ਅਕਾਲੀ ਲਹਿਰ ਦੀ ਅਤੇ 1913 ਵਿਚ ਅਮਰੀਕਾ ਦੀ ਧਰਤੀ ਤੇ ਸਥਾਪਿਤ ਕੀਤੀ ਗਈ ਗਦਰ ਪਾਰਟੀ ਦੀ ਵਿਆਖਿਆ ਕੀਤੀ। ਉਨ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ, ਪੰਡਿਤ ਕਾਂਸ਼ੀ ਰਾਮ ਮੜੌਲੀ, ਦਰਜ਼ਨਾਂ ਗਦਰੀ ਦੇਸ਼ ਭਗਤਾਂ ਨੇ, ਸਾਡੇ ਜੀਵਨ ਵਿਚ ਰੰਗ ਭਰਨ ਲਈ ਆਪਣਾ ਬਲੀਦਾਨ ਦਿੱਤਾ ਸੀ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਸ਼ਹੀਦ ਭਗਤਦ ਸਿੰਘ ਅਤੇ ਉਸਦੇ ਸਾਥੀਆਂ ਨੇ ਆਪਣੀ ਅਹੂਤੀ ਦਿੱਤੀ। ਉਨ੍ਹਾਂ ਇਹ ਦੁੱਖ ਪ੍ਰਗਟ ਕੀਤਾ ਕਿ ਪੰਜਾਬ ਦੀ ਜਵਾਨੀ ਦਾ ਵੱਡਾ ਹਿੱਸਾ ਸ਼ਬਦ ਅਤੇ ਸਮਝ ਤੋਂ ਕੋਰਾ ਰਹਿ ਰਿਹਾ ਹੈ। ਉਹ ਇਤਿਹਾਸ ਤੋਂ ਪ੍ਰੇਰਿਤ ਨਹੀ ਹੋ ਰਿਹਾ ਸਗੋ ਕਾਮਯਾਬੀ ਦੇ ਨੇੜਲੇ ਰਸਤੇ ਵਜੋਂ ਵਿਦੇਸ਼ਾਂ ਵੱਲ ਭੱਜ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਗਵਾਈ ਵਿਚ ਕਿਸਾਨ ਸੰਗਰਾਮ ਵੀ ਇਸੇ ਇਤਿਹਾਸ ਤੋਂ ਪ੍ਰੇਰਿਤ ਸੀ। ਦੇਸ਼ ਭਗਤ ਯਾਦਗਰ ਹਾਲ ਕਮੇਟੀ ਦੇ ਬੁਲਾਰੇ ਅਮਲੋਕ ਸਿੰਘ ਨੇ ਗਦਰ ਲਹਿਰ ਦੀ ਵਿਆਖਿਆ ਕਰਦਿਆ ਦਸਿਆ ਕਿ 1947 ਦੀ ਆਜ਼ਾਦੀ, ਗਦਰੀ ਬਾਬਿਆਂ ਦੇ ਸੁਪਨਿਆਂ ਦੀ ਆਜ਼ਾਦੀ ਨਹੀ ਹੈ, ਗਦਰੀ ਬਾਬੇ, ਸਾਡੇ ਭਗਤ ਸਰਾਭੇ, ਬਰਾਬਰੀ ਅਧਾਰਿਤ ਅਤੇ ਲੁੱਟ ਰਹਿਤ ਸਮਾਜ ਦੀ ਗੱਲ ਕਰਦੇ ਸਨ। ਉਹ ਸਭ ਨੂੰ ਸਮਾਨ ਮੌਕੇ ਮਿਲਣ ਦੀ ਗੱਲ ਕਰਦੇ ਸਨ ਜਦੋ ਕਿ 1947 ਤੋਂ ਬਾਅਦ ਵੀ ਵਿਵਸਥਾ ਨੇ ਅਮਰੀਕ ਗਰੀਬ ਦੇ ਪਾੜੇ ਵਿਚ ਵਾਧਾ ਹੀ ਕੀਤਾ ਹੈ। ਭ੍ਰਿਸ਼ਟਾਚਾਰ, ਬੇਰੁਜ਼ਗਾਰ ਅਤੇ ਬੇਇਨਸਾਫੀ ਵਧੀ ਹੈ , ਦੇਸ਼ ਨੂੰ ਪੁਲਿਸ ਰਾਜ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਸੁਚੇਤ ਕੀਤਾ ਕਿ ਦੇਸ਼ ਦੇ ਹੁਕਮਰਾਨ ਸਾਰੇ ਦੇਸ਼ ਨੂੰ ਹਿੰਦੂਤੱਕ ਦੇ ਰੰਗ ਵਿਚ ਰੰਗਣਾ ਲੋਚਦੇ ਹਨ। ਜੇਕਰ ਉਹ ਆਪਣੇ ਮਕਸਦ ਵਿਚ ਸਫਲ ਹੋ ਜਾਂਦੇ ਹਨ ਤਾਂ ਹਕੂਮਤੀ ਪੰਜ ਹਰੇਕ ਨਿਆਂ ਪਸੰਦ ਦੇ ਗੱਲ ਤੱਕ ਅੱਪੜੇਗਾ। ਪ੍ਰਿਥੀਪਾਲ ਸਿੰਘ ਮਾਘੀ ਮੇੜਾ, ਕਰਨੈਲਸਿੰਘ, ਬਲਵਿੰਦਰ ਸਿੰਘ ਜੰਮੂ, ਸੰਤਵੀਰ, ਗੁਰਦੇਵ ਅਰਨੀਵਾਲਾ, ਸੁਖਵਿੰਦਰ ਸਿੰਘ ਦੁੱਮਣਾ, ਹਰਨਾਮ ਸਿੰਘ ਡੱਲਾ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸੈਮੀਨਾਰ ਵਿਚ ਦਰਜਨਾਂ ਸਰੋਤਿਆ ਨੇ ਆਪੋ ਆਪਣੇ ਸਵਾਲ ਰੱਖੇ ਜਿਨ੍ਹਾਂ ਦੇ ਜਵਾਬ ਆਏ ਅਤੇ ਮਹਿਮਾਨਾਂ ਵਲੋਂ ਦਿੱਧਤੇ ਗਏ। ਇਸ ਮੌਕੇ ਗੁਰਦੀਪ ਸਿੰਘ ਮੋਹਾਲੀ, ਕ੍ਰਿਪਾਲ ਸਿੰਘ ਮੁੰਡੀ ਖਰੜ, ਗੁਰਮੀਤ ਸਿੰਗਲ, ਭੁਪਿੰਦਰ ਸਿੰਘ ਭਾਗੋਮਾਜਰਾ, ਗੁਰਮੀਤ ਸਿੰਘ ਖਰੜ, ਸਤਵਿੰਦਰ ਸਿੰਘ, ਕੇਵਲ ਜੋਸੀ, ਦਲਜੀਤ ਸਿੰਘ ਮੜੌਲੀ, ਅਸ਼ੋਕ ਕੁਮਾਰ ਰੋਪੜ, ਸੁਰਿੰਦਰ ਰਸੂਲਪੁਰੀ ਸਮੇਤ ਹੋਰ ਪੰਤਵੰਤੇ ਸੱਜਣ ਹਾਜ਼ਰ ਸਨ। ਸਟੇਜ ਦੀ ਜਿੰਮੇਵਾਰੀ ਸੰਤਵੀਰ ਅਤੇ ਸੁਖਵਿੰਦਰ ਦੁੱਮਣਾਂ ਵਲੋਂ ਬਾਖੂਬੀ ਨਿਭਾਈ।

ਰਾਮ ਮੰਦਰ ਦੇ ਉਦਘਾਟਨ ਸਮਾਰੋਹ ਸਬੰਧੀ ਸ਼ਹਿਰ ਵਿਚ ਭਾਰੀ ਉਤਸ਼ਾਹ

ਅਮਰਗੜ 21 ਜਨਵਰੀ (ਜੈਦਕਾ) ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਪਰਾਲੇ ਸਦਕਾ 22 ਜਨਵਰੀ ਨੂੰ ਅਯੁਧਿਆ ਵਿਖੇ ਬਣੇ ਨਵੇਂ ਅਲੀਸ਼ਾਨ ਰਾਮ ਮੰਦਰ ਦੀ ਪ੍ਰਾਣ ਪ੍ਰਤਿਸਠਾ ਦੇ ਸਬੰਧ ਵਿਚ ਸ਼ਹਿਰਾਂ ਤੇ ਪਿੰਡਾਂ ਵਿਚ ਖੁਸ਼ੀ ਦਾ ਮਹੌਲ ਹੈ। ਘਰਾਂ ਤੇ ਦੁਕਾਨਾਂ 'ਤੇ ਝੰਡੇ ਲਗਾਏ ਜਾ ਗਏ ਹਨ। ਇਸ ਸਬੰਧੀ ਰਾਮਾ ਕਲੱਬ ਦੇ ਪ੍ਰਧਾਨ ਪ੍ਰਿੰਸ਼ ਜੋਸੀ ਨੇ ਦੱਸਿਆ ਕਿ ਲੋਕਾਂ ਵਿਚ ਰਾਮ ਮੰਦਰ ਸਬੰਧੀ ਬਹੁਤ ਉਤਸ਼ਾਹ ਹੈ। ਹਰ ਘਰ ਤੇ 22 ਜਨਵਰੀ ਨੂੰ ਦੀਪ ਮਾਲਾ ਕੀਤੀ ਜਾਵੇਗੀ। ਦੇਵੀ ਮੰਦਰ ਵਿਚ ਵਿਸ਼ੇਸ਼ ਪ੍ਰੋਗ੍ਰਾਮ ਚੱਲ ਰਹੇ ਹਨ। ਰਾਮ ਭਗਤਾਂ ਵੱਲੋਂ ਸ਼ੋਭਾ ਯਾਤਰਾ ਵੀ ਕੱਢੀ ਜਾਵੇਗੀ। ਇਸ ਸਬੰਧੀ ਪ੍ਰਿੰਸ ਜੋਸੀ, ਪ੍ਰਿੰਸ਼ ਮੋਦੀ, ਸਰਜੀਵਨ ਕੁਮਾਰ ਬਬਲਾ, ਸਰਜੀਵਨ ਕੁਮਾਰ ਭੋਲਾ, ਹੈਪੀ ਜਿੰਦਲ,ਵਿਜੇ ਕੁਮਾਰ ਸ਼ਰਮਾ, ਡਾ ਹਰਜੀਤ ਕੌਸ਼ਲ,ਚੀਨੂੰ ਕੌਸਲ, ਬੀਨੂੰ ਗੋਇਲ, ਗਗਨ ਸਿੰਗਲਾ, ਦੀਪਕ ਜੈਦਕਾ, ਆਸ਼ੂ ਸਿੰਗਲਾ, ਜਤਿੰਦਰ ਸਿੰਘ, ਮਨਜੀਤ ਸਿੰਘ,ਰਾਜੇਸ਼ ਕੁਮਾਰ ਦੁੱਗਲ,ਰਿੰਪੀ ਸਿੰਗਲਾ, ਸ਼ੈਕੀ ਸਿੰਗਲਾ, ਮਨਪ੍ਰੀਤ ਗੋਇਲ,ਮਨੀਸ਼ ਗੋਇਲ, ਸੋਰਵ ਜੈਨ ਆਦਿ ਨੇ ਖੁਸ਼ੀ ਦਾ ਇਜਹਾਰ ਕਰਦਿਆਂ ਕਿਹਾ ਕਿ 22 ਜਨਵਰੀ ਨੂੰ ਦੀਵਾਲੀ ਵਰਗਾ ਮਹੌਲ ਹੋਵੇਗਾ। ਭਗਤਾਂ ਵੱਲੋਂ ਜਿਥੇ ਦੀਪਮਾਲਾ ਕੀਤੀ ਜਾਵੇਗੀ ਉੱਥੇ ਹੀ ਪਟਾਕੇ ਚਲਾਏ ਜਾਣਗੇ ਤੇ ਮਠਿਆਈਆਂ ਵੀ ਵੰਡੀਆਂ ਜਾਣਗੀਆਂ।

ਸੰਗਤਾਂ ਦੇ ਵਿੱਚ ਹੀ ਹੈ ਹਮੇਸ਼ਾ ਪਰਮਾਤਮਾ ਵਸਦਾ- ਕੁਲਵੰਤ ਸਿੰਘ

ਚੰਡੀਗੜ੍ਹ, 21 ਜਨਵਰੀ, (ਰਾਜ ਕੁਮਾਰ ਵਰਮਾ)- ਸ੍ਰੀ ਬਦਰੀ ਨਾਰਾਇਣ ਵੈਲਫੇਅਰ ਕਮੇਟੀ ਅਤੇ ਸ਼੍ਰੀ ਬਦਰੀਨਾਰਾਇਣ ਮਹਿਲਾ ਮੰਡਲ ਦੀ ਤਰਫੋਂ ਰਾਮ ਦਰਬਾਰ ਮੂਰਤੀ ਸਥਾਪਨਾ ਦੇ ਸ਼ੁਭ ਅਵਸਰ ਦੇ ਸਬੰਧ ਵਿੱਚ ਸ਼੍ਰੀ ਰਾਮ ਕਥਾ ਦਾ ਆਯੋਜਨ 11 ਜਨਵਰੀ ਤੋਂ 22 ਜਨਵਰੀ ਤੱਕ ਕੀਤਾ ਜਾ ਰਿਹਾ ਹੈ, ਸ੍ਰੀ ਰਾਮ ਕਥਾ ਦੇ ਧਾਰਮਿਕ ਸਮਾਗਮ ਦੇ ਦੌਰਾਨ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਸੈਕਟਰ 78 ਸੁਹਾਣਾ ਵਿਖੇ ਸਥਿਤ ਮੰਦਿਰ ਵਿੱਚ ਹਾਜ਼ਰੀ ਭਰੀ ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਅਸੀਂ ਸਾਰੇ ਹੀ ਬੜੇ ਭਾਗਾਂ ਵਾਲੇ ਹਾਂ ਕਿ ਜਿਨ੍ਹਾਂ ਨੇ ਸ੍ਰੀ ਰਾਮ ਚੰਦਰ ਜੀ ਦਾ ਅਯੋਧਿਆ ਵਿਖੇ ਬਣਿਆ ਮੰਦਰ ਆਪਣੇ ਸਾਹਮਣੇ ਬਣਦਾ ਦੇਖਿਆ ਅਤੇ ਰਾਮ ਲਲਾ ਦੀ ਪ੍ਰਾਣ ਪ੍ਰਤਿਸ਼ਠਾ ਹੋ ਰਹੀ ਹੈ ਅਤੇ 22 ਤਰੀਕ ਨੂੰ ਪੂਰੇ ਪੰਜਾਬ ਨਹੀਂ ਸਗੋਂ ਦੇਸ਼ ਵਿੱਚ ਖੁਸ਼ੀ ਭਰਿਆ ਮਾਹੌਲ ਹੈ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਲੋਕ ਪੱਖੀ ਸਕੀਮਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ ਅਤੇ ਲੋਕਾਂ ਦੀਆਂ ਰੋਜ਼ ਮਰਰਾ ਦੀਆਂ ਮੁਸ਼ਕਿਲਾਂ ਅਤੇ ਪੈਂਡਿੰਗ ਪਏ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਰਿਹਾ ਹੈ ਇਸ ਮੌਕੇ ਤੇ ਕੁਲਦੀਪ ਸਿੰਘ ਸਮਾਣਾ, ਨਰੇਸ਼ ਸ਼ਰਮਾ,ਸੁਰੇਸ਼ ਗਰਗ, ਰਾਕੇਸ਼ ਗਰਗ, ਸਤਿਆ ਨਾਰਾਇਣ ਸ਼ਰਮਾ, ਸ਼ਿਵਚਰਨ ਸ਼ਰਮਾ, ਵਿਪਨ ਕੌਸ਼ਿਕ, ਆਰ.ਪੀ ਸ਼ਰਮਾ, ਡਾਕਟਰ ਕੁਲਦੀਪ ਸਿੰਘ ਸੈਣੀ , ਜਸਪਾਲ ਮਟੌਰ, ਨੰਬਰਦਾਰ ਹਰਸੰਗਤ ਸਿੰਘ ਸੁਹਾਣਾ, ਸੁਸ਼ੀਲ ਅਤਰੀ, ਸੌਰਵ ਸ਼ਰਮਾ, ਅਵਤਾਰ ਸਿੰਘ ਝਾਂਮਪੁਰ, ਰਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸ੍ਰੀ ਰਾਮ ਭਗਤ ਹਾਜ਼ਿਰ ਸਨ।

ਐਸ.ਜੀ.ਪੀ.ਸੀ ਚੋਣਾਂ ਸਬੰਧੀ ਵੋਟਰਾਂ ਦੀ ਰਜਿਸਟ੍ਰੇਸ਼ਨ ਵਧਾਉਣ ਲਈ ਆਯੋਜਿਤ ਦੋ ਰੋਜ਼ਾ ਵਿਸ਼ੇਸ਼ ਕੈਂਪਾਂ ਨੂੰ ਭਰਵਾਂ ਹੁੰਗਾਰਾ ਮਿਲਿਆ : ਡਿਪਟੀ ਕਮਿਸ਼ਨਰ

ਸੰਗਰੂਰ, 21 ਜਨਵਰੀ, (ਅਵਤਾਰ ਛਾਜਲੀ ਜਸਪਾਲ ਸਿੰਘ ਜਿੰਮੀ)- ਜ਼ਿਲ੍ਹਾ ਸੰਗਰੂਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਵੋਟਰਾਂ ਦੀ ਰਜਿਸਟ੍ਰੇਸ਼ਨ ਵਧਾਉਣ ਲਈਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਤਹਿਤ ਦੋ ਰੋਜ਼ਾ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਗਏ ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਇਨ੍ਹਾਂ ਕੈਂਪਾਂ ਦੌਰਾਨ ਰਿਵਾਇਜਿੰਗ ਅਥਾਰਟੀਆਂ ਦੇ ਅਮਲੇ ਨੇ ਯੋਗ ਵੋਟਰਾਂ ਦੇ ਫਾਰਮ ਭਰਨ ਵਿੱਚ ਸਹਾਇਤਾ ਕੀਤੀ ਅਤੇ ਵੋਟ ਬਣਵਾਉਣ ਦੇ ਨਿਯਮਾਂ ਬਾਰੇ ਜਾਗਰੂਕ ਕੀਤਾ ਵੱਖ-ਵੱਖ ਗੁਰਦੁਆਰਾ ਚੋਣ ਹਲਕਿਆਂ ਵਿੱਚ ਰਿਵਾਇਜਿੰਗ ਅਥਾਰਟੀ-ਕਮ-ਉਪ ਮੰਡਲ ਮੈਜਿਸਟਰੇਟ ਵੱਲੋਂ ਵਿਸ਼ੇਸ਼ ਕੈਂਪਾਂ ਦਾ ਜਾਇਜ਼ਾ ਲਿਆ ਗਿਆ ਅਤੇ ਕਰਮਚਾਰੀਆਂ ਨੂੰ 29 ਫਰਵਰੀ ਤੱਕ ਨਿਰੰਤਰ ਵੋਟਰ ਰਜਿਸਟ੍ਰੇਸ਼ਨ ਲਈ ਜਾਗਰੂਕਤਾ ਮੁਹਿੰਮ ਚਲਾਉਣ ਲਈ ਪ੍ਰੇਰਿਤ ਕੀਤਾ ਗਿਆ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸਮੂਹ ਬੂਥ ਲੈਵਲ ਅਫਸਰਾਂ ਨੂੰ ਇਨ੍ਹਾਂ ਚੋਣਾਂ ਸਬੰਧੀ ਲੋਕਾਂ ਨੂੰ ਘਰ ਘਰ ਜਾ ਕੇ ਜਾਗਰੂਕ ਕਰਨ ਦੀ ਹਦਾਇਤ ਕੀਤੀ ਗਈ ਸੀ ਤਾਂ ਜੋ ਕੋਈ ਵੀ ਯੋਗ ਵਿਅਕਤੀ ਇਹ ਵੋਟ ਬਣਵਾਉਣ ਤੋਂ ਵਾਂਝਾ ਨਾ ਰਹੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੋਈ ਵੀ ਯੋਗ ਵਿਅਕਤੀ ਗੁਰਦੁਆਰਾ ਚੋਣ ਹਲਕਾ 41-ਮੂਣਕ ਲਈ ਉਪ ਮੰਡਲ ਮੈਜਿਸਟਰੇਟ ਮੂਣਕ, ਗੁਰਦੁਆਰਾ ਚੋਣ ਹਲਕਾ 42-ਸੁਨਾਮ ਲਈ ਉਪ ਮੰਡਲ ਮੈਜਿਸਟਰੇਟ ਸੁਨਾਮ, ਗੁਰਦੁਆਰਾ ਚੋਣ ਹਲਕਾ 43-ਲੌਂਗੋਵਾਲ ਲਈ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਸੰਗਰੂਰ, ਗੁਰਦੁਆਰਾ ਚੋਣ ਹਲਕਾ 47-ਧੂਰੀ ਲਈ ਉਪ ਮੰਡਲ ਮੈਜਿਸਟਰੇਟ ਧੂਰੀ, ਗੁਰਦੁਆਰਾ ਚੋਣ ਹਲਕਾ 50-ਸੰਗਰੂਰ ਲਈ ਉਪ ਮੰਡਲ ਮੈਜਿਸਟਰੇਟ ਸੰਗਰੂਰ, ਗੁਰਦੁਆਰਾ ਚੋਣ ਹਲਕਾ 51-ਦਿੜ੍ਹਬਾ ਲਈ ਉਪ ਮੰਡਲ ਮੈਜਿਸਟਰੇਟ ਦਿੜ੍ਹਬਾ ਦੇ ਦਫ਼ਤਰ ਵਿਖੇ ਇਹ ਫਾਰਮ ਭਰ ਕੇ ਜਮ੍ਹਾ ਕਰਵਾ ਸਕਦਾ ਹੈ।

5 ਰੋਜ਼ਾ ਕਬੱਡੀ ਟੂਰਨਾਮੈਂਟ ਵਿੱਚੋਂ ਡੀਏਵੀ ਸਕੂਲ ਫਿਲੌਰ ਦੀ ਟੀਮ ਨੇ ਗੋਲਡ ਮੈਡਲ ਜਿੱਤਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ

ਫਿਲੌਰ, 21 ਜਨਵਰੀ, (ਹੈਰੀ) ਡੀਏਵੀ ਮੈਨੇਜਮੈਂਟ ਵੱਲੋਂ ਡੀਏਵੀ ਬ੍ਰਿਜ ਵਿਹਾਰ ਸਕੂਲ ਗਾਜ਼ੀਆਬਾਦ ਵਿਖੇ ਕਰਵਾਏ ਗਏ 5 ਰੋਜ਼ਾ ਕਬੱਡੀ ਟੂਰਨਾਮੈਂਟ ਵਿੱਚੋਂ ਡੀਏਵੀ ਸਕੂਲ ਫਿਲੌਰ ਦੀ ਟੀਮ ਨੇ ਗੋਲਡ ਮੈਡਲ ਜਿੱਤਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ ਗੋਲਡ ਮੈਡਲ ਜਿੱਤਣ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਵਧਾਇਆ ਦਿੱਤੀਆਂ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਖੇਡਾਂ ਵਿਚ ਵੱਧ ਚੜਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ ਟੀਮ ਦੇ ਕੋਚ ਰਣਜੀਤ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਦੇਸ਼ ਭਰ ਤੋਂ ਡੀਏਵੀ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ, ਜਿਸ ਵਿੱਚ ਡੀਏਵੀ ਸਕੂਲ ਫਿਲੌਰ ਦੀ ਟੀਮ ਨੇ ਮੱਲਾ ਮਾਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ ਇਸ ਮੌਕੇ ਹਰਕਮਲ ਸਿੰਘ ਬੇਗਮਪੁਰ,ਜਗਤਰਾਮ ਭੱਟੀ ਨਗਰ, ਡਾਕਟਰ ਮਨਜੀਤ ਕੁਮਾਰ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਕੁਮਾਰ ਹੰਸ, ਧਰੁਵ, ਨਮਿਤ ਸ਼ਿਵਾਂਗ, ਗੁਰਮੱਖ ਸਿੰਘ, ਦੀਪਾਂਸ਼, ਹਰਮਿੱਤ ਅਤੇ ਹੋਰ ਹਾਜ਼ਰ ਸਨ।

ਸੇਬੀ ਦੇ ਚੇਅਰਮੈਨ ਨੇ ਨਿਵੇਸ਼ਕਾਂ ਲਈ ਕਾਰੋਬਾਰ ਕਰਨ ਵਿੱਚ ਅਸਾਨੀ ਲਈ ਸੀਡੀਐਸਐਲ ਦੀਆਂ ਬਹੁ-ਭਾਸ਼ਾਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ

CDSL Convenient · Dependable · Secure | 25TH YEAR of EMPOWERING ATMANIRBHARTA

ਜਲੰਧਰ, 21 ਜਨਵਰੀ, ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ (ਸੀਡੀਐਸਐਲ), ਏਸ਼ੀਆ ਦੀ ਪਹਿਲੀ ਸੂਚੀਬੱਧ ਡਿਪਾਜ਼ਟਰੀ, ਪੂੰਜੀ ਬਾਜ਼ਾਰਾਂ ਵਿੱਚ ਸ਼ਮੂਲੀਅਤ ਅਤੇ ਪਹੁੰਚਯੋਗਤਾ ਨੂੰ ਵਧਾਉਣ ਲਈ ਆਪਣੀ ਵਚਨਬੱਧਤਾ ਦੇ ਅਨੁਸਾਰ ਦੋ ਵਿਲੱਖਣ ਬਹੁ-ਭਾਸ਼ਾਈ ਪਹਿਲਕਦਮੀਆਂ ਦੀ ਸ਼ੁਰੂਆਤ ਕਰਕੇ ਆਪਣੇ ਸਿਲਵਰ ਜੁਬਲੀ ਸਾਲ ਨੂੰ ਮਨਾਉਂਦੀ ਹੈ ਦਾ ਐਲਾਨ ਕੀਤਾ ਸਿਲਵਰ ਜੁਬਲੀ ਸਮਾਗਮ ਦੇ ਮੌਕੇ 'ਤੇ ਬੋਲਦੇ ਹੋਏ, ਸ਼੍ਰੀ ਨਿਹਾਲ ਵੋਰਾ, ਮੈਨੇਜਿੰਗ ਡਾਇਰੈਕਟਰ ਅਤੇ ਸੀਡੀਐਸਐਲ ਦੇ ਮੁੱਖ ਕਾਰਜਕਾਰੀ, ਨੇ ਕਿਹਾ, ਜਿਵੇਂ ਕਿ ਅਸੀਂ ਆਪਣੀ ਸ਼ਾਨਦਾਰ ਯਾਤਰਾ ਦੇ 25 ਸਾਲਾਂ ਦਾ ਜਸ਼ਨ ਮਨਾ ਰਹੇ ਹਾਂ, ਸੇਬੀ ਦੇ ਚੇਅਰਮੈਨ ਨੂੰ ਸੀਡੀਐਸਐਲ ਦੀ ਇਸ ਮਹੱਤਵਪੂਰਨ ਪਹਿਲਕਦਮੀ ਨੂੰ ਸ਼ੁਰੂ ਕਰਦੇ ਹੋਏ ਦੇਖਣਾ ਬਹੁਤ ਖੁਸ਼ੀ ਵਾਲੀ ਗੱਲ ਹੈ ਸ਼ਾਮਲ ਕਰਨ ਦੇ ਸਾਡੇ ਮੂਲ ਮੁੱਲ ਦੇ ਆਧਾਰ 'ਤੇ, ਇਹ ਨਵੇਂ ਲਾਂਚ ਸਾਡੇ ਲਈ ਮਹੱਤਵਪੂਰਨ ਪ੍ਰਾਪਤੀਆਂ ਹਨ ਹਰੇਕ ਨਿਵੇਸ਼ਕ ਨੂੰ ਬਰਾਬਰ ਸ਼ਕਤੀ ਪ੍ਰਦਾਨ ਕਰਨ ਲਈ ਭਾਵੇਂ ਉਹ ਤਕਨਾਲੋਜੀ ਦਾ ਲਾਭ ਉਠਾ ਕੇ, ਪਲੇਟਫਾਰਮਾਂ ਤੱਕ ਸੁਰੱਖਿਅਤ ਪਹੁੰਚ ਨੂੰ ਮਜ਼ਬੂਤ ਕਰਨ।

ਸੁਖਬੀਰ ਬਾਦਲ ਦੀ ਪੰਜਾਬ ਬਚਾਓ ਯਾਤਰਾ ਲੋਕਾਂ ਦੀ ਜਾਗਰੂਕਤਾ ਵਿੱਚ ਨਵੀਂ ਕ੍ਰਾਂਤੀ ਲਿਆਵੇਗੀ- ਭੁਪਿੰਦਰ ਸਿੰਘ ਭਿੰਦਾ



ਲੁਧਿਆਣਾ, 21 ਜਨਵਰੀ, (ਕੁਲਵਿੰਦਰ ਸਿੰਘ ਸਲੇਮ ਟਾਬਰੀ)- ਭਾਰਤ ਪਾਕਿਸਤਾਨ ਬਾਰਡਰ ਅਟਾਰੀ ਤੋਂ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ 1 ਫਰਵਰੀ ਨੂੰ ਸ਼ੁਰੂ ਕੀਤੀ ਜਾਣ ਵਾਲੀ ਪੰਜਾਬ ਬਚਾਓ ਯਾਤਰਾ ਸੂਬੇ ਦੇ ਲੋਕਾਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗੀ ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਕੀਤਾ ਉਨ੍ਹਾਂ ਕਿਹਾ ਕਿ ਪੰਜਾਬ ਦੀ ਸੱਤਾ ਤੇ ਕਾਬਜ਼ ਆਪ ਸਰਕਾਰ ਦੀ ਮਾੜੀ ਕਾਰੁਜਗਾਰੀ ਦੇ ਚਲਦਿਆਂ ਪੈਦਾ ਹੋਏ ਮਾੜੇ ਹਾਲਾਤਾਂ ਦੇ ਮੱਦੇ ਨਜ਼ਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ ਜਾਣ ਪੰਜਾਬ ਬਚਾਓ ਯਾਤਰਾ ਦੇ ਮੱਦੇਨਜ਼ਰ ਵਰਕਰਾਂ ਦੇ ਵਿੱਚ ਜੋਸ਼ ਅਤੇ ਉਤਸ਼ਾਹ ਨਜ਼ਰ ਆ ਰਿਹਾ ਹੈ ਉਨਾਂ ਕਿਹਾ ਕਿ 2017 ਦੇ ਵਿੱਚ ਸੱਤਾ ਤੇ ਕਾਬਜ਼ ਹੋਈ ਕਾਂਗਰਸ ਸਰਕਾਰ ਨੇ ਸੂਬੇ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਸੀ।

ਹੋਲ ਬਲੱਡ ਸੇਵਾ ਤੋਂ ਕੰਪੋਨੈਂਟ ਬਲੱਡ ਸੇਵਾ ਦੇ ਸਮੇਂ ਤੱਕ ਦਾ ਤਜਰਬਾ ਰੱਖਦੀ ਸੰਸਥਾ ਜਾਗਰੂਕਤਾ ਮਿਸ਼ਾਲ ਬਣੀ -ਡਾ: ਬੱਗਾ

ਨਵਾਂ ਸ਼ਹਿਰ, 21 ਜਨਵਰੀ, (ਚੇਤ ਰਾਮ ਰਤਨ)- ਸਥਾਨਕ ਬੀ.ਡੀ.ਸੀ.ਬਲੱਡ ਸੈਂਟਰ ਦੁਆਰਾ ਸਾਲਾਨਾ ਮੋਟੀਵੇਟਰਜ਼-ਲਾਈਫ ਮੈਂਬਰਜ਼ ਸਮਾਗਮ ਖੂਨਦਾਨ ਭਵਨ ਦੇ ਹਾਲ ਵਿੱਚ ਆਯੋਜਿਤ ਕੀਤਾ ਗਿਆ ਸਮਾਗਮ ਦੀ ਪ੍ਰਧਾਨਗੀ ਸ੍ਰੀ ਸੁਲੱਕਸ਼ਨ ਸਰੀਨ, ਸ੍ਰੀ ਜੀ.ਐਸ.ਤੂਰ, ਸ੍ਰੀ ਪੀ.ਆਰ.ਕਾਲੀਆ, ਸ੍ਰੀ ਜੇ.ਐਸ ਗਿੱਦਾ, ਸ੍ਰੀਮਤੀ ਅੰਜੂ ਸਰੀਨ, ਸ੍ਰੀਮਤੀ ਰਾਜਿੰਦਰ ਕੌਰ ਗਿੱਦਾ ਤੇ ਅਧਾਰਿਤ ਪ੍ਰਧਾਨਗੀ ਮੰਡਲ ਵਲੋਂ ਕੀਤੀ ਗਈ ਇਸ ਸਮਾਗਮ ਵਿੱਚ ਮੈਂਬਰ ਸੰਸਥਾਵਾਂ ਦੇ ਪ੍ਰਤੀਨਿਧ ਪ੍ਰੇਰਕਾਂ ਤੇ ਲਾਈਫ ਮੈਂਬਰਾਂ ਨੇ ਉਤਸ਼ਾਹਜਨਕ ਸ਼ਮੂਲੀਅਤ ਕੀਤੀ ਪ੍ਰਧਾਨ ਵਲੋਂ ਸਵਾਗਤੀ ਸੰਦੇਸ਼ ਉਪ੍ਰੰਤ ਸਾਲ 2023 ਦੀਆਂ ਪ੍ਰਾਪਤੀਆਂ ਹਾਊਸ ਨਾਲ ਸਾਂਝੀਆਂ ਕੀਤੀਆਂ ਗਈਆਂ ਜਿਸ ਅਨੁਸਾਰ ਬੀਤੇ ਸਾਲ ਸਾਲ ਦੌਰਾਨ 77 ਖੂਨਦਾਨ ਕੈਂਪ ਲਗਾਕੇ ਸੰਸਥਾ ਦੇ ਦੁਆਰਾ ਕੁੱਲ ਖੂਨਦਾਨ ਕੈਂਪਾਂ ਦੀ ਗਿਣਤੀ 1718 ਹੋ ਗਈ ਹੈ ਬੀਤੇ ਵਿਤੀ-ਵਰ੍ਹੇ ਦੌਰਾਨ ਲੋੜਵੰਦਾਂ ਨੂੰ ਬਲੱਡ ਸੈਂਟਰ ਤੇ ਲੈਬ: ਟੈਸਟ ਸੇਵਾਵਾਂ ਵਿੱਚ ਚਾਰ ਲੱਖ ਪੰਜਤਾਲੀ ਹਜ਼ਾਰ ਰੁਪਏ ਦੀ ਮੱਦਦ ਕੀਤੀ ਗਈ ਬੀਤੇ ਸਾਲ ਮੁਫਤ ਬਲੱਡ ਗਰੁਪਿੰਗ ਦੇ 7 ਕੈਂਪ ਲਗਾਕੇ ਮੁਫ਼ਤ ਬਲੱਡ ਗਰੁਪਿੰਗ ਟੈਸਟ ਕੈਂਪਾਂ ਦੀ ਗਿਣਤੀ 690 ਹੋ ਗਈ ਹੈ ਰਜਿਸਟਰਡ ਥੈਲੇਸੀਮੀਆ ਤੇ ਕਰੋਨਿਕ ਕੇਸਾਂ ਦੀ ਗਿਣਤੀ 110 ਹੋ ਗਈ ਹੈ ਜਿਹਨਾਂ ਨੂੰ ਬੀਤੇ ਵਰ੍ਹੇ ਪਹਿਲ ਦੇ ਅਧਾਰ ਤੇ ਬਗੈਰ ਟੈਸਟ ਫੀਸਾਂ ਤੋਂ 215 ਯੂਨਿਟ ਬਲੱਡ ਜਾਰੀ ਕੀਤੇ ਗਏ ਹਾਊਸ ਨੂੰ ਦੱਸਿਆ ਗਿਆ ਕਿ ਬੀਤੇ ਵਰ੍ਹੇ 10 ਖੂਨਦਾਨੀ ਪ੍ਰੇਰਕਾਂ ਦੇ ਰਜਿਸਟਰਡ ਹੋਣ ਨਾਲ ਐਕਟਿਵ ਪ੍ਰੇਰਕਾਂ ਦੀ ਗਿਣਤੀ 343 ਹੋ ਗਈ ਹੈ ਜਾਣਕਾਰੀ ਸਾਂਝੀ ਕੀਤੀ ਗਈ ਕਿ ਸੰ ਹੋਲ- ਦਿੱ ਤੇ ਈਬਲੱਡ ਟੈਸਟ ਚਾਰਜਿਸ ਰੁ:1500/-ਪ੍ਰਤੀ ਯੂਨਿਟ, ਪਲੇਟਲੈੱਟਸ ਕੰਨਸਟਰੇਟ ਰੁ: 400/- ਪ੍ਰਤੀ ਯੂਨਿਟ, ਫਰੈਸ਼-ਫ੍ਰੋਜ਼ਨ ਪਲਾਜਮਾ ਰੁ: 400/-ਪ੍ਰਤੀ ਯੂਨਿਟ ਅਤੇ ਪਲੇਟਲੈੱਟ ਏ-ਫੈਰੇਸਿਸ ਰੁ: 11500/- ਪ੍ਰਤੀ ਯੂਨਿਟ ਚਾਰਜ ਕੀਤੇ ਜਾਂਦੇ ਹਨ ਸਾਲਾਨਾ ਰਿਪੋਰਟ ਨੂੰ ਤਾੜੀਆਂ ਦੀ ਗੂੰਜ ਵਿੱਚ ਪ੍ਰਵਾਨ ਕੀਤਾ ਗਿਆ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਜੀ.ਐਸ. ਤੂਰ ਨੇ ਖੂਨਦਾਨ ਸੇਵਾ ਦੇ ਸਥਾਨਕ ਇਤਿਹਾਸ ਅਤੇ ਨਵੇਂ ਪ੍ਰੋਜੈਕਟਾਂ ਵਾਰੇ ਜਾਣਕਾਰੀ ਸਾਂਝੀ ਕੀਤੀ ਡਾ: ਅਜੇ ਬੱਗਾ ਨੇ ਹੋਰ ਬਲੱਡ ਤੋਂ ਬਲੱਡ ਕੰਪੋਨੈਂਟ ਸੇਵਾਵਾਂ ਤੱਕ ਦੇ ਸਫ਼ਰ ਤੇ ਮੋਟੀਵੇਟਰ ਸਹਿਯੋਗ ਵਾਰੇ ਅਤੇ ਡਾ: ਦਿਆਲ ਸਰੂਪ ਨੇ ਲੈਬ: ਸੇਵਾਵਾਂ ਵਾਰੇ ਤਕਨੀਕੀ ਜਾਣਕਾਰੀ ਦਿੱਤੀ ਸਮਾਗਮ ਨੂੰ ਸ੍ਰੀ ਜੇ.ਐਸ.ਗਿੱਦਾ ਅਤੇ ਸ੍ਰੀ ਪ੍ਰਵੀਨ ਕੁਮਾਰ ਭਾਟੀਆ ਐਮ.ਸੀ ਨੇ ਵੀ ਸੰਬੋਧਨ ਕੀਤਾ ਇਸ ਮੌਕੇ ਯੁਵਾ ਖੂਨਦਾਨ ਪਸਾਰ ਕਮੇਟੀ ਦੇ ਮੈਂਬਰ ਸ੍ਰੀ ਮਨਮੀਤ ਸਿੰਘ, ਸ੍ਰੀ ਭੁਪਿੰਦਰ ਚੌਂਕੜਾ,ਸ੍ਰੀ ਜਸਵੀਰ ਸਿੰਘ ਬਹਿਲੂਰ ਕਲਾਂ, ਸ੍ਰੀ ਰਾਜਿੰਦਰ ਛੋਕਰ, ਸ੍ਰੀ ਗੁਰਿੰਦਰ ਸਿੰਘ ਸੇਠੀ, ਸ੍ਰੀ ਰਾਜੀਵ ਭਾਰਦਵਾਜ, ਸ੍ਰੀ ਹਿਤੇਂਦਰ ਖੰਨਾ, ਸ੍ਰੀ ਮਲਕੀਅਤ ਸਿੰਘ ਸੜੋਆ, ਸ੍ਰੀ ਮੁਕੇਸ਼ ਕਾਹਮਾ ਦੁਆਰਾ ਕੋਵਿੱਡ ਤੇ ਡੇਂਗੂ ਵਰਗੀ ਨਾ-ਮੁਰਾਦ ਬਿਮਾਰੀ ਦੇ ਔਖੇ ਸਮੇਂ ਵਿੱਚ ਦਿਨ-ਰਾਤ ਲੋੜਵੰਦਾਂ ਦੀ ਕੀਤੀ ਮੱਦਦ ਲਈ ਉਹਨਾਂ ਦੀਆਂ ਸੇਵਾਵਾਂ ਪ੍ਰਤੀ ਪ੍ਰਸੰਸਾ ਪ੍ਰਗਟ ਕੀਤੀ ਗਈ ਉਹਨਾਂ ਨੂੰ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ ਗਈਆਂ। ਪ੍ਰੇਰਕਾਂ ਵਲੋਂ ਸਾਲ 2024-25 ਲਈ ਖੂਨਦਾਨ ਕੈਂਪਾਂ ਲਈ ਲਿਖਤੀ ਤਜਵੀਜਾਂ ਦਿੱਤੀਆਂ ਗਈਆਂ ਮਾ: ਨਰਿੰਦਰ ਸਿੰਘ ਭਾਰਟਾ, ਸ੍ਰੀ ਬਲਵੀਰ ਸਿੰਘ ਥਾਂਦੀ, ਸ੍ਰੀ ਮਹਿੰਦਰਪਾਲ ਬੰਗਾਬੇਟ, ਸ੍ਰੀ ਰਾਜਿੰਦਰ ਛੋਕਰ, ਸ੍ਰੀ ਜਗਤਾਰ ਸਿੰਘ ਜੱਬੋਵਾਲ, ਸ੍ਰੀ ਜਸਵੀਰ ਸਿੰਘ ਬਹਿਲੂਰ ਕਲਾਂ ਵਲੋਂ ਆਏ ਸੁਝਾਅ/ਸ਼ਕਾਇਤਾਂ ਨੂੰ ਸੁਣਿਆ ਗਿਆ ਜਿਹਨਾਂ ਦਾ ਹੱਲ ਕੱਢਣ ਲਈ ਐਗਜੈਕਟਿਵ ਨੂੰ ਅਧਿਕਾਰਤ ਕੀਤਾ ਗਿਆ ਸ੍ਰੀਮਤੀ ਅੰਜੂ ਸਰੀਨ ਅਤੇ ਸ੍ਰੀਮਤੀ ਰਾਜਿੰਦਰ ਕੌਰ ਗਿੱਦਾ ਨੇ ਸੰਸਥਾ ਤਰਫੋਂ ਤਿਆਰ ਵਿਸ਼ੇਸ਼ ਯਾਦਗਾਰੀ ਸਨਮਾਨ ਚਿੰਨ੍ਹ ਤੇ ਕੈਲੰਡਰ ਭੇਟ ਕੀਤੇ ਗਏ ਸ੍ਰੀ ਪੀ.ਆਰ.ਕਾਲੀਆ ਦੁਆਰਾ ਧੰਨਵਾਦੀ ਸ਼ਬਦ ਆਖੇ ਗਏ ਅਤੇ ਸੰਸਥਾ ਵਲੋਂ ਅਗਲੇ ਸਾਲ ਹੋਰ ਵਧੇਰੇ ਪ੍ਰਾਪਤੀਆਂ ਲਈ ਯਤਨਾਂ ਦਾ ਵਾਅਦਾ ਕੀਤਾ ਗਿਆ ਜ਼ਿਕਰਯੋਗ ਹੈ ਕਿ ਰੈਗੂਲਰ ਖੂਨਦਾਨੀ ਅਤੇ ਪ੍ਰੇਰਕ ਸੁਰਿੰਦਰ ਪਾਲ ਮਹੇ, ਚੇਤ ਰਾਮ ਰਤਨ, ਬੂਟਾ ਉਟਾਲ, ਬਲਵੀਰ ਸਿੰਘ ਗੜ੍ਹਪਧਾੜਾ ਆਦਿ ਨੂੰ ਵੀ ਸਨਮਾਨਿਤ ਕੀਤਾ ਗਿਆ।

ਦਲਿਤ ਸੰਗਠਨਾਂ ਵੱਲੋਂ ਕਾਲੇ ਕੱਪੜੇ ਪਾ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ

ਮੋਹਾਲੀ, 21 ਜਨਵਰੀ, (ਗੁਰਵਿੰਦਰ ਸਿੰਘ)- ਐਸਸੀ\ਬੀਸੀ ਮਹਾਂ-ਪੰਚਾਇਤ ਦੇ ਝੰਡੇ ਥੱਲੇ ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਵੱਲੋਂ ਮੁਹਾਲੀ ਵਿੱਚ ਸ਼ੁਰੂ ਕੀਤਾ ਪੱਕਾ ਮੋਰਚਾ 31ਵੇਂ ਦਿਨ ਵਿੱਚ ਦਾਖ਼ਲ ਹੋ ਗਿਆ ਅੱਜ ਵੱਖ-ਵੱਖ ਦਲਿਤ ਸੰਗਠਨਾਂ ਦੇ ਨੁਮਾਇੰਦਿਆਂ ਅਤੇ ਪੱਕੇ ਮੋਰਚੇ ਦੇ ਆਗੂਆਂ ਨੇ ਕਾਲੇ ਕੱਪੜੇ ਪਾ ਕੇ ਫੇਜ਼-7 ਸਥਿਤ ਟਰੈਫ਼ਿਕ ਪੁਆਇੰਟ 'ਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਅਤੇ ਹੁਕਮਰਾਨਾਂ ਨੂੰ ਰੱਜ ਕੇ ਕੋਸਿਆ ਧਰਨਾਕਾਰੀਆਂ ਨੇ ਕੁੱਝ ਸਮੇਂ ਲਈ ਆਵਾਜਾਈ ਬੰਦ ਕਰਕੇ ਚੌਂਕ ਦੇ ਐਨ ਵਿਚਕਾਰ ਮੁੱਖ ਮੰਤਰੀ ਭਗਵੰਤ ਮਾਨ ਦੇ ਝੂਠੇ ਵਾਅਦਿਆਂ ਅਤੇ ਝੂਠੇ ਲਾਰਿਆਂ ਦਾ ਘੜਾ ਕੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਇਸ ਮੌਕੇ ਪੱਕੇ ਮੋਰਚੇ ਦੇ ਆਗੂ ਜਸਵੀਰ ਸਿੰਘ ਪਮਾਲੀ, ਦਲਿਤ ਆਗੂ ਬਲਵਿੰਦਰ ਸਿੰਘ ਕੁੰਭੜਾ, ਅਵਤਾਰ ਸਿੰਘ ਸਹੋਤਾ, ਰੇਸ਼ਮ ਸਿੰਘ ਕਾਹਲੋਂ, ਲਖਵੀਰ ਸਿੰਘ ਵਡਾਲਾ, ਗੁਰਮੁੱਖ ਸਿੰਘ ਢੋਲਣ ਮਾਜਰਾ, ਅਜੈਬ ਸਿੰਘ ਬਠੋਈ ਅਤੇ ਪ੍ਰਵੀਨ ਟਾਂਕ ਨੇ ਕਿਹਾ ਕਿ ਪੰਜਾਬ ਸਰਕਾਰ ਹਰੇਕ ਫਰੰਟ 'ਤੇ ਫੇਲ ਸਾਬਤ ਹੋ ਰਹੀ ਹੈ ਅਤੇ ਝੂਠੇ ਲਾਰੇ ਲਗਾ ਕੇ ਡੰਗ ਟਪਾਇਆ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸਰਕਾਰ ਜਾਅਲੀ ਐਸਸੀ ਸਰਟੀਫਿਕੇਟ ਬਣਾ ਕੇ ਸਰਕਾਰੀ ਨੌਕਰੀਆਂ ਅਤੇ ਹੋਰ ਲਾਭ ਲੈਣ ਵਾਲੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਤੋਂ ਭੱਜ ਰਹੀ ਹੈ ਜਿਸ ਕਾਰਨ ਦਲਿਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਬੁਲਾਰਿਆਂ ਨੇ ਕਿਹਾ ਕਿ ਸਮੇਂ ਦੀਆਂ ਸਰਕਾਰ ਐਸਸੀ\ਬੀਸੀ ਸਮਾਜ ਨੂੰ ਸਿਰਫ਼ ਵੋਟ ਬੈਂਕ ਲਈ ਇਸਤੇਮਾਲ ਕਰਦੀਆਂ ਆ ਰਹੀਆਂ ਹਨ ਪ੍ਰੰਤੂ ਕਿਸੇ ਵੀ ਸਰਕਾਰ ਨੇ ਦਲਿਤਾਂ ਅਤੇ ਪਛੜੇ ਵਰਗਾਂ ਦੀ ਕਦੇ ਸਾਰ ਨਹੀਂ ਲਈ ਬੜੀ ਹੈਰਾਨੀ ਦੀ ਗੱਲ ਹੈ ਕਿ ਹੱਡ ਚੀਰਵੀਂ ਠੰਢ ਵਿੱਚ ਦਲਿਤ ਸੰਗਠਨਾਂ ਦੇ ਮੈਂਬਰ ਮੁਹਾਲੀ ਵਿੱਚ ਇਨਸਾਫ਼ ਪ੍ਰਾਪਤੀ ਲਈ ਪੱਕਾ ਮੋਰਚਾ ਲਗਾ ਕੇ ਬੈਠੇ ਹਨ ਪ੍ਰੰਤੂ ਸਰਕਾਰ ਜਾਂ ਕਿਸੇ ਸਿਆਸੀ ਆਗੂ ਨੇ ਉਨ੍ਹਾਂ ਦੀ ਸਾਰ ਨਹੀਂ ਲਈ ਉਨ੍ਹਾਂ ਐਲਾਨ ਕੀਤਾ ਕਿ ਇਸ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਬੇ-ਜ਼ਮੀਰੇ ਆਗੂਆਂ ਨੂੰ ਆਪਣੇ ਹਲਕਿਆਂ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ ਇਸ ਮੌਕੇ ਚੇਅਰਮੈਨ ਰਘਵੀਰ ਸਿੰਘ ਬਡਾਲਾ, ਬਲਜੀਤ ਸਿੰਘ ਸਲਾਣਾ, ਬਲਜੀਤ ਸਿੰਘ ਕਕਰਾਲੀ, ਅਵਤਾਰ ਸਿੰਘ ਸੈਂਪਲਾ, ਹਰਭਜਨ ਸਿੰਘ ਬਜਹੇੜੀ, ਅਜੀਤ ਸਿੰਘ ਮੁਹਾਲੀ, ਰਿਸ਼ੀ ਰਾਜ, ਤਰਸੇਮ ਚੁੱਬਰ, ਸਿਮਰਨਜੀਤ ਸ਼ੈਂਕੀ, ਪੁਸ਼ਪਿੰਦਰ ਕੁਮਾਰ, ਮੇਜਰ ਸਿੰਘ ਮਾਣਕੀ, ਹਰਕਾਦਾਸ ਜੀ, ਬਲਵਿੰਦਰ ਸਿੰਘ ਮੱਕੜਿਆਂ, ਬਲਵਿੰਦਰ ਗਿੱਲ, ਮਨਜੀਤ ਸਿੰਘ ਮੇਵਾ, ਕਰਮਜੀਤ ਸਿੰਘ, ਮੁਖ਼ਤਿਆਰ ਸਿੰਘ ਕਕਰਾਲਾ, ਸਨੀ ਬਠੋਈ ਹਾਜ਼ਰ ਸਨ।

×ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੇ ਆਗੂ ਅਯੁੱਧਿਆ ਉਦਘਾਟਨੀ ਸਮਾਰੋਹ ਵਿੱਚ ਨਾ ਸ਼ਾਮਿਲ ਹੋਣ ,'ਰਾਮ ਰਾਜ' ਸਥਾਪਿਤ ਕਰਨ ਦੇ ਨਾਹਰੇ ਹੇਠ ਇਸ ਮੁਲਕ ਦੇ ਹੁਕਮਰਾਨ ਹਿੰਦੂ ਰਾਸ਼ਟਰ ਦਾ ਨਿਰਮਾਣ ਕਰਨ ਜਾ ਰਹੇ ਹਨ - ਪਰਮਜੀਤ ਸਿੰਘ ਮੰਡ

ਮੋਗਾ, 21 ਜਨਵਰੀ, (ਲਛਮਣ ਜੀਤ ਸਿੰਘ ਪੁਰਬਾ)- ਸਿੱਖ ਜਥੇਬੰਦੀ ਦਲ ਖ਼ਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖਾਂ ਨੂੰ ਰਾਮ ਮੰਦਿਰ ਦੇ ਉਦਘਾਟਨੀ ਸਮਾਰੋਹ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਦਲ ਖ਼ਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਅਤੇ ਤੇਜਿੰਦਰ ਸਿੰਘ ਦਿਓਲ ਯੂਥ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਧਰਮ ਇਸ ਖ਼ਿੱਤੇ ਦੇ ਮਾਨਤਾ-ਪ੍ਰਾਪਤ ਤੀਜਾ ਪ੍ਰਮੁੱਖ ਧਰਮ ਹੈ ਅਤੇ ਸਿੱਖਾਂ ਵੱਲੋਂ ਮੁਸਲਿਮ ਧਰਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਲੂੰਧਰ ਕੇ ਹਿੰਦੂ ਧਰਮ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋਣਾ ਘਾਤਕ ਹੀ ਨਹੀਂ ਗ਼ੈਰ-ਸਿਧਾਂਤਿਕ ਵੀ ਹੈ ਉਹਨਾਂ ਕਿਹਾ ਕਿ ਬਾਬਰੀ ਮਸਜਿਦ ਨੂੰ ਸ਼ਹੀਦ ਕਰਕੇ ਰਾਮ ਮੰਦਿਰ ਦਾ ਨਿਰਮਾਣ ਕੀਤਾ ਗਿਆ ਹੈ ਉਹਨਾਂ ਅੱਗੇ ਕਿਹਾ ਕਿ ਸਿੱਖ ਲਈ ਦੋਨਾਂ ਧਰਮਾਂ ਵਿਚਾਲੇ ਵਿਵਾਦ ਅਤੇ ਝਗੜੇ ਵਿੱਚ ਧਿਰ ਨਾ ਬਣਨਾ ਹੀ ਕੌਮੀ ਹਿੱਤ ਵਿੱਚ ਹੈ ਉਹਨਾਂ ਅੱਗੇ ਦਲੀਲ ਦੇਂਦਿਆਂ ਕਿਹਾ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਮੁਸਲਮਾਨ ਵੀ ਸਿੱਖਾਂ ਵਾਂਗ ਇਸ ਹਿੰਦੂ-ਭਾਰਤ ਅੰਦਰ ਘੱਟ-ਗਿਣਤੀ ਕੌਮਾਂ ਵਿੱਚ ਸ਼ੁਮਾਰ ਹੁੰਦੇ ਹਨ ਸਾਡੇ ਵਾਂਗ ਹੀ ਉਹ ਪਿਛਲੇ 75 ਸਾਲਾਂ ਤੋਂ ਤਮਾਮ ਸਰਕਾਰਾਂ ਅਤੇ ਬਹੁ-ਗਿਣਤੀ ਦੇ ਜਬਰ-ਜ਼ੁਲਮਾਂ ਦੇ ਸ਼ਿਕਾਰ ਬਣੇ ਹੋਏ ਹਨ ਇੱਕ ਘੱਟ-ਗਿਣਤੀ ਨੂੰ ਦੂਜੀ ਘੱਟ-ਗਿਣਤੀ ਦੇ ਦੁੱਖ-ਦਰਦ ਤੇ ਤਕਲੀਫ ਵਿੱਚ ਸਾਂਝ ਪਾਉਣੀ ਚਾਹੀਦੀ ਨਾ ਕਿ ਉਸ ਦੇ ਜ਼ਖ਼ਮਾਂ 'ਤੇ ਲੂਣ ਛਿੜਕਣਾ ਚਾਹੀਦਾ ਹੈ ਅਤੇ ਸਿੱਖ ਦਾ ਅਯੁੱਧਿਆ ਦੇ ਸਮਾਰੋਹ ਵਿੱਚ ਸ਼ਮੂਲੀਅਤ ਕਰਨਾ, ਮੁਸਲਿਮ ਅਵਾਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣਾ ਹੋਵੇਗਾ ਉਹਨਾਂ ਕਿਹਾ ਕਿ ਗੁਰਦੁਆਰਾ ਕਮੇਟੀਆਂ ਅਤੇ ਅਕਾਲੀ ਦਲਾਂ ਨੂੰ ਇਸ ਸਮਾਰੋਹ ਵਿੱਚ ਸ਼ਾਮਿਲ ਹੋਣ ਤੋ ਰੋਕ ਕੇ ਕੁਰਾਹੇ ਪੈਣ ਤੋ ਬਚਾਉਣਾ ਅਕਾਲ ਤਖ਼ਤ ਦੀ ਜ਼ਿੰਮੇਵਾਰੀ ਇਹ ਮੌਕੇ ਆਗੂਆਂ ਨੇ ਭਾਰਤ ਦੇ ਗਣਤੰਤਰ ਦਿਵਸ ਨੂੰ ਕਾਲਾ ਗਣਤੰਤਰ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ ਉਹਨਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅੰਦਰ ਸੰਵਿਧਾਨ ਦੀ ਵਰਤੋਂ ਤੇ ਦੁਰਵਰਤੋਂ ਕਰਕੇ ਹੁਕਮਰਾਨਾਂ ਵੱਲੋਂ ਘੱਟ-ਗਿਣਤੀਆਂ ਅਤੇ ਸਿੱਖਾਂ ਨਾਲ ਕੀਤੇ ਜਾ ਰਹੇ ਅਨਿਆਂ ਅਤੇ ਅੱਤਿਆਚਾਰਾਂ ਵਿਰੁੱਧ ਦਲ ਖ਼ਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਨੇ ਸਾਂਝੇ ਤੌਰ ਤੇ 26 ਜਨਵਰੀ ਨੂੰ ਮੋਗਾ ਵਿਖੇ ਜ਼ਬਰਦਸਤ ਪ੍ਰਦਰਸ਼ਨ ਕਰਨ ਦਾ ਫੈਸਲਾ ਲਿਆ ਹੈ ਉਹਨਾਂ ਕਿਹਾ ਕਿ ਭਾਰਤ ਅੰਦਰ ਸੰਵਿਧਾਨ ਦੀ ਧਾਰਾਵਾਂ ਦੀ ਕਦੇ ਵਰਤੋਂ ਕਰਕੇ, ਕਦੇ ਦੁਰਵਰਤੋਂ ਕਰਕੇ ਅਤੇ ਕਦੇ ਨਾ ਵਰਤੋਂ ਕਰਕੇ ਭਾਰਤ ਦੇ ਹੁਕਮਰਾਨਾਂ ਅਤੇ ਬੇਲਗਾਮ ਏਜੰਸੀਆਂ (ਡੀਪ ਸਟੇਟ) ਵੱਲੋ ਘੱਟ-ਗਿਣਤੀਆਂ ਦਾ ਘਾਣ ਲਗਾਤਾਰ ਜਾਰੀ ਹੈ ਉਹਨਾਂ ਕਿਹਾ ਕਿ ਸੰਵਿਧਾਨ ਅਤੇ ਕਾਨੂੰਨ ਅੰਦਰ ਬਾਰ-ਬਾਰ ਤਰਮੀਮਾਂ ਕਰਕੇ ਸੁਰੱਖਿਆ ਫੋਰਸਾਂ ਅਤੇ ਪੁਲਿਸ ਨੂੰ ਕਿਸੇ ਥਾਂ ਤੇ ਜਾ ਕੇ ਕਿਸੇ ਨੂੰ ਵੀ ਮਾਰਨ, ਜਬਰੀ ਲਾਪਤਾ ਕਰਨ ਜਾਂ ਲੰਮੇ ਸਮੇਂ ਲਈ ਨਜ਼ਰਬੰਦ ਕਰਨ ਦੀਆਂ ਦਿੱਤੀ ਗਈਆਂ ਬੇਪਨਾਹ ਅਤੇ ਬੇਲਗਾਮ ਤਾਕਤਾਂ ਹੀ ਇਸ ਦੇਸ਼ ਅੰਦਰ ਘੱਟ-ਗਿਣਤੀਆਂ ਤੇ ਹੋ ਰਹੇ ਜ਼ੁਲਮੋ-ਸਿਤਮ ਦੀ ਬੁਨਿਆਦੀ ਜੜ੍ਹ ਹੈ, ਜਿਸ ਦਾ ਅਸੀਂ 26 ਨੂੰ ਸਖ਼ਤ ਵਿਰੋਧ ਦਰਜ ਕਰਾਵਾਂਗੇ ਉਹਨਾਂ ਕਿਹਾ ਕਿ ਭਾਰਤ ਦੇ ਹੁਕਮਰਾਨਾਂ ਵੱਲੋਂ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਗੈਰ-ਨਿਆਇਕ ਤਰੀਕਿਆਂ ਨਾਲ ਕਤਲ ਕਰਨਾ, ਸਿੱਖ ਫਰੀਡਮ ਫਾਈਟਰਾਂ ਨੂੰ ਗੈਂਗਸਟਰਾਂ ਨਾਲ ਰਲਗੱਡ ਕਰਨਾ, ਬੰਦੀ ਸਿੰਘਾਂ ਨੂੰ ਰਿਹਾਅ ਕਰਨ ਤੋਂ ਇਨਕਾਰ ਕਰਨ ਅਤੇ ਉਹਨਾਂ ਕੋਲੋਂ ਈਨ ਮਨਵਾਉਣ ਲਈ ਸ਼ਰਤਾਂ ਰੱਖਣਾ ਅਤੇ ਪੰਜਾਬ, ਕਸ਼ਮੀਰ ਨੂੰ ਸਵੈ-ਨਿਰਣੇ ਦਾ ਹੱਕ ਦੇਣ ਤੋਂ ਮੁਨਕਰ ਹੋਣਾ ਆਦਿ ਮੁੱਦਿਆਂ 'ਤੇ ਮੋਗਾ ਵਿੱਚ ਗੁਰਦੁਆਰਾ ਬੀਬੀ ਕਾਨ੍ਹ ਕੌਰ ਤੋਂ ਪ੍ਰੋਟੈਸਟ ਮਾਰਚ ਕੀਤਾ ਜਾਵੇਗਾ ਜੋ ਬਾਜ਼ਾਰ ਵਿੱਚੋ ਹੁੰਦਾ ਹੋਇਆ ਮੇਨ ਪੁਲ, ਨੇੜੇ ਬੱਸ ਸਟੈਂਡ ਤਕ ਜਾਵੇਗਾ ਜਿਥੇ ਆਗੂ ਕਾਨਫਰੰਸ ਨੂੰ ਸੰਬੋਧਨ ਕਰਨਗੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਰਾਜ ਸਿੰਘ ਖ਼ਾਲਸਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸੁਰਜੀਤ ਸਿੰਘ ਖਾਲਿਸਤਾਨੀ, ਜਗਜੀਤ ਸਿੰਘ ਖੋਸਾ, ਸਾਰਾਜ ਸਿੰਘ ਬ੍ਰਾਹਮਕੇ ਜ਼ਿਲ੍ਹਾ ਪ੍ਰਧਾਨ ਦਲ ਖਾਲਸਾ, ਲਖਵੀਰ ਸਿੰਘ ਆਟਾਰੀ, ਗੁਰਚਰਨ ਸਿੰਘ ਘਰ ਭੁੱਲਰ, ਪ੍ਰੀਤਮ ਸਿੰਘ ਧਰਮੀ ਫੌਜੀ, ਜਗਜੀਤ ਸਿੰਘ ਧਰਮਕੋਟ, ਬਲਬੀਰ ਸਿੰਘ ਬਦਨੀ, ਜਗਜੀਤ ਸਿੰਘ ਸੁਸ਼ਕ, ਬੀਰਇੰਦਰਜੀਤ ਸਿੰਘ, ਸਵਰਨ ਸਿੰਘ ਆਦਿ ਹਾਜ਼ਿਰ ਸਨ।

ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਜਨਵਰੀ ਨੂੰ ਟਰੈਕਟਰ ਪਰੇਡ ਦੀਆਂ ਤਿਆਰੀਆਂ ਮੁਕੰਮਲ - ਜਹਾਂਗੀਰ, ਪੁੰਨਾਂਵਾਲ

ਧੂਰੀ, 21 ਜਨਵਰੀ, (ਹਰਨੇਕ ਸਿੰਘ ਪੇਧਨੀ)- ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਕਿਸਾਨ ਜਥੇਬੰਦੀਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਮਨਵਾਉਣ ਲਈ ਸਮੁੱਚੇ ਭਾਰਤ ਵਿੱਚ ਜ਼ਿਲ੍ਹਾ ਪੱਧਰ ਤੇ ਕਿਸਾਨ ਟਰੈਕਟਰ ਪਰੇਡ 26 ਜਨਵਰੀ ਨੂੰ ਕੀਤੀ ਜਾਵੇਗੀ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਸਰਦਾਰ ਸਰਬਜੀਤ ਸਿੰਘ ਜਹਾਂਗੀਰ ਅਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਸਰਦਾਰ ਨਾਜਮ ਸਿੰਘ ਪੁੰਨਾਂਵਾਲ ਨੇ ਪ੍ਰੈਸ ਨੂੰ ਦੱਸਿਆ ਕਿ ਕਿਸਾਨ ਜਥੇਬੰਦੀਆਂ ਵੱਲੋਂ ਟਰੈਕਟਰ ਪਰੇਡ ਦੀਆਂ ਤਿਆਰੀਆਂ ਮੁਕੰਮਲ ਹਨ ਵੱਡੀ ਗਿਣਤੀ ਵਿੱਚ ਕਿਸਾਨ ਟਰੈਕਟਰ ਪਰੇਡ ਵਿੱਚ ਆਪੋ ਆਪਣੇ ਟਰੈਕਟਰ ਲੈ ਕੇ ਕੇਂਦਰ ਸਰਕਾਰ ਖਿਲਾਫ ਸੜਕਾਂ ਤੇ ਉਤਰਨਗੇ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦਿੱਲੀ ਮੋਰਚੇ ਸਮੇਂ ਮੰਨੀਆਂ ਮੰਗਾਂ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਜਿਵੇਂ ਕਿ ਲਖਮੀਰਪੁਰ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇਣਾ, ਸਮਾਮੀਨਾਥਨ ਕਮੇਟੀ ਮੁਤਾਬਕ ਜਿਣਸਾਂ ਦੇ ਭਾਅ ਨਾ ਦੇਣਾ ਅਤੇ ਬਿਜਲੀ ਸੋਧ ਬਿਲ ਰੱਦ ਕਰਨਾ ਅਤੇ ਹੋਰ ਕਈ ਕਿਸਾਨੀ ਮਸਲਿਆਂ ਤੇ ਸਰਕਾਰ ਨੇ ਚੁੱਪ ਧਾਰੀ ਹੋਈ ਹੈ ਸਰਦਾਰ ਸਰਬਜੀਤ ਸਿੰਘ ਜਹਾਂਗੀਰ ਨੇ ਦੱਸਿਆ ਇਹਨਾ ਮੰਗਾਂ ਤੋਂ ਇਲਾਵਾ ਕਿਸਾਨਾਂ ਦੀਆਂ ਹੋਰ ਮੰਗਾਂ ਵੀ ਜਿਵੇਂ ਕਿ ਭਗਵਾਨਪੁਰਾ ਖੰਡ ਮਿੱਲ ਧੂਰੀ ਨੂੰ ਚਲਾਉਣ ਸਬੰਧੀ ਅਤੇ ਪੋਲਟਰੀ ਉਦਯੋਗ ਨੂੰ ਕਾਰਪੋਰੇਟ ਘਰਾਨਿਆਂ ਨੂੰ ਨਾ ਦੇਣ ਸਬੰਧੀ ਅਤੇ ਕਿਸਾਨਾਂ ਦੇ ਸਿਰ ਚੜ੍ਹੇ ਕਰਜੇ ਨੂੰ ਮਾਫ ਕਰਾਉਣ ਦੇ ਲਈ ਅਤੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ 10 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ ਦੇਣ ਦੀ ਮੰਗ ਵੀ ਕੀਤੀ ਜਾਵੇਗੀ ਇਸ ਮੌਕੇ ਕਿਸਾਨ ਆਗੂਆਂ ਨੇ ਸੰਗਰੂਰ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ 26 ਜਨਵਰੀ ਨੂੰ ਵੱਡੀ ਗਿਣਤੀ ਵਿੱਚ ਕਿਸਾਨ ਸੜਕਾਂ ਤੇ ਉਤਰਨ ਤਾਂ ਜੋ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮਨਵਾਈਆਂ ਜਾ ਸਕਨ।

ਸਤਿਗੁਰੂ ਗੋਪਾਲ ਦਾਸ ਮਹਾਰਾਜ ਜੀ ਦੀ ਬਰਸੀ ਮੌਕੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸਵਾਮੀਆਂ ਨੇ ਕੀਤਾ ਸਤਸੰਗ

ਨੂਰਮਹਿਲ, 21 ਜਨਵਰੀ (ਸੌਰਵ ਕੁਮਾਰ ਉਰਫ ਲਵਲੀ/ਪਾਰਸ ਨਈਅਰ)- ਸਤਿਗੁਰੂ ਗੋਪਾਲ ਦਾਸ ਮਹਾਰਾਜ ਜੀ ਦੀ 12 ਵੀ ਬਰਸੀ ਅੱਜ ਦਰਬਾਰ ਬਾਬਾ ਆਲਮ ਸ਼ਾਹ ਵਾਲਮੀਕਿ ਜੰਜ ਘਰ, ਨਕੋਦਰ ਰੋਡ ਨੂਰਮਹਿਲ ਵਿਖੇ ਸ਼ਰਧਾਪੂਰਵਕ ਮਨਾਈ ਗਈ ਪੰਡਿਤ ਜਸਵੰਤ ਰਾਏ ਕੰਦੋਲਾ ਨੇ ਹਵਨ ਕਰਵਾਇਆ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਤੋਂ ਸਵਾਮੀ ਪ੍ਰੇਮਾਨੰਦ ਅਤੇ ਸਵਾਮੀ ਸੰਗਿਆਮਾਨੰਦ ਨੇ ਪ੍ਰਵਚਨਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਅਤੇ ਪੂਰਨ ਗੁਰੂ ਦੀ ਸ਼ਰਨ ਆ ਕੇ ਪਰਮਾਤਮਾ ਨੂੰ ਪਾਉਣ ਤੇ ਜ਼ੋਰ ਦਿੱਤਾ ਪਹੁੰਚੇ ਸੰਤ ਮਹਾਪੁਰਸ਼ ਬਾਬਾ ਗਿਆਨ ਦਾਸ, ਬਾਬਾ ਗੁਰਕਮਲ ਦਾਸ , ਬਾਬਾ ਜਗਦੀਸ਼ ਆਰਫ ਕੰਦੋਲਾ, ਮਸਤ ਬਾਬਾ ਪਵਨੀ ਸ਼ਾਹ ਜੀ ਨੇ ਸੰਗਤ ਨੂੰ ਆਸ਼ੀਰਵਾਦ ਦਿੱਤਾ ਇਸ ਅਵਸਰ ਤੇ ਚਾਹ ਪਕੌੜੇ ਅਤੇ ਅਤੁੱਟ ਲੰਗਰ ਵਰਤਾਇਆ ਗਿਆ ਇਸ ਮੌਕੇ ਦਰਬਾਰ ਤੇ ਬਲਬੀਰ ਸੌਂਧੀ, ਸੁਭਾਸ਼ ਸੌਂਧੀ, ਹਲਕਾ ਇੰਚਾਰਜ ਨਕੋਦਰ ਕਾਂਗਰਸ ਡਾਕਟਰ ਨਵਜੋਤ ਸਿੰਘ ਦਾਹੀਆ, ਰਾਜਪਾਲ ਸਿੰਘ ਅਟਵਾਲ, ਨੂਰਮਹਿਲ ਨਗਰ ਕੌਂਸਲ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ, ਕੌਂਸਲਰ ਜੰਗ ਬਹਾਦਰ ਕੋਹਲੀ, ਕੌਂਸਲਰ ਨੰਦ ਕਿਸ਼ੋਰ ਗਿੱਲ, ਸਾਬਕਾ ਕੌਂਸਲਰ ਮਨਮੋਹਨ ਸ਼ਰਮਾ, ਕਮਲ ਮੱਟੂ, ਸੋਮ ਮੈਡੀਕਲ ਵਾਲਾ, ਜਿੰਮੀ ਨਾਹਰ, ਜੋਗਿੰਦਰ ਪਾਲ, ਮੰਥਨ ਕਲੇਰ, ਸ਼ਿਵ ਕੁਮਾਰ, ਪਰਵੇਸ਼ ਓਹਰੀ, ਕਾਲਾ ਆਦਿ ਮੌਜੂਦ ਸਨ।

ਹੋਲਾ ਮਹੱਲਾ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਅਧਿਕਾਰੀ ਸੇਵਾ ਦੀ ਭਾਵਨਾ ਨਾਲ ਕੰਮ ਕਰਨ - ਡਿਪਟੀ ਕਮਿਸ਼ਨਰ

ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੇਲਾ ਪ੍ਰਬੰਧਾਂ ਸਬੰਧੀ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਕੀਤੀ ਮੀਟਿੰਗ

ਸ੍ਰੀ ਅਨੰਦਪੁਰ ਸਾਹਿਬ, 21 ਜਨਵਰੀ, (ਜੇਕੇ ਅਨੰਦਪੁਰੀ)- ਹੋਲਾ ਮਹੱਲਾ ਦੀਆਂ ਤਿਆਰੀਆਂ ਦਾ ਜਾਇਜਾ ਲੈਣ ਲਈ ਅੱਜ ਸ੍ਰੀ ਅਨੰਦਪੁਰ ਸਾਹਿਬ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਕਿਹਾ ਹੈ ਕਿ ਸਾਰੇ ਵਿਭਾਗਾ ਦੇ ਅਧਿਕਾਰੀ ਹੋਲਾ ਮਹੱਲਾ ਮੌਕੇ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਦੇਸ਼ ਵਿਦੇਸ ਤੋ ਲੱਖਾਂ ਸੰਗਤਾਂ ਗੁਰੂ ਘਰਾਂ ਵਿੱਚ ਨਤਮਸਤਕ ਹੋਣ ਲਈ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਆਉਦੀਆਂ ਹਨ, ਜਿਨ੍ਹਾਂ ਨੂੰ ਲੋੜੀਦੀਆਂ ਸਹੂਲਤਾਂ ਉਪਲੱਬਧ ਕਰਵਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾਣ ਅੱਜ ਉਪ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਮੀਟਿੰਗ ਹਾਲ ਵਿੱਚ ਹੋਲਾ ਮਹੱਲਾ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੱਖਾਂ ਸ਼ਰਧਾਲੂ ਹੋਲਾ ਮਹੱਲਾ ਮੌਕੇ ਪਵਿੱਤਰ ਤੇ ਇਤਿਹਾਸਕ ਗੁਰਧਾਮਾ ਦੇ ਦਰਸ਼ਨਾ ਲਈ ਇੱਥੇ ਪੁੱਜਦੇ ਹਨ ਜਿਸ ਦੀਆਂ ਤਿਆਰੀਆਂ ਸਬੰਧੀ ਇਹ ਮੀਟਿੰਗ ਕੀਤੀ ਜਾ ਰਹੀ ਹੈ ਉਨ੍ਹਾ ਨੇ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਸਿਹਤ ਸਹੂਲਤਾਂ, ਸ਼ਟਲ ਬੱਸ ਸਰਵਿਸ, ਬੇਬੀ ਫੀਡਿੰਗ ਰੂਮ, ਟਾਇਲਟ ਬਲਾਕ, ਪੀਣ ਵਾਲਾ ਸਾਫ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਪਾਰਕਿੰਗ ਦੇ ਸੁਚਾਰੂ ਪ੍ਰਬੰਧ ਕੀਤੇ ਜਾਣਗੇ ਟ੍ਰੈਫਿਕ ਦੀ ਵਿਵਸਥਾ ਵੀ ਢੁਕਵੇ ਢੰਗ ਨਾਲ ਕੀਤੀ ਜਾਵੇਗੀ ਉਨ੍ਹਾ ਨੇ ਕਿਹਾ ਕਿ ਹੋਲਾ ਮਹੱਲਾ ਦੌਰਾਨ ਸੰਗਤਾਂ ਦੀ ਸਹੂਲਤ ਲਈ ਸਾਰੇ ਵਿਭਾਗਾ ਵੱਲੋਂ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਜਾਵੇ ਉਨ੍ਹਾ ਨੇ ਦੱਸਿਆ ਕਿ ਹੋਲਾ ਮਹੱਲਾ ਦੌਰਾਨ ਨਿਰਵਿਘਨ ਬਿਜਲੀ ਸਪਲਾਈ, ਸੜਕਾਂ ਤੇ ਰੋਸ਼ਨੀ ਦੇ ਪ੍ਰਬੰਧ ਕੀਤੇ ਜਾਣਗੇ ਸਿੰਗਲ ਯੂਜ ਪਲਾਸਟਿਕ ਦੀ ਵਰਤੋ ਰੋਕਣ, ਕੂੜਾ ਪ੍ਰਬੰਧਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਉਨ੍ਹਾ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਤੋ ਉਨ੍ਹਾਂ ਦੀ ਕਾਰਗੁਜਾਰੀ ਜਾਨਣ ਉਪਰੰਤ ਜਰੂਰੀ ਨਿਰਦੇ?ਸ ਜਾਰੀ ਕੀਤੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੁੱਚੇ ਮੇਲਾ ਖੇਤਰ ਨੂੰ ਸੈਕਟਰਾਂ ਵਿੱਚ ਵੰਡਿਆ ਗਿਆ ਹੈ ਸ੍ਰੀ ਅਨੰਦਪੁਰ ਸਾਹਿਬ ਵਿਚ 11 ਸੈਕਟਰ ਅਤੇ ਕੀਰਤਪੁਰ ਸਾਹਿਬ ਵਿੱਚ 3 ਸੈਕਟਰ ਹੋਣਗੇ ਮੇਲੇ ਦੌਰਾਨ ਸਿਵਲ ਅਤੇ ਪੁਲਿਸ ਵਿਭਾਗ ਦਾ ਸਾਂਝਾ ਕੰਟਰੋਲ ਰੂਮ ਪੁਲਿਸ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਇਆ ਜਾਵੇਗਾ ਹਰ ਸੈਕਟਰ ਵਿੱਚ ਸਬ-ਕੰਟਰੋਲ ਰੂਮ ਸਥਾਪਿਤ ਹੋਵੇਗਾ ਜਿੱਥੇ ਆਰਜੀ ਸਿਹਤ ਡਿਸਪੈਂਸਰੀਆਂ ਵਿੱਚ ਸਿਹਤ ਸਹੂਲਤਾਂ 24 ਘੰਟੇ ਰਾਊਂਡ ਦੀ ਕਲਾਕ ਸ਼ਰਧਾਲੂਆਂ ਨੂੰ ਮਿਲਣਗੀਆਂ ਉਨ੍ਹਾਂ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਨੂੰ ਆਉਣ ਵਾਲੀਆਂ ਲਿੰਕ ਸੜਕਾਂ ਤੇ ਮੁੱਖ ਮਾਰਗਾਂ ਦੀ ਮੁਰੰਮਤ ਦਾ ਕੰਮ ਹੋਲਾ ਮਹੱਲਾ ਤੋਂ ਪਹਿਲਾਂ ਮੁਕੰਮਲ ਹੋ ਜਾਵੇਗਾ ਮੇਲਾ ਖੇਤਰ ਵਿੱਚ ਅੰਦਰੂਨੀ ਸੜਕਾਂ, ਗਲੀਆਂ, ਨਾਲੀਆਂ, ਸੀਵਰੇਜ ਅਤੇ ਜਲ ਸਪਲਾਈ ਨਿਰਵਿਘਨ ਸੁਚਾਰੂ ਚਲਦੀ ਰਹੇਗੀ ਉਨ੍ਹਾਂ ਨੇ ਦੱਸਿਆ ਕਿ ਰੈੱਡ ਕਰਾਸ ਵੱਲੋਂ ਵੀ ਐਂਬੂਲੈਂਸਾਂ ਸਥਾਪਿਤ ਕੀਤੀਆਂ ਜਾਣਗੀਆਂ ਆਮ ਸੰਗਤਾਂ ਨੂੰ ਪਲਾਸਟਿਕ ਮੁਕਤ ਹੋਲਾ ਮੁਹੱਲਾ ਮਨਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ਉਨ੍ਹਾਂ ਨੇ ਕਿਹਾ ਕਿ ਮੇਲਾ ਖੇਤਰ ਦੀ ਵਿਆਪਕ ਸਫਾਈ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਲੰਗਰਾਂ ਲਈ ਕਲੋਰੀਨੇਸ਼ਨ ਕੀਤਾ ਪਾਣੀ, ਸੰਗਤਾਂ ਲਈ ਪਾਖਾਨੇ ਅਤੇ ਪੀਣ ਵਾਲਾ ਸਾਫ ਪਾਣੀ ਉਪਲਬਧ ਕਰਵਾਇਆ ਜਾਵੇਗਾ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਧਿਕਾਰੀ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਉਨ੍ਹਾ ਨੇ ਕਿਹਾ ਕਿ ਸੜਕਾਂ ਦੇ ਆਲੇ-ਦੁਆਲੇ ਨਾਜਾਇਜ ਕਬਜੇ ਨਹੀਂ ਹੋਣਗੇ ਪਾਰਕਿੰਗ ਥਾਵਾਂ ਉੱਤੇ ਸਾਰੀਆਂ ਬੁਨਿਆਦੀ ਸਹੂਲਤਾਂ ਉਪਲਬਧ ਹੋਣਗੀਆਂ ਇਸ ਮੌਕੇ ਇਸ ਮੌਕੇ ਸੀਨੀਅਰ ਪੁਲੀਸ ਕਪਤਾਨ ਰੂਪਨਗਰ ਗੁਲਨੀਤ ਸਿੰਘ ਖੁਰਾਣਾ, ਰਾਜਪਾਲ ਸਿੰਘ ਹੁੰਦਲ ਸੁਪਰਡੈਂਟ ਪੁਲਿਸ , ਸਹਾਇਕ ਕਮਿਸ਼ਨਰ (ਜ) ਅਰਵਿੰਦਰਪਾਲ ਸਿੰਘ ਸੋਮਲ, ਐਸ.ਡੀ.ਐਮ. ਸ੍ਰੀ ਚਮਕੌਰ ਸਾਹਿਬ ਸ.ਅਮਰੀਕ ਸਿੰਘ ਸਿੱਧੂ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਬਲਜਿੰਦਰ ਸਿੰਘ ਗਰੇਵਾਲ, ਮੁੱਖ ਖੇਤੀਬਾੜੀ ਅਫਸਰ ਸ. ਗੁਰਬਚਨ ਸਿੰਘ, ਤਹਿਸੀਲਦਾਰ ਸ੍ਰੀ ਅਨੰਦਪੁਰ ਸਾਹਿਬ ਸੰਦੀਪ ਕੁਮਾਰ, ਡੀ.ਐਸ.ਪੀ. ਸ੍ਰੀ ਅਨੰਦਪੁਰ ਸਾਹਿਬ ਸ੍ਰੀ ਅਜੈ ਕੁਮਾਰ, ਜ਼ਿਲ੍ਹਾ ਫੂਡ ਸਪਲਾਈ ਅਫ਼ਸਰ ਸਤਵੀਰ ਸਿੰਘ, ਡੀ.ਐਚ.ਓ. ਡਾ. ਜਗਜੀਤ ਕੌਰ, ਐਸ.ਐਮ.ਓ. ਡਾ. ਚਰਨਜੀਤ ਕੁਮਾਰ, ਐਸ.ਐਚ.ਓ. ਸ੍ਰੀ ਅਨੰਦਪੁਰ ਸਾਹਿਬ ਹਰਕੀਰਤ ਸਿੰਘ, ਬੀ.ਡੀ.ਪੀ.ਓ. ਸ੍ਰੀ ਅੰਨਦਪੁਰ ਸਾਹਿਬ ਇਸ਼ਾਨ ਚੌਧਰੀ, ਬੀ.ਡੀ.ਪੀ.ਓ ਨੂਰਪੁਰ ਬੇਦੀ ਦਰਸ਼ਨ ਸਿੰਘ, ਲੋਕ ਨਿਰਮਾਣ ਵਿਭਾਗ ਤੋਂ ਕਾਰਜ਼ਕਾਰੀ ਇੰਜਨੀਅਰ ਦਵਿੰਦਰ ਮੱਲ, ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਰੂਪਨਗਰ ਪਰਮਵੀਰ ਸਿੰਘ, ਸੀ.ਡੀ.ਪੀ.ਓ. ਨੂਰਪੁਰ ਬੇਦੀ ਰਜਿੰਦਰਪਾਲ ਕੌਰ, ਡਿਪਟੀ ਡੀ.ਐਮ.ਓ. ਸੁਰਿੰਦਰਪਾਲ, ਏ.ਐਫ.ਐਸ.ਓ ਫੂਡ ਸਪਲਾਈ ਕੁਲਜੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ (ਐਲੀ.) ਸ਼ਾਲੂ ਮਹਿਰਾ, ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ, ਐਕਸੀਅਨ ਹਰਜੀਤਪਾਲ ਸਿੰਘ, ਐਸ.ਡੀ.ਓ ਨੰਗਲ ਲਕਸ਼ਦੀਪ, ਬਾਗ਼ਬਾਨੀ ਵਿਭਾਗ ਤੋਂ ਰਜੇਸ਼ ਕੁਮਾਰ, ਡੀ.ਆਈ.ਸੀ. ਬਲਵਿੰਦਰ ਸਿੰਘ, ਜੇ.ਈ. ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਚਰਨ ਸਿੰਘ, ਐਮ.ਸੀ. ਸ੍ਰੀ ਅਨੰਦਪੁਰ ਸਾਹਿਬ ਤੋਂ ਮਦਨ ਲਾਲ, ਐਮ.ਸੀ. ਨੰਗਲ ਤੋਂ ਸੁਪਰਡੰਟ ਖੁਸ਼ਬੀਰ ਸਿੰਘ, ਪਸ਼ੂ ਪਾਲਣ ਅਫ਼ਸਰ ਡਾ. ਮੁਹੰਮਦ ਜਮੀਲ, ਸੀ ਐਸ ਰੂਪਨਗਰ ਰਣਜੀਤ ਸਿੰਘ, ਐਸ ਡੀ ਓ ਵਾਟਰ ਸਪਲਾਈ ਪਰਮਬੀਰ ਸਿੰਘ, ਬੀਪੀਈਓ ਝੱਜ ਜੈਸਮੀਨ ਕੌਰ ਬੇਦੀ, ਲੋਕ ਨਿਰਮਾਣ ਵਿਭਾਗ ਤੋਂ ਜੇ ਈ ਸੁਖਬੀਰ ਸਿੰਘ, ਵਣ ਰੇਂਜ ਅਫ਼ਸਰ ਸ੍ਰੀ ਅਨੰਦਪੁਰ ਸਾਹਿਬ ਸੁਖਬੀਰ ਸਿੰਘ, ਮਾਰਕਫੈੱਡ ਰੋਪੜ ਤੋਂ ਗੁਰਜੀਤ ਸਿੰਘ, ਡਿਪਟੀ ਇੰਸਪੈਕਟਰ ਡੀ.ਡੀ.ਆਈ. ਦਵਿੰਦਰ ਸਿੰਘ, ਮੱਛੀ ਪਾਲਣ ਤੋਂ ਸੰਦੀਪ ਵਸ਼ਿਸ਼ਟ, ਵਿਨੋਦ ਸ਼ਰਮਾ, ਜੀ.ਐਸ.ਆਈ. ਸੁਖਪ੍ਰੀਤ ਸਿੰਘ, ਐਸ.ਡੀ.ਓ. ਨੰਗਲ ਲਾਭਦੀਪ ਸਿੰਘ, ਡੀ. ਆਈ.ਸੀ. ਬਲਿੰਦਰ ਸਿੰਘ, ਸਰਬਜੀਤ ਸਿੰਘ, ਐਕਸਾਈਜ਼ ਇੰਸਪੈਕਟਰ ਜਸਪਾਲ ਸਿੰਘ, ਖਾਲਸਾ ਕਾਲਜ ਤੋਂ ਪ੍ਰੋ. ਸੰਦੀਪ ਕੁਮਾਰ, ਪੰਜਾਬ ਰੋਡਵੇਜ਼ ਤੋਂ ਅਮਿਤ ਅਰੋੜਾ, ਪਨਸਪ ਰੂਪਨਗਰ ਤੋਂ ਭਾਵਨਾ ਕੁਮਾਰੀ, ਬੀ.ਐਸ.ਐਨ.ਐਲ. ਤੋਂ ਪ੍ਰਮੋਦ ਕੌਸ਼ਲ, ਐਨ.ਐੱਚ.ਏ.ਆਈ. ਤੋਂ ਗੁਰਵਿੰਦਰ ਸਿੰਘ ਅਤੇ ਕਰਮਬੀਰ ਸਿੰਘ, ਡੀ.ਡੀ.ਐਫ. ਗਿਰਜਾ ਸ਼ੰਕਰ, ਵਿਰਾਸਤ ਏ ਖਾਲਸਾ ਤੋਂ ਰਾਜੇਸ਼ ਸ਼ਰਮਾ ਅਤੇ ਜੰਗਲਾਤ ਵਿਭਾਗ ਤੋਂ ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

COURT NOTICE

(U/o 5 Rule 20 CPC)
IN THE COURT OF Supreet Kaur
Additional Civil Judge (Senior Division), Kapurthala
M/s Jagatjit Industries Ltd.
Vs.
National Majdoor Ekta Workers Union & ors
CNR No. PBKP02-000323-2022
NEXT DATE- 31-01-2024

PUBLICATION ISSUED TO:
2) Sunil Kumar S/o Jeeva Ram R/o Village Dyalpur District Kapurthala
4) Pardeep Kumar S/o Bandeswari R/o Village Murar P.O. Hamira, District Kapurthala

In above titled case, the defendant(s)/respondent(s)could not be served. It is ordered that defendant(s)/respondent(s)should appear in person or through counsel on **31-01-2024 at 10:00 a.m.** For details logon to **https://highcourtchd.gov.in?trs=district notice&district=**Kapurthala Sd/-
Additional Civil Judge (Senior Division)
Dated, this day of 09-01-2024 Kapurthala

CHANGE OF NAME

I, Nime Nimarta Kaur D/o Angrej Singh Vill. Basarke P.o. Gumanpura Distt. Amritsar have changed my name Nimarta to Nimarta kaur. All Concerned please note.

I, Charnjit Singh S/O Satnam Singh Patti Jaito wal, V.P.O. Pasla, Tehsil Phillaur District Jalandhar-144037, Have changed my name to Charanjit Singh. All Concerned please note.

ਬੇਦਖਲੀ ਰੱਦ

ਮੈਂ, ਮਮਤਾ ਪਤਨੀ ਸੁਵ: ਜਗਦੀਸ਼ ਲਾਲ ਵਾਸੀ ਮਕਾਨ ਨੰਬਰ: ਬੀ-1-691,ਪ੍ਰੇਮ ਨਗਰ, ਸਿਵਲ ਲਾਈਨ ਲੁਧਿਆਣਾ, ਬਿਆਨ ਕਰਦੀ ਹਾਂ ਕਿ ਮੈਂ ਮਿਤੀ 18 ਅਕਤੂਬਰ 2023 ਨੂੰ ਅਖ਼ਬਾਰ ਨਵਾਂ ਜ਼ਮਾਨਾ ਅਤੇ ਅਕਾਲੀ ਪਤ੍ਰਿਕਾ ਰਾਹੀਂ ਆਪਣੇ ਪੁੱਤਰ ਰੋਹਿਤ ਡੰਗ ਅਤੇ ਨੂੰਹ ਡੋਲੀ ਨੂੰ ਬੇਦਖ਼ਲ ਕੀਤਾ ਸੀ,ਪਰ ਹੁਣ ਮੇਰਾ ਪੁੱਤਰ ਰੋਹਿਤ ਡੰਗ ਮੇਰੇ ਕਹਿਣੇ ਕੰਟਰੋਲ ਵਿੱਚ ਹੈ। ਇਸ ਲਈ ਮੈਂ ਹੁਣ ਆਪਣੇ ਪੁੱਤਰ ਰੋਹਿਤ ਡੰਗ ਦੀ ਕੀਤੀ ਬੇਦਖਲੀ ਰੱਦ ਕਰਦੀ ਹਾਂ। ਹੁਣ ਮੇਰਾ ਇਹ ਉਕਤ ਬੇਟਾ ਮੇਰੀ ਸਾਰੀ ਚੱਲ ਵਾ ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ।

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਸੂਚਨਾ

'ਅਕਾਲੀ ਪੱਤ੍ਰਕਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਦੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਐਡੀਟਰ-ਪ੍ਰਿੰਟਰ ਅਤੇ ਪਬਲਿਸ਼ਰ ਬੀਰ ਪਾਲ ਸਿੰਘ ਵੱਲੋਂ ਸਿੱਖ ਨਿਊਜ਼ ਪੇਪਰ ਲਿਮਟਿਡ ਦੀ ਤਰਫੋਂ ਈਸਟ ਪੰਜਾਬ ਪ੍ਰਿੰਟਿੰਗ ਪ੍ਰੈਸ 26 ਚਹਾਰ ਬਾਗ ਜਲੰਧਰ ਤੋਂ ਛਪਵਾ ਕੇ ਅਕਾਲੀ ਪੱਤ੍ਰਕਾ ਪ੍ਰਕਾਸ਼ਤ ਕੀਤਾ। ਮੋਬਾਇਲ 91-9872100035, ਦਫਤਰ-0181-5008586
Email : akalipatrika@gmail.com, bpsingpcs@hotmail.com

Editor Printer and Publisher Bir Pal Singh on behalf of the Sikh News Papers Ltd. Printed from East Punjab Printing Press 26 Chahar Bagh Jalandhar and Published for Office Akali Patrika Mob. 91-9872100035 Office -0181-5008586
Email : akalipatrika@gmail.com, bpsingpcs@hotmail.com

ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਹੋ ਰਹੀ ਪ੍ਰਾਨ ਪ੍ਰਤਿਸ਼ਠਾ ਨੂੰ ਸਮਰਪਿਤ ਮੂਨਕ ਸ਼ਹਿਰ ਵਿੱਚ ਰਾਮ ਭਗਤਾਂ ਵੱਲੋਂ ਸਾਰੇ ਸ਼ਹਿਰ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ

ਮੂਨਕ 21 ਜਨਵਰੀ (ਪ੍ਰਤਾਪ ਸਿੰਘ ਖੁਰਾਣਾ) ਧੰਨ ਧੰਨ ਰਾਜਾ ਜਨਕ ਹੈ ਜਿਨ ਸਿਮਰਨ ਕੀਓ ਬਿਬੇਕ ਏਕ ਘੜੀ ਕੇ ਸਿਮਰਨੇ ਪਾਪੀ ਤਰੇ ਅਨੇਕ ਰਾਜਾ ਦਸ਼ਰਥ ਜੀ ਦੇ ਸਪੁੱਤਰ ਅਤੇ ਰਾਜਾ ਜਨਕ ਜੀ ਦੇ ਦਾਮਾਦ, ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਅਯੋਧਿਆ ਵਿੱਚ 22 ਜਨਵਰੀ ਨੂੰ ਹੋ ਰਹੀ ਪ੍ਰਾਨ ਪ੍ਰਤਿਸ਼ਠਾ ਨੂੰ ਸਮਰਪਿਤ ਅੱਜ ਮੂਨਕ ਸ਼ਹਿਰ ਵਿੱਚ ਰਾਮ ਭਗਤਾਂ ਤੇ ਲੋਕਾਂ ਵੱਲੋਂ ਬਹੁਤ ਭਾਰੀ ਉਤਸਾਹ ਨਾਲ ਸ਼ੋਭਾ ਯਾਤਰਾ ਕੱਢੀ ਗਈ ਜਿਸ ਵਿੱਚ ਹਜ਼ਾਰਾਂ ਬੱਚੇ ਬੱਚੀਆਂ ਬਜ਼ੁਰਗਾਂ ਅਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ ਮੇਨ ਬਾਜ਼ਾਰ ਵਿੱਚ ਬਣੇ ਰਾਮ ਮੰਦਰ ਤੋਂ ਸ਼ੋਭਾ ਯਾਤਰਾ ਸ਼ੁਰੂ ਹੋਈ ਜਿਸ ਵਿੱਚ ਫੌਜੀ ਬੈਂਡ ਸਮੇਤ ਹਜ਼ਾਰਾਂ ਦੀ ਤਾਦਾਦ ਵਿੱਚ ਰਾਮ ਭਗਤ, ਭਗਤਣੀਆਂ ਨੇ ਸ੍ਰੀ ਰਾਮ ਜੀ ਨੂੰ ਸਮਰਪਿਤ ਆਪਣੇ ਚਿਹਰਿਆਂ ਤੇ ਵੀ ਰਾਮ ਸ਼ਬਦ ਉਕਰਾਏ ਹੋਏ ਸਨ ਅਤੇ ਬੋੜੇ ਬੜੇ ਜੋਸ਼ੋ ਖਰੋਸ਼ ਨਾਲ ਜੈ ਸ੍ਰੀ ਰਾਮ ਜੀ ਦੇ ਨਾਹਰਿਆਂ ਦੀ ਗੂੰਜ ਨਾਲ ਸ਼ੋਭਾ ਯਾਤਰਾ ਪੁਰਾਣੇ ਬੱਸ ਸਟੈਂਡ ਕੋਲ ਪੁੱਜੀ ਜਿੱਥੇ ਸਮੁੱਚੇ ਬਾਜ਼ਾਰ ਦੇ ਦੁਕਾਨਦਾਰਾਂ ਨੇ ਸ਼ੋਭਾ ਯਾਤਰਾ ਵਿੱਚਲੀ ਸੰਗਤ ਦੀ ਚਾਹ ਅਤੇ ਪਕੌੜਿਆਂ ਨਾਲ ਖੂਬ ਸੇਵਾ ਕੀਤੀ ਇਸ ਤੋਂ ਅੱਗੇ ਸੋਭਾ ਯਾਤਰਾ ਟੋਹਣਾ ਕੈਂਚੀਆਂ ਤੋਂ ਹੁੰਦੀ ਹੋਈ ਮੰਡੀ ਵਾਲੇ ਪੀਰ ਕੋਲ ਪਹੁੰਚੀ ਜਿੱਥੋਂ ਵਾਪਸ ਹੋ ਕੇ ਸ਼ੋਭਾ ਯਾਤਰਾ ਟੋਹਾਣਾ ਰੋਡ ਤੇ ਸੋਭਾ ਯਾਤਰਾ ਵਿਚਲੀ ਸੰਗਤ ਦੀ ਅਨੇਕ ਪਦਾਰਥਾਂ ਨਾਲ ਸੇਵਾ ਕੀਤੀ ਗਈ ਇਥੋਂ ਵਾਪਸ ਸੋਭਾ ਯਾਤਰਾ, ਥਾਣਾ ਮੂਨਕ ਕੋਲ ਪਹੁੰਚੀ, ਜਿੱਥੇ

ਸੰਗਤਾਂ ਦੀ ਲੱਡੂਆਂ ਅਤੇ ਕੇਸਰ ਯੁਕਤ ਦੁੱਧ ਦੀ ਸੇਵਾ ਕੀਤੀ ਗਈ ਇਸੇ ਤਰ੍ਹਾਂ ਸ਼ੋਭਾ ਯਾਤਰਾ ਗੁਰਦੁਆਰਾ ਸਿੰਘ ਸਭਾ ਕੋਲ ਹੁੰਦੀ ਹੋਈ ਸੈਣੀਆਂ ਦੀ ਥਿਆਈ ਅਤੇ ਡੇਰੇ ਤੋਂ ਉੱਪਰ ਹੁੰਦੀ ਹੋਈ ਪੁਰਾਣੀ ਤਹਿਸੀਲ ਵਾਲੀ ਸੜਕ ਸ਼ਹਿਰ ਦੇ ਵਿੱਚੋਂ ਹੁੰਦੀ ਹੋਈ ਵਾਪਸ ਰਾਮ ਮੰਦਰ ਆ ਕੇ ਸਪੂਰਨ ਹੋਈ ਇੱਥੇ ਇਹ ਵੀ ਦੱਸਣਾ ਬਹੁਤ ਜਰੂਰੀ ਹੈ ਕਿ ਇਸ ਸਾਰੀ ਸ਼ੋਭਾ ਯਾਤਰਾ ਦੇ ਨਾਲ ਥਾਣਾ ਮੂਨਕ ਪੁਲਿਸ ਨੇ ਬੜੀ ਹੀ ਮੁਸਤੈਦੀ ਨਾਲ ਸੇਵਾ ਨਿਭਾਈ ਅਤੇ ਬੜੇ ਸੁਚੱਜੇ ਢੰਗ ਨਾਲ ਟਰੈਫਿਕ ਨੂੰ ਕੰਟਰੋਲ ਕੀਤਾ ਅਤੇ ਸ਼ੋਭਾ ਯਾਤਰਾ ਨਾਲ ਡੀ ਐਸ ਪੀ ਮੂਨਕ ਤਜਿੰਦਰ ਸਿੰਘ ਵੀ ਪੈਦਲ ਨਾਲ਼ ਨਾਲ਼ ਰਹੇ।

ਥਾਂਦੀਆਂ ਸੀਲ ਚੈਰੀਟੇਬਲ ਹਸਪਤਾਲ ਖੋਲ੍ਹਣ ਲਈ ਸਰਕਾਰ ਆਰਥਿਕ ਮਦਦ ਕਰੇ - ਸ਼ਹੀਦ ਭਗਤ ਸਿੰਘ ਵੈਲਫੇਅਰ ਐਂਡ ਕਲਚਰ ਸਭਾ

ਜਲੰਧਰ, 21 ਜਨਵਰੀ, (ਜੇ.ਐੱਸ. ਸੋਢੀ)- ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰ ਨਾਲ ਗੱਲ ਕਰਦਿਆਂ ਅਮਰਜੀਤ ਸਿੰਘ ਕਰਨਾਣਾ ਪ੍ਰਧਾਨ ਸ਼ਹੀਦ ਭਗਤ ਸਿੰਘ ਵੈਲਫੇਅਰ ਐਂਡ ਕਲਚਰ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਚੈਰੀਟੇਬਲ ਹਸਪਤਾਲ ਥਾਂਦੀਆਂ ਵਿਖੇ ਜੋ ਕਿ ਬੈਂਕ ਨੇ ਸੀਲ ਕਰ ਦਿੱਤਾ ਹੈ ਉਸ ਸੰਬੰਧ ਵਿੱਚ ਹਸਪਤਾਲ ਖੋਲਣ ਲਈ ਸਰਕਾਰ ਚੋਣਾਂ ਦੇ ਸਮੇ ਕਈ ਫੰਡ ਦੇ ਦਿੰਦੀ ਹੈ,ਇਸ ਹਸਪਤਾਲ ਨੂੰ ਖੋਲ੍ਹਣ ਵਾਸਤੇ ਸੇਵਾ ਲਈ ਸਰਕਾਰ ਆਰਥਿਕ ਮਦਦ ਕਰੇ ਅਤੇ ਐੱਨ.ਆਰ.ਆਈ. ਵੀਰਾ ਤੇ ਸਮਾਜ ਸੇਵੀ ਸੰਸਥਾ ਮਦਦ ਕਰਨ ਕਿਉਂਕਿ ਗਰੀਬ ਲੋਕਾਂ ਦਾ ਉੱਥੇ ਇਲਾਜ ਹੁੰਦਾ ਹੈ ਤੇ ਉਹਨਾ ਦੀ ਮਦਦ ਵਿੱਚ ਹੁੰਦੀ ਹੈ ਪਿਛਲੇ ਦੋ ਸਾਲਾਂ ਤੋਂ ਤਕਰੀਬਨ ਸ਼ਹੀਦ ਭਗਤ ਸਿੰਘ ਦਾ ਖਟਕੜ ਕਲਾਂ ਮਿਓਜਿਅਮ

ਬੰਦ ਪਿਆ ਹੈ,ਉਸ ਨੂੰ ਖੋਲਿਆ ਜਾਵੇ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਕਿੰਨੀਆਂ ਸਕੀਮਾਂ ਚੱਲ ਰਹੀਆਂ ਹਨ,ਇਸ ਸਬੰਧੀ ਆਰ.ਟੀ.ਆਈ.ਪਾਈਆ ਹੋਇਆ ਹਨ ਦਾ ਕੋਈ ਜਵਾਬ ਨਹੀਂ ਦਿੱਤਾ ਸ਼ਪੱਸ਼ਟ ਕੀਤਾ ਜਾਵੇ।

'ਆਪ' ਤੇ ਕਾਂਗਰਸ ਪਾਰਟੀ ਦੇ ਗੱਠਜੋੜ ਨਾਲ ਜਿੱਤ ਤੈਅ

ਕੁਰਾਲੀ, ਮਾਜਰੀ, 21 ਜਨਵਰੀ (ਡਾ: ਰਣਜੋਧ ਸਿੰਘ)- ਲੰਮੇ ਸਮੇਂ ਤੱਕ ਸਾਂਝ ਬਣਾਕੇ ਰੱਖਣ ਵਾਲੇ ਅਕਾਲੀ ਦਲ ਦਾ ਹੁਣ ਭਵਿੱਖ ਵੀ ਭਾਜਪਾ ਨਾਲ ਹੀ ਹੈ ਬਿਨਾਂ ਗਠਜੋੜ ਦੇ ਹੁਣ ਅਕਾਲੀਆਂ ਦਾ ਗੁਜ਼ਾਰਾ ਮੁਸ਼ਕਲ ਘੜੀ ਵਿੱਚ ਹੈ ਇਨਾ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਨੇ ਪਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ ਜ਼ਿਕਰਯੋਗ ਹੈ ਕਿ ਤਿੰਨ ਵਾਰ ਹਲਕੇ ਦੇ ਵਿਧਾਇਕ ਤੇ ਬੇਅੰਤ ਸਰਕਾਰ ਤੇ ਕੈਪਟਨ ਸਰਕਾਰ ਵਿੱਚ ਵਿੱਚ ਕੈਬਨਿਟ ਮੰਤਰੀ ਰਹਿ ਚੁੱਕੇ ਇਲਾਕੇ ਦੇ ਵਿਕਾਸ ਦੇ ਮਸੀਹਾ ਵਜੋਂ ਜਾਣੇ ਜਾਂਦੇ ਕੰਗ ਹੁਣ ਵੀ ਸਿਆਸਤ ਵਿੱਚ ਸਰਗਰਮੀ ਕਾਇਮ ਦਾਇਮ ਹੈ ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਕੈਪਟਨ ਤੋਂ ਬਾਅਦ ਸਾਬਕਾ ਮੰਤਰੀ ਕੰਗ ਆਪਣੇ ਵਿਰੋਧੀਆਂ ਨੂੰ ਪਛਾੜ ਕੇ 25 ਹਜ਼ਾਰ ਤੋਂ ਵੱਧ ਵੋਟਾਂ ਲੈ ਕੇ ਜਿੱਤਣ ਵਾਲੇ ਕਦਵਾਰ ਨੇਤਾ ਹਨ

ਰਾਜਨੀਤੀ ਦੇ ਉਤਰਾਅ ਚੜ੍ਹਾਅ ਤੋਂ ਚੰਗੀ ਤਰ੍ਹਾਂ ਵਾਕਿਫ਼ ਜਗਮੋਹਣ ਸਿੰਘ ਕੰਗ ਨੇ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਸਮਝੌਤੇ ਦੇ ਸਵਾਲ ਦੇ ਜਵਾਬ ਵਿੱਚ ਵੀ ਆਖਿਆ ਕਿ ਬਿੰਨਾਂ ਗਠਜੋੜ ਦੇ ਹੁਣ ਰਾਜਨੀਤਕ ਪਾਰਟੀਆਂ ਦਾ ਸਤਾ ਵਿੱਚ ਟਿਕੇ ਰਹਿਣਾ ਨਾ ਮੁਮਕਿਨ ਜਾਪਦਾ ਹੈ ਆਮ ਆਦਮੀ ਪਾਰਟੀ ਦੇ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਚੋਣਾਂ ਵਿੱਚ ਟਿਕਟ ਦੇ ਦਾਅਵੇਦਾਰ ਕੰਗ ਨੇ ਆਖਿਆ ਕਿ ਮੇਰੀ 9 ਵਿਧਾਨ ਸਭਾ ਹਲਕਿਆਂ ਵਿੱਚ ਸਾਖ ਹੈ, ਰੂਪਨਗਰ ਤੇ ਨਵਾਂਸ਼ਹਿਰ ਪਲਾਨਿੰਗ ਬੋਰਡ ਦਾ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾ ਚੁਕਿਆਂ ਹਾਂ ਉਨ੍ਹਾਂ ਦਾਅਵੇ ਨਾਲ ਕਿਹਾ ਕਿ ਲੋਕਾਂ ਦੇ ਦੁਖ ਸੁਖ ਵਿਚ ਵਿਚਰਨ ਵਾਲਾ ਨੇਤਾ ਹੀ ਲੋਕ ਦਿਲਾਂ ਤੇ ਲੋਕਾਂ ਦੇ ਹੱਕਾਂ ਹਿਤਾਂ ਦੀ ਬਾਤ ਕਰ ਸਕਦਾ ਹੈ, ਘਰੇ ਬੈਠਕੇ ਤਾਂ ਹਰ ਕੋਈ ਲੀਡਰ ਬਣ ਸਕਦਾ।

ਦੇਵੀਗੜ੍ਹ ਵਿਖੇ ਰਾਮ ਮੰਦਰ ਦੀ ਖੁਸ਼ੀ 'ਚ ਸ਼ੋਭਾ ਯਾਤਰਾ ਕੱਢੀ

ਦੇਵੀਗੜ੍ਹ, 21 ਜਨਵਰੀ, (ਵਿਜੈ ਕੁਮਾਰ ਸ਼ਰਮਾ)- ਅਯੋਧਿਆ ਵਿਖੇ ਬਣੇ ਰਾਮ ਮੰਦਰ ਦੀ ਖੁਸ਼ੀ ਵਿੱਚ ਅੱਜ ਦੇਵੀਗੜ੍ਹ ਤੋਂ ਹਿੰਦੂ ਸੰਗਠਨ ਸੇਵਾ ਦਲ ਵੱਲੋਂ ਸ਼ੋਭਾ ਯਾਤਰਾ ਕੱਢੀ ਗਈ ਜਾਣਕਾਰੀ ਦਿੰਦਿਆਂ ਧਰਮਪਾਲ ਸ਼ਰਮਾ ਨੇ ਦੱਸਿਆ ਕਿ ਇਹ ਸ਼ੋਭਾ ਯਾਤਰਾ ਦੇਵੀਗੜ੍ਹ ਤੋਂ ਹੁੰਦੀ ਹੋਈ ਪਿੰਡ ਘੜਾਮ ਦੇ ਬਾਬਾ ਸ਼ੰਕਰ ਗਿਰ ਔਲੀਆ ਦੇ ਮੰਦਰ ਵਿਖੇ ਸਮਾਪਤ ਹੋਈ ਇਸ ਮੌਕੇ ਜਸਪਾਲ ਸਿੰਘ ਗਗਰੌਲੀ, ਪ੍ਰਹਿਲਾਦ ਭਸਮੜਾ, ਅਮਿਤ ਸ਼ਰਮਾ, ਰਾਮੇਸ਼ ਲਾਂਬਾ, ਜਤਿੰਦਰ ਕੋਹਲੀ, ਐਡਵੋਕੇਟ ਨਿਸ਼ਾ ਰਿਸ਼ੀ, ਸੁਰਜੀਤ ਮਹਿਤਾ, ਆਦਿ ਹਾਜ਼ਰ ਸਨ।

ਖ਼ਾਲਸਾ ਸਕੂਲ ਵਿੱਚ ਐਨਸੀਸੀ ਦੇ 'ਏ' ਸਰਟੀਫਿਕੇਟ ਦੀ ਪ੍ਰੀਖਿਆ ਹੋਈ

ਸ੍ਰੀ ਅਨੰਦਪੁਰ ਸਾਹਿਬ, 21 ਜਨਵਰੀ, (ਜੇਕੇ ਅਨੰਦਪੁਰੀ)- ਕਰਨਲ ਟੀ ਵਾਈ ਐਸ ਬੇਦੀ ਦੇ ਦਿਸ਼ਾ ਨਿਰਦੇਸ਼ ਤਹਿਤ ਅਤੇ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਦੀ ਅਗਵਾਈ ਵਿੱਚ ਸਥਾਨਕ ਐਸ ਜੀ ਐਸ ਖਾਲਸਾ ਸੀ ਸੈ ਸਕੂਲ਼ ਵਿੱਚ ਐਨਸੀਸੀ ਕੈਡਿਟਾਂ ਦੇ 'ਏ' ਸਰਟੀਫਿਕੇਟ ਦੀ ਪ੍ਰੀਖਿਆ ਲਈ ਗਈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੀਖਿਆ ਕੇਂਦਰ ਦੇ ਇੰਚਾਰਜ ਚੀਫ਼ ਅਫ਼ਸਰ ਰਣਜੀਤ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਪੰਜ ਸਕੂਲਾਂ ਦੇ ਕੈਡਿਟ ਸ਼ਾਮਿਲ ਹੋਏ ਵਿਦਿਆਰਥੀਆਂ ਦੇ ਐਡਮਿਟ ਕਾਰਡ ਚੈੱਕ ਕਰਨ ਤੋਂ ਬਾਦ ਲਿਖਤੀ ਪ੍ਰੀਖਿਆ ਲਈ ਗਈ ਉਸ ਤੋਂ ਉਪਰੰਤ ਕੈਡਿਟਾਂ ਦੀ ਡਰਿੱਲ, ਫੀਲਡ ਕਰਾਫ਼ਟ/ ਬੈਟਲ ਕਰਾਫ਼ਟ , ਨਕਸ਼ਾ ਪੜਨਾਂ, ਹਥਿਆਰਾਂ ਦੀ ਜਾਣਕਾਰੀ ਅਤੇ ਗੱਲਬਾਤ ਕਰਨ ਦੇ ਤਰੀਕਿਆਂ ਸਬੰਧੀ ਪ੍ਰਯੋਗੀ ਪ੍ਰੀਖਿਆ ਲਈ ਗਈ ਇਸ ਪ੍ਰੀਖਿਆ ਵਿੱਚ ਐਸ ਜੀ ਐਸ ਖਾਲਸਾ ਸੀ ਸੈ ਸਕੂਲ ਦੇ 40 ਕੈਡਿਟ, ਫ਼ਰਟੀਲਾਈਜ਼ਰ ਸੀ ਸੈ ਸਕੂਲ ਨਯਾ ਨੰਗਲ ਦੇ 29 ਕੈਡਿਟ, ਸਸਸਸ ਨੂਰਪੁਰ ਬੇਦੀ ਦੇ 32 ਕੈਡਿਟ, ਸ੍ਰੀ ਦਸ਼ਮੇਸ਼ ਅਕੈਡਮੀਂ ਦੇ 33 ਅਤੇ ਭਾਈ ਨੰਦ ਲਾਲ ਸਕੂਲ ਦੇ 25 ਕੈਡਿਟ ਹਾਜਰ ਹੋਏ ਇਸ ਮੌਕੇ ਉੱਤੇ ਸੂਬੇਦਾਰ ਰਣਜੀਤ ਕੁਮਾਰ ਵੱਲੋਂ ਪ੍ਰੀਖਿਆ ਨੂੰ ਸੁਚਾਰੂ ਰੂਪ ਨਾਲ ਨੇਪਰੇ ਚੜਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਇਸ ਮੌਕੇ ਉੱਤੇ ਐਨਸੀਸੀ ਅਫ਼ਸਰ ਬਲਰਾਜ ਸਿੰਘ,ਐਨਸੀਸੀ ਅਫ਼ਸਰ ਬਰਜਿੰਦਰ ਸਿੰਘ, ਐਨਸੀਸੀ ਅਫ਼ਸਰ ਸਰਬਜੀਤ ਸਿੰਘ, ਕੇਅਰ ਟੇਕਰ ਰੋਹਿਤ ਕੁਮਾਰ, ਹੌਲਦਾਰ ਗਿਰੀਸ਼ ਕੁਮਾਰ ਅਤੇ ਹੌਲਦਾਰ ਨਰੇਸ਼ ਚੌਧਰੀ ਸਮੇਤ ਵੱਡੀ ਗਿਣਤੀ ਵਿੱਚ ਕੈਡਿਟ ਹਾਜਰ ਸਨ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਮੀਟਿੰਗ ਹੋਈ

ਸੁਨਾਮ ਊਧਮ ਸਿੰਘ ਵਾਲਾ, 21 ਜਨਵਰੀ, (ਮਨਜੀਤ ਕੌਰ ਛਾਜਲੀ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਦੀ ਮੀਟਿੰਗ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਨੇੜਲੇ ਪਿੰਡ ਚੱਠੇ ਨਨਹੇੜ੍ਹਾ ਵਿੱਚ ਹੋਈ ਮੀਟਿੰਗ ਵਿੱਚ ਕਿਸਾਨੀ ਮੰਗਾਂ ਨੂੰ ਲੈ ਕੇ 22 ਤੋਂ 26 ਜਨਵਰੀ ਤੱਕ ਜ਼ਿਲ੍ਹਾ ਹੈੱਡਕੁਆਰਟਰ ਸੰਗਰੂਰ 'ਚ ਪੱਕਾ ਮੋਰਚਾ ਲਾਉਣ ਦੀਆਂ ਤਿਆਰੀਆਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਨੇ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਦਾ ਕੁਲ ਕਰਜ਼ਾ ਮੁਆਫ਼ ਕਰਨ, ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਦਾ ਕਰਨ ਤੋਂ ਇਲਾਵਾ ਹੋਰ ਵੀ ਖੇਤੀ ਨਾਲ ਸਬੰਧਤ ਮੰਗਾਂ ਹਨ ਜਿਨ੍ਹਾਂ ਨੂੰ ਲੈ ਕੇ ਜਥੇਬੰਦੀ ਵੱਡੀ ਲਾਮਬੰਦੀ ਕਰ ਰਹੀ ਹੈ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਧਰਨਿਆਂ ਲਈ ਸੁਨਾਮ ਬਲਾਕ ਦੇ ਪਿੰਡਾਂ 'ਚ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਜਿਸ ਤਹਿਤ ਵੱਡੇ ਪੱਧਰ 'ਤੇ ਕਿਸਾਨ, ਬੀਬੀਆਂ, ਨੌਜਵਾਨ, ਮਜ਼ਦੂਰ ਜ਼ਿਲ੍ਹਾ ਹੈਡਕੁਆਰਟਰ ਅੱਗੇ ਦਿਨ ਰਾਤ ਦੇ ਪੱਕੇ ਮੋਰਚੇ ਲਈ ਆਪੋ ਆਪਣੇ ਸਾਧਨ ਲੈ ਕੇ ਸ਼ਾਮਿਲ ਹੋਣਗੇ ਇਸ ਮੌਕੇ ਬਲਾਕ ਆਗੂ ਰਾਮ ਸਰਨ ਸਿੰਘ ਉਗਰਾਹਾਂ, ਪਿੰਡ ਇਕਾਈ ਪ੍ਰਧਾਨ ਨਾਇਬ ਸਿੰਘ ਚੱਠਾ ਅਤੇ ਵੱਡੀ ਗਿਣਤੀ 'ਚ ਬੀਬੀਆਂ ਸ਼ਾਮਿਲ ਸਨ।

ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਿਰ ਦੀ ਉਸਾਰੀ ਅਤੇ ਮੂਰਤੀ ਦੀ ਪਵਿੱਤਰਤਾ ਪੂਰੇ ਵਿਸ਼ਵ ਲਈ ਇੱਕ ਇਤਿਹਾਸਕ ਹੋ ਨਿਬੜੇਗੀ ਹੈ: ਡਾ: ਰਮਨ ਘਈ

ਫੋਟੋ-ਅਜਮੇਰ ਦੀਵਾਨਾ

ਹੁਸ਼ਿਆਰਪੁਰ, 21 ਜਨਵਰੀ, (ਤਰਸੇਮ ਦੀਵਾਨਾ)- ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਿਰ ਦੇ ਨਿਰਮਾਣ ਅਤੇ ਮੂਰਤੀ ਦੀ ਸਥਾਪਨਾ ਮੌਕੇ ਪੂਰੇ ਵਿਸ਼ਵ ਦੇ ਨਾਲ-ਨਾਲ ਭਾਰਤ ਵਾਸੀਆਂ ਲਈ ਇੱਕ ਸੁਨਹਿਰੀ ਕਰਜ਼ਾ ਹੈ ਇਹ ਵਿਚਾਰ ਯੂਥ ਸਿਟੀਜ਼ਨ ਕੌਂਸਲ ਦੇ ਸੂਬਾ ਪ੍ਰਧਾਨ . ਸ਼ਹਿਰ ਦੇ ਸ੍ਰੀ ਰਾਮ ਮੰਦਰ ਬੰਸੀ ਨਗਰ ਵੈਲਫੇਅਰ ਸੋਸਾਇਟੀ ਵੱਲੋਂ ਡਾ: ਰਮਨ ਘਈ ਨੇ ਮੰਦਿਰ ਮੂਰਤੀ ਦੀ ਰਸਮ ਅਦਾ ਕਰਨ ਲਈ ਕੱਢੀ ਗਈ ਪ੍ਰਭਾਤ ਫੇਰੀ ਦੌਰਾਨ ਕਹੇ ਡਾ: ਘਈ ਨੇ ਕਿਹਾ ਕਿ ਭਗਵਾਨ ਸ਼੍ਰੀ ਰਾਮ ਲਗਭਗ 500 ਸਾਲ ਬਾਅਦ ਆਪਣੇ ਗ੍ਰਹਿ ਵਿਖੇ ਪ੍ਰਵੇਸ਼ ਕਰ ਰਹੇ ਹਨ ਅਤੇ ਅੱਜ ਇਸ ਸ਼ੁਭ ਮੌਕੇ 'ਤੇ ਪੂਰਾ ਭਾਰਤ ਖੁਸ਼ੀਆਂ ਨਾਲ ਭਰਿਆ ਹੋਇਆ ਹੈ ਡਾ: ਘਈ ਨੇ ਕਿਹਾ ਕਿ ਅਯੁੱਧਿਆ ਦੇ ਨਾਲ-ਨਾਲ ਸ਼੍ਰੀ ਕ੍ਰਿਸ਼ਨ ਦੀ ਜਨਮ ਭੂਮੀ ਮਥੁਰਾ ਦਾ ਵੀ ਹਰ ਭਾਰਤੀ ਲਈ ਵਿਸ਼ੇਸ਼ ਮਹੱਤਵ ਹੈ ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਮਥੁਰਾ ਅਤੇ ਕਾਸ਼ੀ ਵਿੱਚ ਵੀ ਰਾਮ ਮੰਦਰ ਵਰਗੇ ਵਿਸ਼ਾਲ ਮੰਦਰ ਬਣਾਏ ਜਾਣਗੇ ਇਸ ਮੌਕੇ ਭਾਜਪਾ ਸਪੋਰਟਸ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਮੋਹਿਤ ਸੰਧੂ ਨੇ ਵੀ ਅਯੁੱਧਿਆ ਵਿੱਚ ਸ਼੍ਰੀ ਰਾਮ ਜੀ ਮੰਦਿਰ ਦੇ ਪਵਿੱਤਰ ਪ੍ਰਕਾਸ਼ ਪੁਰਬ ਦੀ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਇਸ ਮੌਕੇ ਸ੍ਰੀ ਰਾਮ ਦੇ ਭਜਨਾਂ ਨਾਲ ਸੰਗਤਾਂ ਨੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ ਇਸ ਸ਼ੁਭ ਮੌਕੇ 'ਤੇ ਡਾ: ਘਈ ਨੇ ਸਮੂਹ ਨਗਰ ਨਿਵਾਸੀਆਂ ਨੂੰ ਸ਼੍ਰੀ ਰਾਮ ਮੰਦਰ ਦੀ ਉਸਾਰੀ 'ਤੇ ਅੱਜ ਆਪਣੇ ਘਰਾਂ 'ਚ ਦੀਵੇ ਅਤੇ ਮਾਲਾ ਜਗਾਉਣ ਦੀ ਅਪੀਲ ਵੀ ਕੀਤੀ ? ਡਾ: ਰਮਨ ਘਈ ਨੇ ਦੱਸਿਆ ਕਿ 22 ਜਨਵਰੀ ਨੂੰ ਬੰਸੀ ਨਗਰ ਸ਼ਿਵ ਮੰਦਿਰ ਵਿਖੇ ਸ੍ਰੀ ਰਾਮ ਮੰਦਿਰ ਮੂਰਤੀ ਦੇ ਪ੍ਰਕਾਸ਼ ਪੁਰਬ ਸਬੰਧੀ ਭਜਨ ਕੀਰਤਨ ਸਜਾਇਆ ਜਾਵੇਗਾ ? ਇਸ ਮੌਕੇ ਜਗਦੀਸ਼ ਮਿਨਹਾਸ, ਕਰਮਚੰਦ, ਅਸ਼ੋਕ ਕੁਮਾਰ ਗੋਲਡੀ ਬਿੱਲਾ, ਰਾਜ ਕੁਮਾਰ, ਹਰੀਸ਼ ਬੇਦੀ, ਦੇਸ ਰਾਜ, ਮੋਹਨ ਸ਼ਰਮਾ, ਪੰਡਿਤ ਵਕੀਲ ਤਿਵਾੜੀ, ਵਿਕਰਾਂਤ ਸ਼ਰਮਾ, ਦੀਪੂ, ਗੌਰਵ, ਪ੍ਰਿੰਸ, ਬਿਮਲ, ਅਮਿਤ, ਸਿਮੀ ਕੋਹਲੀ, ਨੀਸ਼ਾ, ਸਰੋਜ, ਡਾ. ਮਾਇਆ , ਨੀਲਮ, ਰੇਨੂੰ, ਪ੍ਰਭਾ, ਚੰਚਲ, ਪੂਜਾ, ਰਾਣੀ, ਸ਼ੋਭਾ, ਭਾਰਤੀ, ਰਾਜ ਰਾਣੀ, ਕਾਂਤਾ, ਪ੍ਰੀਤ, ਅਮਨ, ਨੂਰੀ, ਸਵਿਤਾ, ਊਸ਼ਾ ਰਾਣੀ, ਪਰਵਿੰਦਰ, ਸੀਮਾ ਸ਼ਰਮਾ, ਦੀਕਸ਼ਾ ਆਦਿ ਹਾਜ਼ਰ ਸਨ।

ਸਿੱਖ ਨੈਸ਼ਨਲ ਕਾਲਜੀਏਟ ਸਕੂਲ ਨੂੰ ਸਮਾਜ ਸੇਵੀ ਸੰਤ ਰਾਮ ਵੱਲੋਂ ਵਿਦਿਆਰਥੀਆਂ ਲਈ ਹੀਟਰ ਭੇਟ

ਬੰਗਾ, 21 ਜਨਵਰੀ (ਮਨਜਿੰਦਰ ਸਿੰਘ)- ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬੰਗਾ ਲਈ ਉੱਘੇ ਸਮਾਜ ਸੇਵੀ ਸੰਤ ਰਾਮ ਵਾਸੀ ਜੀਂਦੋਵਾਲ ਵੱਲੋਂ ਨੌਂ ਹੀਟਰ ਵਿਦਿਆਰਥੀਆਂ ਲਈ ਭੇਟ ਕੀਤੇ ਗਏ ਇਸ ਮੌਕੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਇਸ ਵਡਮੁੱਲੇ ਕਾਰਜ ਲਈ ਸ੍ਰੀ ਸੰਤ ਰਾਮ ਜੀ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿੱਚ ਪੈ ਰਹੀ ਕਹਿਰ ਦੀ ਠੰਢ ਕਾਰਨ ਪ੍ਰਭਾਵਿਤ ਅਕਾਦਮਿਕ

ਮਹੌਲ ਨੂੰ ਸੁਖਾਵਾਂ ਕਰਨ ਲਈ ਸੰਤ ਰਾਮ ਜੀ ਨੇ ਨੌਂ ਹੀਟਰ ਵਿਦਿਆਰਥੀਆਂ ਦੀਆਂ ਕਲਾਸਾਂ ਲਈ ਭੇਟ ਕੀਤੇ ਜੋ ਕਿ ਤੁਰੰਤ ਕਲਾਸਾਂ ਵਿੱਚ ਲਗਵਾ ਦਿੱਤੇ ਗਏ ਹਨ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਇਹ ਵੀ ਜ਼ਿਕਰ ਕੀਤਾ ਕਿ ਸੰਤ ਰਾਮ ਜੀ ਖੇਡ ਵਿਭਾਗ ਦੇ ਖਿਡਾਰੀਆਂ ਲਈ ਖ਼ੁਰਾਕ ਸਮੱਗਰੀ (ਬਦਾਮ ਆਦਿ) ਵੀ ਸਮੇਂ-ਸਮੇਂ ਮੁਹੱਈਆ ਕਰਵਾਉਂਦੇ ਰਹਿੰਦੇ ਹਨ ਇਸ ਮੌਕੇ ਪ੍ਰੋ. ਤਜਿੰਦਰ ਸਿੰਘ (ਇੰਚਾਰਜ ਸਕੂਲ) ਅਮਨਦੀਪ ਸਿੰਘ (ਲੇਖਾਕਾਰ) ਪ੍ਰੋ. ਚਰਨਜੀਤ ਕੁਮਾਰ ਤੇ ਪ੍ਰੋ. ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

ਪਿੰਡ ਕੰਗਣਾ ਬੇਟ ਨੂੰ ਸਤਨਾਮ ਜਲਾਲਪੁਰ ਨੇ ਦਿੱਤੀ ਇੱਕ ਲੱਖ ਦੀ ਗ੍ਰਾਂਟ

ਬਲਾਚੌਰ ਕਾਠਗੜ੍ਹ, 21 ਜਨਵਰੀ (ਜਸਵਿੰਦਰ ਮਜਾਰਾ)- ਸਤਨਾਮ ਚੇਚੀ ਜਲਾਲਪੁਰ,ਚੇਅਰਮੈਨ ਜ਼ਿਲਾ ਯੋਜਨਾ ਕਮੇਟੀ ਅਤੇ ਜ਼ਿਲਾ ਪ੍ਰਧਾਨ, ਆਮ ਆਦਮੀ ਪਾਰਟੀ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਖੇਡਾਂ ਦੇ ਸਾਮਾਨ ਅਤੇ ਓਪਨ ਜਿੰਮ ਲਈ ਕੰਗਣਾ ਬੇਟ ਦੀ ਪੰਚਾਇਤ ਨੂੰ ਇੱਕ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਆਮ ਲੋਕਾਂ ਨੂੰ ਸਿਹਤਮੰਦ ਰੱਖਣ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਹੈ ਪੰਜਾਬ ਸਰਕਾਰ ਨੇ ਨਵੀਂ ਖੇਡ ਪਾਲਿਸੀ ਲਿਆਂਦੀ ਹੈ ਜਿਸ ਵਿਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰਥਕ ਕਦਮ ਚੁੱਕੇ ਜਾ ਰਹੇ ਹਨ ਅਤੇ ਖਿਡਾਰੀਆਂ ਨੂੰ ਖੇਡਾਂ ਦੀ ਤਿਆਰੀ ਕਰਨ ਲਈ ਵੀ ਮਾਲੀ ਮਦਦ ਕੀਤੀ ਜਾ ਰਹੀ ਹੈ ਇਸ ਮੌਕੇ ਤੇ ਉਹਨਾਂ ਨਾਲ ਰਜਿੰਦਰ ਲੋਹਟੀਆ, ਮੈਂਬਰ ਪਸ਼ੂ ਭਲਾਈ ਬੋਰਡ ਪੰਜਾਬ, ਰਣਬੀਰ ਸਿੰਘ ਬਲਾਕ ਪ੍ਰਧਾਨ, ਅਵਤਾਰ ਸਿੰਘ ਸਰਪੰਚ, ਭਾਗਰਾਮ ਸਾਬਕਾ ਸਰਪੰਚ, ਕੁਲਦੀਪ ਸਿੰਘ ,ਸੁੱਚਾ ਸਿੰਘ ਸੁਭਾਸ਼ ਚੰਦਰ ਬਿੱਟੂ , ਹਰਦੀਪ ਸਿੰਘ, ਸਤਪਾਲ ਸਿੰਘ,ਅਮਰੀਕ ਸਿੰਘ, ਸੁਰਿੰਦਰ ਸਿੰਘ ,ਸਤਵਿੰਦਰ ਸਿੰਘ ,ਗੁਰਪ੍ਰੀਤ ਸਿੰਘ ,ਬਲਵੀਰ ਸਿੰਘ ,ਜਸਵੀਰ ਸਿੰਘ, ਮਨਪ੍ਰੀਤ ਸਿੰਘ ,ਰਮਨਦੀਪ ਸਿੰਘ ਮੌਜੂਦ ਸਨ।

ਨਵ ਜੰਮੀਆਂ ਬੱਚੀਆਂ ਦਾ ਬਾਲ ਵਿਕਾਸ ਵਿਭਾਗ ਦੀ ਟੀਮ ਵੱਲੋਂ ਸਨਮਾਨ

ਸੰਗਰੂਰ, 21 ਜਨਵਰੀ, (ਅਵਤਾਰ ਛਾਜਲੀ, ਜਸਪਾਲ ਸਿੰਘ ਜਿੰਮੀ ਛਾਜਲੀ)- ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ 13 ਤੋਂ 20 ਜਨਵਰੀ ਤੱਕ ਧੀਆਂ ਦੀ ਲੋਹੜੀ ਨੂੰ ਸਮਰਪਿਤ ਮਨਾਏ ਜਾ ਰਹੇ ਸਪਤਾਹ ਤਹਿਤ ਸੰਗਰੂਰ ਸਰਕਲ-1 ਅਤੇ ਸਰਕਲ-2 ਦੇ ਵੱਖ-ਵੱਖ ਕੇਂਦਰਾਂ ਵਿੱਚ ਬਾਲ ਵਿਕਾਸ ਪ੍ਰਾਜੈਕਟ ਦਫ਼ਤਰ ਵੱਲੋਂ ਸਮਾਗਮ ਕਰਵਾਏ ਗਏ ਸਮਾਗਮ ਵਿੱਚ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਗੁਰਪਿੰਦਰਪਾਲ ਕੌਰ ਉਚੇਚੇ ਤੌਰ 'ਤੇ ਸ਼ਾਮਲ ਹੋਏ ਸੰਗਰੂਰ ਸਰਕਲ-1 ਦੇ ਸੁਪਰਵਾਈਜ਼ਰ ਸਾਰੂ ਰਾਣਾ ਨੇ ਦੱਸਿਆ ਕਿ ਧੀਆਂ ਦੀ ਲੋਹੜੀ ਨੂੰ ਸਮਰਪਿਤ ਹਫ਼ਤਾਵਾਰੀ ਸਮਾਗਮ ਵੱਖ-ਵੱਖ ਆਂਗਣਵਾੜੀ ਕੇਂਦਰਾਂ ਵਿੱਚ ਕਰਵਾਏ ਜਾ ਰਹੇ ਹਨ ਇਨ੍ਹਾਂ ਸਮਾਗਮਾਂ ਵਿੱਚ ਨਵਜੰਮੀਆਂ ਬੱਚੀਆਂ ਅਤੇ ਮਾਵਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਇਸ ਮੌਕੇ ਸੀਡੀਪੀਓ ਗੁਰਪਿੰਦਰਪਾਲ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਜਿੱਥੇ ਮਾਪਿਆਂ ਨੂੰ ਧੀਆਂ ਦੀ ਲੋਹੜੀ ਪ੍ਰਤੀ ਉਤਸ਼ਾਹਿਤ ਕਰਨਾ ਹੈ, ਉੱਥੇ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਅਜੋਕੇ ਸਮੇਂ ਵਿੱਚ ਧੀਆਂ ਅਤੇ ਪੁੱਤਾਂ ਵਿੱਚ ਕੋਈ ਫਰਕ ਨਹੀਂ ਹੈ ਧੀਆਂ ਹਰ ਖੇਤਰ ਵਿੱਚ ਸਫ਼ਲਤਾ ਦੇ ਝੰਡੇ ਬੁਲੰਦ ਕਰ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕਰ ਰਹੀਆਂ ਹਨ ਇਸ ਮੌਕੇ ਅਨੇਕਾਂ ਨਵਜੰਮੀਆਂ ਬੱਚੀਆਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ।

ਡੇਰਾ ਭਾਈ ਹਰਜੀ ਸਾਹਿਬ ਖੁਖਰੈਣ ਵਿਖੇ ਸਲਾਨਾ ਜੋੜ ਮੇਲੇ ਸਬੰਧੀ ਤਿਆਰੀਆਂ ਮੁਕੰਮਲ -ਸੰਤ ਬਾਬਾ ਅਮਰੀਕ ਸਿੰਘ

ਕਪੂਰਥਲਾ, 21 ਜਨਵਰੀ, (ਇੰਦਰਜੀਤ)- ਡੇਰਾ ਭਾਈ ਹਰਜੀ ਸਾਹਿਬ ਖੁਖਰੈਣ ਵਿਖੇ ਸੰਤ ਬਾਬਾ ਧਰਮ ਸਿੰਘ ਜੀ ਦੀ ਯਾਦ ਵਿੱਚ 19ਵੇ ਸਲਾਨਾ ਜੋੜ ਮੇਲੇ ਦੇ ਸੰਬੰਧ ਵਿੱਚ ਧਾਰਮਿਕ ਸਮਾਗਮ 25 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਮੁੱਖ ਸੇਵਾਦਾਰ ਸੰਤ ਬਾਬਾ ਅਮਰੀਕ ਸਿੰਘ ਨੇ ਦੱਸਿਆ ਕਿ ਜੋੜ ਮੇਲੇ ਸਬੰਧੀ ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਵੀਰਾਂ ਅਤੇ ਇਲਾਕੇ ਨਿਵਾਸੀਆਂ ਵੱਲੋਂ 23ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਸਮੇਤ ਜਪੁਜੀ ਸਾਹਿਬ, ਸ਼੍ਰੀ ਦਸਮ ਗ੍ਰੰਥ ਸਾਹਿਬ ਪਾਠ ਦੇ ਭੋਗ ਸਮੇਤ ਜਪੁ ਸਾਹਿਬ ਪਾਏ ਜਾਣਗੇ ਜਿਨ੍ਹਾਂ ਦੇ ਭੋਗ 25 ਜਨਵਰੀ ਵੀਰਵਾਰ ਸਵੇਰੇ 10 ਵਜੇ ਪਾਏ ਜਾਣਗੇ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਉਨਾਂ ਦੱਸਿਆ ਕਿ ਇਹ ਸਮਾਗਮ ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ,ਸੰਤ ਬਾਬਾ ਲੀਡਰ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਗੁਰਸਰ ਸਾਹਿਬ ਪਾਤਸ਼ਾਹੀ ਛੇਵੀਂ ਸੈਫਲਾਬਾਦ, ਸੰਤ ਬਾਬਾ ਮਹਾਤਮਾ ਮੁਨੀ ਮੁੱਖ ਸੇਵਾਦਾਰ ਡੇਰਾ ਬਾਬਾ ਚਰਨ ਦਾਸ ਉਦਾਸੀਨ ਖੈੜਾ ਬੇਟ, ਸੰਤ ਬਾਬਾ ਸ਼ਮਸ਼ੇਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਨਰਾਇਣਸਰ ਸਾਹਿਬ ਜਾਤੀਕੇ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ ਸਮਾਗਮ ਦੌਰਾਨ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬਾਨ ਗਿਆਨੀ ਰਘਵੀਰ ਸਿੰਘ, ਸਿੰਘ ਸਾਹਿਬਾਨ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਗਿਆਨੀ ਜਗਤਾਰ ਸਿੰਘ ਸਾਬਕਾ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਗਿਆਨੀ ਗੁਰਬਚਨ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬਾਨ ਬਾਬਾ ਜੋਗਾ ਸਿੰਘ ਜੀ ਮੁਖੀ ਤਰਨਾ ਦਲ ਬਾਬਾ ਬਕਾਲਾ ਸਾਹਿਬ, ਸਿੰਘ ਸਾਹਿਬਾਨ ਬਾਬਾ ਬਲਵੀਰ ਸਿੰਘ ਮੁੱਖੀ ਬੁੱਢਾ ਦਲ, ਸਿੰਘ ਸਾਹਿਬਾਨ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲੇ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਸ਼੍ਰੀ ਆਨੰਦਪੁਰ ਸਾਹਿਬ, ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲੇ, ਬਾਬਾ ਜਗਤਾਰ ਸਿੰਘ ਕਾਰਸੇਵਾ ਤਰਨਤਾਰਨ ਸਾਹਿਬ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀ ਵਾਲੇ, ਬਾਬਾ ਸਤਨਾਮ ਸਿੰਘ ਕਿਲ੍ਹਾ ਸ਼੍ਰੀ ਆਨੰਦਗੜ ਵਾਲੇ, ਬਾਬਾ ਜੈ ਸਿੰਘ ਮਹਿਮਦਵਾਲ ਆਦਿ ਪੰਥਕ ਹਸਤੀਆਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੀਆਂ ਸਮਾਗਮ ਦੌਰਾਨ ਕਥਾਵਾਚਕ ਭਾਈ ਸੁਖਦੇਵ ਸਿੰਘ ਡੱਲਾ ਸਾਹਿਬ, ਸੁਖਵਿੰਦਰ ਸਿੰਘ ਮੋਨੀ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਗੁਰਸਰ ਸਾਹਿਬ, ਭਾਈ ਰਾਜਬੀਰ ਸਿੰਘ ਖਡੂਰ ਸਾਹਿਬ, ਭਾਈ ਮੱਖਣ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਢਾਡੀ ਜੱਥਾ ਗੁਰਪ੍ਰੀਤ ਸਿੰਘ ਲਾਡਰਾਂ ਵਾਲੇ, ਢਾਡੀ ਜੱਥਾ ਪਾਰਸ ਮਨੀ, ਢਾਡੀ ਗਿਆਨੀ ਸਰੂਪ ਸਿੰਘ ਕੜਿਆਣਾ, ਕਵੀਸ਼ਰ ਗਿਆਨੀ ਗੁਰਮੁੱਖ ਸਿੰਘ ਐਮ ਏ ਆਦਿ ਜੱਥਿਆਂ ਵਲੋਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਜਾਵੇਗਾ ਬਾਬਾ ਅਮਰੀਕ ਸਿੰਘ ਜੀ ਨੇ ਦੱਸਿਆ ਕਿ ਜੋੜ ਮੇਲੇ ਸਬੰਧੀ 1 ਜਨਵਰੀ ਤੋਂ ਸ੍ਰੀ ਆਖੰਡ ਪਾਠ ਸਾਹਿਬ ਦੀ ਲੜੀ ਚੱਲ ਰਹੀ ਹੈ ਅਤੇ ਇਕ ਜਨਵਰੀ ਤੋਂ ਚਾਹ ਤੇ ਗੁਰੂ ਕੇ ਲੰਗਰ ਅਟੁੱਟ ਚੱਲ ਰਹੇ ਹਨ ਉਨਾਂ ਸੰਗਤਾਂ ਨੂੰ ਵੱਧ ਚੜ੍ਹ ਕੇ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਅਤੇ ਗੁਰੂ ਘਰ ਦੀਆਂ ਇਮਾਰਤਾਂ ਦੀ ਚੱਲ ਰਹੀ ਕਾਰਸੇਵਾ ਵਾਲੇ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਉਨਾਂ ਦੱਸਿਆ ਕਿ 25 ਜਨਵਰੀ ਨੂੰ ਧਾਰਮਿਕ ਦੀਵਾਨ ਦੀ ਸਮਾਪਤੀ ਤੋਂ ਬਾਅਦ ਮੀਰੀ ਪੀਰੀ ਗਤਕਾ ਅਖਾੜਾ ਗੁਰਦੁਆਰਾ ਗੁਰਸਰ ਸਾਹਿਬ ਸੈਫਲਾਬਾਦ ਵਲੋਂ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਕਵੀਸ਼ਰੀ ਮੁਕਾਬਲੇ ਵਿੱਚ ਅਕਾਲ ਅਕੈਡਮੀ ਵਿਦਿਆਰਥੀਆਂ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ

ਸੰਗਰੂਰ, 21 ਜਨਵਰੀ, (ਅਵਤਾਰ ਛਾਜਲੀ, ਜਸਪਾਲ ਸਿੰਘ ਜਿੰਮੀ ਛਾਜਲੀ)-ਇੱਥੋਂ ਦੀ ਸ਼ਹੀਦ ਭਾਈ ਹਿੰਮਤ ਸਿੰਘ ਯਾਦਗਾਰੀ ਧਰਮਸ਼ਾਲਾ ਵਿੱਚ ਪ੍ਰਬੰਧਕ ਕਮੇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਕਵੀਸ਼ਰੀ ਮੁਕਾਬਲੇ ਕਰਵਾਏ ਗਏ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਰੂਪ ਸਿੰਘ ਜੱਗੀ ਅਤੇ ਸਟੱਡੀ ਸਰਕਲ ਦੇ ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸ਼ਨਲ ਚੀਫ ਸਕੱਤਰ, ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ ਦੀ ਅਗਵਾਈ ਹੇਠ ਹੋਏ ਇਨ੍ਹਾਂ ਮੁਕਾਬਲਿਆਂ 'ਚ ਅਕਾਲ ਅਕੈਡਮੀ ਚੀਮਾ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ ਕਵੀਸ਼ਰੀ ਮੁਕਾਬਲਿਆਂ ਦੇ ਜੂਨੀਅਰ ਗਰੁੱਪ ਵਿੱਚੋਂ ਦੂਸਰਾ ਸਥਾਨ ਗੁਰੂ ਤੇਗ ਬਹਾਦਰ ਸਕੂਲ ਛਾਜਲੀ ਅਤੇ ਅਕਾਲ ਅਕੈਡਮੀ ਫਤਿਹਗੜ੍ਹ ਛੰਨਾ ਨੇ ਤੀਸਰਾ ਸਥਾਨ ਹਾਸਲ ਕੀਤਾ ਜਦੋਂ ਕਿ ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਅਤੇ ਜੇਕੇ ਮੈਮੋਰੀਅਲ ਪਬਲਿਕ ਸਕੂਲ ਬਾਗੜੀਆਂ ਨੇ ਹੌਸਲਾ ਵਧਾਊ ਇਨਾਮ ਹਾਸਲ ਕੀਤੇ ਸੀਨੀਅਰ ਗਰੁੱਪ ਵਿੱਚੋਂ ਦੂਸਰਾ ਸਥਾਨ ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਅਤੇ ਤੀਸਰਾ ਸਥਾਨ ਜੇ ਕੇ ਮੈਮੋਰੀਅਲ ਪਬਲਿਕ ਸਕੂਲ ਬਾਗੜੀਆਂ ਨੇ ਹਾਸਲ ਕੀਤਾ ਜਦੋਂ ਕਿ ਅਕਾਲ ਅਕੈਡਮੀ ਫਤਿਹਗੜ੍ਹ ਛੰਨਾ ਅਤੇ ਅਕਾਲ ਅਕੈਡਮੀ ਚੀਮਾ ਸਾਹਿਬ ਨੇ ਹੌਸਲਾ ਵਧਾਊ ਇਨਾਮ ਹਾਸਲ ਕੀਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਵੇਂ ਸਾਲ ਦੀ ਪਲੇਠੀ ਸਾਹਿਤਕ ਇਕੱਤਰਤਾ

ਸਨਾਮ, 21 ਜਨਵਰੀ (ਮਨਜੀਤ ਕੌਰ ਛਾਜਲੀ)- ਸਾਹਿਤ ਸਭਾ (ਰਜਿ) ਸਨਾਮ ਊਧਮ ਸਿੰਘ ਵਾਲਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਵੇਂ ਸਾਲ ਦੀ ਪਲੇਠੀ ਸਾਹਿਤਕ ਇਕੱਤਰਤਾ ਸ਼ਹੀਦ ਊਧਮ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੀਤੀ ਗਈ ਰਮੇਸ਼ ਕੁਮਾਰ ਐਡਵੋਕੇਟ ਅਤੇ ਜਸਵੰਤ ਸਿੰਘ ਅਸਮਾਨੀ ਦੀ ਪ੍ਰਧਾਨਗੀ ਵਿੱਚ ਹੋਈ ਇਸ ਇਕੱਤਰਤਾ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਸਭਾ ਦੇ ਸਰਪ੍ਰਸਤ ਜੰਗੀਰ ਸਿੰਘ ਰਤਨ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਸ਼ਵ ਦੇ ਧਾਰਮਿਕ ਇਤਿਹਾਸ ਅੰਦਰ ਉਹ ਇਨਕਲਾਬੀ ਰਹਿਬਰ ਹਨ ਜਿਨਾਂ ਦਾ ਜੀਵਨ ਅਤੇ ਸਖਸ਼ੀਅਤ ਸਮੁੱਚੀ ਮਾਨਵਤਾ ਲਈ ਨਿਵੇਕਲੀ ਮਿਸਾਲ ਅਤੇ ਚਾਨਣ ਮੁਨਾਰਾ ਹੈ ਪੰਜਾਬੀ, ਫਾਰਸੀ ਅਤੇ ਬ੍ਰਿਜ ਭਾਸ਼ਾ ਵਿੱਚ ਗੁਰੂ ਸਾਹਿਬ ਦੀ ਸਾਹਿਤਿਕ ਦੇਣ ਵੀ ਬਹੁਤ ਮਹਾਨ ਹੈ ਜਸਵੰਤ ਸਿੰਘ ਅਸਮਾਨੀ ਨੇ ਗੁਰੂ ਗੋਬਿੰਦ ਸਿੰਘ ਤੋਂ ਅਸ਼ੀਰਵਾਦ ਪ੍ਰਾਪਤ- ਗਭਰੂ ਪੰਜਾਬ ਦੇ- ਨਾਲ ਮਾਨਮੱਤੀ ਹਾਜਰੀ ਲਗਵਾਈ ਭੋਲਾ ਸਿੰਘ ਸੰਗਰਾਮੀ ਨੇ ਗੀਤਕਾਰ ਗੋਬਿੰਦਰ ਸਿੰਘ ਮੰਗਵਾਲ ਦੇ ਲਿਖੇ ਗੀਤ- ਪਟਨੇ 'ਚ ਚੰਨ ਚੜ੍ਹਿਆ-ਨਾਲ ਮੁਬਾਰਕਬਾਦ ਸਾਂਝੀ ਕੀਤੀ ਸੁਖਦੇਵ ਸਿੰਘ ਸੰਗਤੀ ਵਾਲਾ ਨੇ ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਬਾਰੇ ਰਚਨਾ ਨਾਲ ਹਾਜ਼ਰੀ ਲਗਵਾਈ ਸੁਰਜੀਤ ਪੰਜਾਬੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕ੍ਰਾਂਤੀਕਾਰੀ ਜੀਵਨ ਬਾਰੇ ਅਤੇ ਜਗਤਾਰ ਜੱਗੇ ਵੱਲੋਂ ਰੰਗਲੇ ਪੰਜਾਬ ਦਾ ਸੁਪਨਾ ਪੇਸ਼ ਕੀਤਾ ਗਿਆ ਐਡਵੋਕੇਟ ਰਮੇਸ਼ ਕੁਮਾਰ ਅਤੇ ਹਰਮੇਲ ਸਿੰਘ ਨੇ ਨਵੇਂ ਸਾਲ 2024 ਨੂੰ ਜੀ ਆਇਆਂ ਆਖਿਆ ਗੁਰਮੀਤ ਸੁਨਾਮੀ ਨੇ ਗਣਤੰਤਰਤਾ ਦਿਵਸ ਮੌਕੇ ਵਤਨ ਲਈ ਵਫਾਦਾਰੀ ਅਤੇ ਮਿਲਖਾ ਸਿੰਘ ਸਨੇਹੀ ਨੇ ਇਨਕਲਾਬੀ ਬੰਬੀਹਾ ਬੋਲ ਸਾਂਝੇ ਕੀਤੇ ਸਟੇਜ ਸਕੱਤਰ ਦੀ ਡਿਊਟੀ ਜਸਵੰਤ ਸਿੰਘ ਅਸਮਾਨੀ ਨੇ ਨਿਭਾਈ।

ਵਰ੍ਹੇਗੰਢ ਮਨਾਈ

ਮਾਸਟਰ ਭੁਪਿੰਦਰ ਸਿੰਘ ਪਤੀ ਰਾਜ ਬਾਬਾ ਆਡਿਟ ਅਫਸਰ ਵੀ.ਪੀ.ਓ. ਝਿੰਗੜਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਵਿਆਹ ਦੀ 19ਵੀਂ ਵਰ੍ਹੇਗੰਢ ਮਨਾਈ।

ਅੰਮ੍ਰਿਤਸਰ ਕੀਰਤਨ ਕੌਂਸਲ ਵੱਲੋਂ ਆਤਮ ਰਸ ਕੀਰਤਨ ਦਰਬਾਰ 25 ਤੇ 26 ਨੂੰ

ਲੁਧਿਆਣਾ, 21 ਜਨਵਰੀ, (ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੀਤਾਪੁਰ (ਉੱਤਰ ਪ੍ਰਦੇਸ਼) ਵਿਖੇ 300 ਸਾਲਾ ਗੁਰਤਾਗੱਦੀ ਅਤੇ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਨੂੰ ਸਮਰਪਿਤ ਅੰਮ੍ਰਿਤਸਰ ਕੀਰਤਨ ਕੌਂਸਲ ਵੱਲੋਂ ਆਤਮ ਰਸ ਕੀਰਤਨ ਦਰਬਾਰ 25 ਤੇ 26 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ 25 ਜਨਵਰੀ ਦਿਨ ਵੀਰਵਾਰ ਨੂੰ ਗੁਰੂ ਨਾਨਕ ਕਲੋਨੀ ਸੀਤਾਪੁਰ ਵਿਖੇ ਰਾਤ ਨੂੰ 7 ਵਜੇ ਤੋਂ 10 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ 26 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 8 ਵਜੇ ਤੋਂ 10-30 ਵਜੇ ਤੱਕ ਅਤੇ ਰਾਤ ਨੂੰ 7 ਵਜੇ ਤੋਂ 10 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੀਤਾਪੁਰ ਵਿਖੇ ਕੀਰਤਨ ਦਰਬਾਰ ਹੋਵੇਗਾ, ਜਿਸ ਵਿੱਚ ਭਾਈ ਕੁਲਜੀਤ ਸਿੰਘ ਜੀ ਨਿਰੋਬੀ ਵਾਲੇ, ਭਾਈ ਰਾਜ ਸਿੰਘ ਜੀ ਪਦਮਪੁਰੀ ਸੀਤਾਪੁਰ, ਮਹੰਤ ਸੁਰਿੰਦਰ ਸਿੰਘ ਜੀ ਡੇਰਾ ਮਿੱਠਾ ਟਿਵਾਣਾ ਅੰਮ੍ਰਿਤਸਰ, ਭਾਈ ਜੋਤਸਰੂਪ ਸਿੰਘ ਜੀ ਹੁਸਨਪੁਰ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਦੋਨੋਂ ਦਿਨ ਸਮਾਗਮਾਂ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਡੇਰਾ ਬਾਬਾ ਚਰਨਦਾਸ ਉਦਾਸੀਨ ਖੈੜਾ ਬੇਟ ਵਿਖੇ ਸਲਾਨਾ ਸੰਤ ਸਮਾਗਮ ਦੀਆਂ ਤਿਆਰੀਆਂ ਜਾਰੀ -ਸੰਤ ਬਾਬਾ ਮਹਾਤਮਾ ਮੁਨੀ

ਕਪੂਰਥਲਾ, 21 ਜਨਵਰੀ, (ਇੰਦਰਜੀਤ)- ਡੇਰਾ ਬਾਬਾ ਚਰਨਦਾਸ ਉਦਾਸੀਨ ਖੈੜਾ ਬੇਟ ਵਿਖੇ ਸੰਤ ਬਾਬਾ ਹਰਨਾਮ ਦਾਸ, ਸੰਤ ਰਾਮ ਆਸਰੇ, ਸੰਤ ਬਾਬਾ ਸ਼ਾਂਤੀ ਦਾਸ, ਸੰਤ ਬਾਬਾ ਪ੍ਰਕਾਸ਼ ਮੁਨੀ ਦੀ ਯਾਦ ਵਿਚ ਸਮੂਹ ਨਗਰ ਨਿਵਾਸੀ, ਇਲਾਕੇ ਦੀਆਂ ਸੰਗਤਾਂ ਤੇ ਐਨ.ਆਰ.ਆਈ. ਦੇ ਸਹਿਯੋਗ ਨਾਲ ਬੜੀ ਸ਼ਰਧਾ ਉਤਸ਼ਾਹ ਨਾਲ ਸਾਲਾਨਾ ਜੋੜ ਮੇਲੇ ਦੀਆਂ ਸਬੰਧੀ ਮੁੱਖ ਸੇਵਾਦਾਰ ਡੇਰਾ ਬਾਬਾ ਚਰਨਦਾਸ ਖੈੜਾ ਬੇਟ ਮਹੰਤ ਮਹਾਤਮਾ ਮੁਨੀ ਤੇ ਮਹੰਤ ਅੰਮ੍ਰਿਤ ਮੁਨੀ ਮਾਨਸਾ ਜੀ ਨੇ ਦੱਸਿਆ ਕਿ ਪਹਿਲੀ ਲੜੀ ਦੇ 25 ਸ੍ਰੀ ਆਖੰਡ ਪਾਠ ਸਾਹਿਬ 22 ਜਨਵਰੀ ਤੋਂ ਆਰੰਭ ਹੋ ਰਹੇ ਹਨ, ਜਿਨ੍ਹਾਂ ਦੇ ਭੋਗ 24 ਜਨਵਰੀ ਨੂੰ ਪੈਣਗੇ ਇਸ ਦਿਨ ਹੀ ਦੂਸਰੀ ਲੜੀ ਦੇ 30 ਸ੍ਰੀ ਆਖੰਡ ਪਾਠ ਸਾਹਿਬ 24 ਜਨਵਰੀ ਨੂੰ ਆਰੰਭ ਕਰਵਾਏ ਜਾਣਗੇ, ਜਿਨ੍ਹਾਂ ਦੇ ਭੋਗ 26 ਜਨਵਰੀ ਦਿਨ ਸ਼ੁਕਰਵਾਰ ਨੂੰ ਪੈਣਗੇ ਅਤੇ ਇਸ ਦਿਨ ਹੀ ਤੀਸਰੀ ਲੜੀ ਦੇ 30 ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 28 ਜਨਵਰੀ ਦਿਨ ਐਤਵਾਰ ਨੂੰ ਪੈਣਗੇ, ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਾਇਆ ਜਾਵੇਗਾ ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਬੰਤਾ ਸਿੰਘ ਮੁੰਡਾ ਪਿੰਡ, ਢਾਡੀ ਸੰਤ ਸਿੰਘ ਪਾਰਸ, ਭਾਈ ਮਨਜਿੰਦਰ ਸਿੰਘ ਹਰਿਰਾਏਪੁਰ ਵਾਲੇ, ਭਾਈ ਸਰਬਜੀਤ ਸਿੰਘ ਤੇ ਭਾਈ ਸੰਦੀਪ ਸਿੰਘ ਨੂਰਪੁਰ ਵਾਲੇ, ਭਾਈ ਜਸਬੀਰ ਸਿੰਘ ਕੁਹਾਵੇ ਵਾਲੇ ਆਈ ਸੰਗਤ ਨੂੰ ਗੁਰਬਾਣੀ, ਕਥਾ ਤੇ ਬੀਰ ਰਸ ਕਵਿਤਾਵਾਂ ਸੁਣਾ ਕੇ ਨਿਹਾਲ ਕਰਨਗੇ ਉਨ੍ਹਾਂ ਦੱਸਿਆ ਕਿ ਇਸ ਮੌਕੇ ਇਲਾਕੇ ਦੇ ਸੰਤ ਮਹਾਂਪੁਰਸ਼ ਸੰਤ ਬਾਬਾ ਲੀਡਰ ਸਿੰਘ, ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ,ਬਾਬਾ ਅਮਰੀਕ ਸਿੰਘ, ਬਾਬਾ ਸ਼ਮਸ਼ੇਰ ਸਿੰਘ, ਬਾਬਾ ਜੈ ਸਿੰਘ ਮਹਿਮਦਵਾਲ ਵਾਲੇ ਤੋਂ ਇਲਾਵਾ ਮਹੰਤ ਯੋਗ ਮੁਨੀ ਕੁਹਲੇ ਵਾਲਿਆ ਤੋਂ ਇਲਾਵਾ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ, ਇਲਾਹਾਬਾਦ ਬੜੇ ਅਖਾੜੇ ਦੇ ਸੰਤ ਮਹੰਤ ਸਮਾਗਮ ਵਿਚ ਸ਼ਾਮਲ ਹੋਣਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਪਿੰਡ ਦੁਸਾਰਨਾ ਦੇ ਨੌਜਵਾਨ ਵੀਰਾਂ ਵੱਲੋਂ ਬਰੈੱਡ ਪਕੌੜੇ ਤੇ ਚਾਹ ਦਾ ਲੰਗਰ ਵਰਤਾਉਣ ਵੇਲੇ ਸੁਖਵਿੰਦਰ ਸਿੰਘ, ਦਮਨਪ੍ਰੀਤ ਸਿੰਘ, ਅਮਨਦੀਪ, ਤਲਵਿੰਦਰ, ਭਗਤ, ਬਿੱਲਾ ਪੰਨੂ ਸੇਵਾ ਕਰਨ ਸਮੇਂ। (ਫੋਟੋ ਤੇ ਵੇਰਵਾ: ਡਾ: ਰਣਜੋਧ ਸਿੰਘ ਜਿਲ੍ਹਾ ਇੰਚਾਰਜ ਮੋਹਾਲੀ)

ਨਾਮ ਸਿਮਰਨ ਅਭਿਆਸ ਸਮਾਗਮ ਕਰਵਾਇਆ ਗਿਆ

ਲੁਧਿਆਣਾ 21 ਜਨਵਰੀ (ਕਰਨੈਲ ਸਿੰਘ ਐੱਮ.ਏ.)— ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਅੱਜ ਕਰਵਾਇਆ ਗਿਆ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ' ਵਾਹਿਗੁਰੂ ਗੁਰ ਮੰਤ੍ਰ ਹੈ ਜਪੁ ਹਉਮੈ ਖੋਈ' ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ, ਖ਼ਜ਼ਾਨਚੀ ਸੁਰਜੀਤ ਸਿੰਘ

ਖੁਰਾਣਾ, ਪਲਵਿੰਦਰ ਸਿੰਘ, ਸੁਰਿੰਦਰ ਸਿੰਘ, ਰਣਜੀਤ ਸਿੰਘ , ਮਨਜੀਤ ਸਿੰਘ, ਸਵਰਨ ਸਿੰਘ ਤੇ ਸੰਗਤਾਂ ਹਾਜ਼ਰ ਸਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਅਗਲਾ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 28 ਜਨਵਰੀ ਨੂੰ ਰਾਤ 7 ਵਜੇ ਤੋਂ 8 ਵਜੇ ਤੱਕ ਹੋਵੇਗਾ ਉਹਨਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫ਼ਲ ਕਰਨ ਲਈ ਬੇਨਤੀ ਕੀਤੀ।

ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਕਾਂਗਰਸ ਦੇ ਹਰਿਆਣਾ ਸਟੇਟ ਦੇ ਕੋਆਰਡੀਨੇਟਰ ਨਿਯੁਕਤ

ਭੋਗਪੁਰ, 21 ਜਨਵਰੀ, (ਗੁਰਮੀਤ ਸਿੰਘ ਹੰਸ/ਜਸਬੀਰ ਸਿੰਘ ਸੈਣੀ)- ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡੀ ਜ਼ਿੰਮੇਵਾਰੀ ਦਿੰਦਿਆਂ ਹਰਿਆਣਾ ਦਾ ਕਾਂਗਰਸ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਪਾਰਟੀ ਹਾਈਕਮਾਡ ਨੇ ਬਹੁਤ ਘੱਟ ਸਮੇਂ ਵਿੱਚ ਦੇਸ਼ ਦੀ ਸਭ ਤੋਂ ਵੱਡੀ ਅਤੇ ਪੁਰਾਣੀ ਕਾਂਗਰਸ ਪਾਰਟੀ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਉਣ ਵਾਲੇ ਵਿਧਾਇਕ ਕੋਟਲੀ 'ਤੇ ਭਰੋਸਾ ਪ੍ਰਗਟਾਉਂਦਿਆਂ ਉਹਨਾਂ ਨੂੰ ਉਪਰੋਕਤ ਅਹਿਮ ਅਹੁਦਾ ਸੌਂਪਿਆ ਹੈ। ਇਸ ਤੋਂ ਪਹਿਲਾਂ ਉਹ ਸੂਬਾ ਕਾਂਗਰਸ ਵਿੱਚ ਸਪੈਸ਼ਲ ਸਪੋਕਸਪਰਸਨ ਅਤੇ ਪੰਜਾਬ ਐੱਸ.ਸੀ. ਵਿਭਾਗ ਵਿੱਚ ਡਿਪਟੀ ਚੇਅਰਮੈਨ ਦੇ ਅਹੁਦੇ 'ਤੇ ਵੀ ਸੇਵਾਵਾਂ ਨਿਭਾਅ ਰਹੇ ਹਨ। ਕੋਟਲੀ ਹਰਿਆਣਾ ਵਿੱਚ ਐੱਸ.ਸੀ.ਐੱਸ.ਟੀ. ਅਤੇ ਆਊਟਰੀਚ ਦਾ ਕੰਮ ਦੇਖਣਗੇ। ਉਨ੍ਹਾਂ ਆਪਣੀ ਨਿਯੁਕਤੀ ਲਈ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਅਰਜੁਨ ਖੜਗੇ, ਰਾਹੁਲ ਗਾਂਧੀ, ਦੀਪਕ ਬਾਬਰੀਆ ਰਾਸ਼ਟਰੀ ਜਨਰਲ ਸਕੱਤਰ ਅਤੇ ਇੰਚਾਰਜ ਦਿੱਲੀ ਅਤੇ ਹਰਿਆਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਸੁਖਵਿੰਦਰ ਕੋਟਲੀ ਨੇ ਕਿਹਾ ਕਿ ਕਾਂਗਰਸ ਨੇ ਉਨ੍ਹਾਂ ਨੂੰ ਜੋ ਪਿਆਰ ਤੇ ਸਤਿਕਾਰ ਦਿੱਤਾ ਹੈ, ਉਸ ਨੂੰ ਉਹ ਆਪਣੀ ਰਹਿੰਦੀ ਜ਼ਿੰਦਗੀ ਤੱਕ ਕਦੇ ਨਹੀਂ ਭੁੱਲ ਸਕਣਗੇ।

ਹਲਕਾ ਤਰਨਤਾਰਨ ਦੇ ਸੀਨੀਅਰ ਆਗੂ ਸਰਪੰਚ ਸੋਨੂੰ ਦੀ ਹੋਈ ਬੇਵਕਤੀ ਮੌਤ ਤੇ ਅੰਮ੍ਰਿਤਸਰ ਤੋਂ ਐਮ ਪੀ ਗੁਰਜੀਤ ਸਿੰਘ ਔਜਲਾ ਵਿਸ਼ੇਸ਼ ਤੌਰ ਉਹਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਪੁੱਜੇ, ਉਹਨਾਂ ਨੇ ਕਿਹਾ ਕਿ ਉਹਨਾਂ ਦੀ ਹੋਈ ਬੇਵਕਤੀ ਮੌਤ ਸਾਨੂੰ ਸਭ ਨੂੰ ਗਹਿਰਾ ਸਦਮਾ ਪੁੱਜਾ, ਇਸ ਮੌਕੇ ਉਹਨਾਂ ਨੇ ਮੋਨੂੰ ਚੀਮਾਂ ਅਤੇ ਉਹਨਾਂ ਦੇ ਮਾਤਾ ਪਿਤਾ, ਪਤਨੀ, ਧੀ, ਪੁੱਤਰ ਆਦਿ ਤੋਂ ਇਲਾਵਾ ਆਏ ਸੰਮੂਹ ਸੰਗਤਾਂ ਨਾਲ ਵੀ ਦੁੱਖ ਦਾ ਪ੍ਰਗਟਾਵਾ ਕੀਤਾ। (ਫੋਟੋ ਤੇ ਵੇਰਵਾ: ਰਜਿੰਦਰ ਖੁੱਲਰ ਪਤਰਕਾਰ ਅੱਡਾ ਝਬਾਲ)